ਤਬਦੀਲੀ ਪਸੰਦ ਨੌਜਵਾਨਾਂ ਦੀ

# ਲਲਕਾਰ

ਸਤੰਬਰ 2015
ਸਾਲ 4 • ਅੰਕ 8
ਮਹੀਨਾਵਾਰ • 20 ਰੁਪਏ



# ਭਗਤ ਸਿੰਘ ਦੇ ਜਨਮ ਦਿਨ ਮੌਕੇ



ਜਨਮ : 27 ਸਤੰਬਰ, 1907
ਸ਼ਹਾਦਤ : 23 ਮਾਰਚ, 1931

ਲੋਕਾਂ ਨੂੰ ਆਪਸ 'ਚ ਲੜਨ ਤੋਂ ਰੋਕਣ ਲਈ ਜਮਾਤੀ ਚੇਤਨਾ ਦੀ ਲੋੜ ਹੈ ਗਰੀਬਾਂ ਕਿਰਤੀਆਂ ਤੇ ਕਿਸਾਨਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ ਇਸ ਲਈ ਤੁਹਾਨੂੰ ਇਹਨਾਂ ਦੇ ਹਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਤੇ ਇਨ੍ਹਾਂ ਦੇ ਹੱਥ ਤੇ ਚੜ੍ਹ ਕੇ ਕੁਛ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗ਼ਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ। ਤੁਹਾਡਾ ਭਲਾ ਇਸ ਵਿੱਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਅਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਉ ਅਤੇ ਗਵਰਨਮੈਂਟ ਦੀ ਤਾਕਤ ਨੂੰ ਆਪਣੇ ਹੱਥ ਵਿੱਚ ਲੈਣ ਦੇ ਯਤਨ ਕਰੋ। ਇਹਨਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ਼ ਨਹੀਂ ਹੋਵੇਗਾ ਕਿਸੇ ਦਿਨ ਨੂੰ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਕ ਆਜ਼ਾਦੀ ਮਿਲ ਜਾਵੇਗੀ।

ਫੇਸਬੁੱਕ 'ਤੇ ਸਾਡੇ ਨਾਲ਼ ਜੁੜੋ - https://www.facebook.com/lalkaar.mag

## 'ਲਲਕਾਰ' ਬਾਰੇ ਕੁਝ ਮਹੱਤਵਪੂਰਨ ਨੁਕਤੇ

➤ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਸਰਮਾਏਦਾਰੀ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➤ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਸਰਮਾਏਦਾਰੀ ਪ੍ਰਬੰਧ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਸਰਮਾਏਦਾਰਾ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਸਰਮਾਏ ਦੀ ਸਰਵਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

## ਇਸ ਅੰਕ 'ਚ


**ਸੰਪਾਦਕੀ**
- ਸੰਸਾਰ ਆਰਥਿਕ ਸੰਕਟ ਦਾ ਨਵਾਂ 'ਹਾਟ ਸਪਾਟ' ਚੀਨ 2

**ਸਮਾਜਕ ਮਸਲੇ**
- ਪੂਨੇ ਫਿਲਮ ਐਂਡ ਟੈਲੀਵਿਜਨ ਇੰਸੀਚਿਊਟ ਆਫ ਇੰਡੀਆ ਦੇ ਵਿਦਿਆਰਥੀਆਂ ਦਾ ਸੰਘਰਸ਼ 4
- ਛੱਤੀਸਗੜ੍ਹ ਵਿੱਚ ਇੱਕ ਹੋਰ ਸਲਵਾ ਜੁਡਮ ਬਣਾਉਣ ਦੀ ਤਿਆਰੀ 6
- ਭਾਰਤ ਵਿੱਚ ਸਿੱਖਿਆ ਦਾ ਮੌਜੂਦਾ ਸੰਕਟ 8
- ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੀ ਇੱਕ ਅਹਿਮ ਚੁਣੌਤੀ 12
- ਨਸ਼ਿਆਂ ਦੀ ਦਲਦਲ ਵਿੱਚ ਖੁੱਭਾ ਪੰਜਾਬ 17
- ਅਮਰੀਕਾ ਨਾਲ਼ ਇਸਲਾਮਿਕ ਸਟੇਟ ਦੇ ਸਬੰਧਾਂ ਦੀ ਕਹਾਣੀ 25
- ਚੀਨ ਦੇ ਮਜ਼ਦੂਰਾਂ ਲਈ ਕੀ ਜ਼ਰੂਰੀ ? 24
- ਸਮਾਜਕ ਬੇਗਾਨਗੀ ਤੇ ਸੋਸ਼ਲ ਮੀਡੀਆ 27

**ਟਿੱਪਣੀਆਂ**
- ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ 30
- ਦੰਗਈਆਂ ਨੂੰ ਮਿਲੀ ਜ਼ੈਡ ਸੁਰੱਖਿਆ 31
- ਗੁਜਰਾਤ, ਉੱਤਰ ਪ੍ਰਦੇਸ਼ ਤੇ ਹੁਣ ਬਿਹਾਰ 32

**ਵਿਸ਼ੇਸ਼ ਲੇਖ**
- ਨੌਜਵਾਨ ਦਾ ਰਾਹ 33
- ਰਾਜਸੀ ਸਿੱਖਿਆ 38

**ਫਲਸਫਾ**
- ਆਰਥਿਕ ਨਿਯਮ ਅਤੇ ਉਹਨਾਂ ਦੀ ਵਰਤੋਂ 35

**ਸਾਹਿਤ ਤੇ ਕਲਾ**
- ਬੁੱਢਾ ਚੈਂਕੋ (ਕਹਾਣੀ) 41
- ਮਾਂ-ਬੋਲੀ (ਕਵਿਤਾ) 45

**ਸਰਗਰਮੀਆਂ**
- ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲੋਂ ਰੋਸ ਮੁਜਾਹਰੇ 46
- ਲੁਧਿਆਣੇ ਵਿਖੇ ਮਜ਼ਦੂਰ ਪੰਚਾਇਤ 47
- ਪੱਖੋਵਾਲ ਵਿਖੇ ਵਿਸ਼ੇ ਵਿਚਾਰ ਗੋਸ਼ਟੀ 47



## ਤਬਦੀਲੀ ਪਸੰਦ ਨੌਜਵਾਨਾਂ ਦੀ **ਲਲਕਾਰ**

**ਮਹੀਨਾਵਾਰ • ਸਾਲ 4 • ਅੰਕ 7 • ਸਤੰਬਰ 2015 • ਕੁੱਲ ਅੰਕ 44**

**ਇੱਕ ਕਾਪੀ ਦਾ ਮੁੱਲ** - 20 ਰੁਪਏ **ਸਲਾਨਾ ਚੰਦਾ** - 240 ਰੁ. (ਡਾਕ ਰਾਹੀਂ 300 ਰੁ.)

**ਵਿਦੇਸ਼** - 50 ਡਾਲਰ (35 ਪੌਂਡ, **ਉਮਰ ਭਰ ਲਈ - 3000 ਰੁ:**



**ਸੰਪਾਦਕ** — ਲਖਵਿੰਦਰ; ਫੋਨ ਨੰ. - 9646150249

**ਪ੍ਰਬੰਧਕ** — ਗੁਰਪ੍ਰੀਤ; ਫੋਨ ਨੰ. - 9888789421

**ਸੰਪਾਦਕੀ ਦਫ਼ਤਰ** : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ - 140406.

**ਈਮੇਲ : lalkaar08@rediffmail.com**


**ਤੁਸੀਂ ਆਪਣੀ ਮੈਂਬਰਸ਼ਿਪ/ਸਹਿਯੋਗ ਰਾਸ਼ੀ ਹੇਠ ਦਿੱਤੇ ਖਾਤੇ ਵਿੱਚ ਵੀ ਜਮ੍ਹਾਂ ਕਰਵਾ ਸਕਦੇ ਹੋ। ਸਹਿਯੋਗ ਰਾਸ਼ੀ ਭੇਜਦੇ ਸਮੇਂ ਸਾਨੂੰ ਸੂਚਿਤ ਜ਼ਰੂਰ ਕਰ ਦਿਓ-**

ਲਖਵਿੰਦਰ ਸਿੰਘ, (ਪਤਾ-ਸੰਪਾਦਕੀ ਦਫ਼ਤਰ ਵਾਲ਼ਾ)
ਸਟੇਟ ਬੈਂਕ ਆਫ਼ ਪਟਿਆਲਾ, ਫਤਿਹਗੜ੍ਹ ਸਾਹਿਬ
(IFSC Code **STBP0000129)**
ਖਾਤਾ ਨੰਬਰ— 5514-000-7508

ਇੰਟਰਨੈੱਟ 'ਤੇ ਲਲਕਾਰ — **lalkaar.wordpress.com**


ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ - 140406, ਤੋਂ ਪ੍ਰਕਾਸ਼ਿਤ ਕੀਤਾ ਗਿਆ।

ਸੰਪਾਦਕੀ

# ਸੰਸਾਰ ਅਰਥਿਕ ਸੰਕਟ ਦਾ ਨਵਾਂ 'ਹਾਟ ਸਪਾਟ' : ਚੀਨ

24 ਅਗਸਤ 2015 ਨੂੰ ਸੰਸਾਰ ਸਰਮਾਏਦਾਰੀ ਦੇ ਕਾਲੇ ਸੋਮਵਾਰਾਂ 'ਚ ਇੱਕ ਨਵਾਂ ਕਾਲਾ ਸੋਮਵਾਰ ਸ਼ਾਮਲ ਹੋ ਗਿਆ ਜਦੋਂ ਚੀਨ ਦੀ ਸਟਾਕ ਮੰਡੀ ਮੂਧੇ ਮੂੰਹ ਡਿੱਗ ਪਈ। ਜਿਸ ਨਾਲ ਸੰਸਾਰ ਦੀਆਂ ਵੱਡੀਆਂ ਸਰਮਾਏਦਾਰ ਮੰਡੀਆਂ 'ਚ ਭੁਚਾਲ ਵਰਗੀ ਹਾਲਤ ਬਣ ਗਈ। ਸੰਸਾਰ ਅਰਥਚਾਰਾ 2007 ਤੋਂ ਅਮਰੀਕੀ ਸਬਪ੍ਰਾਈਮ ਸੰਕਟ ਦੇ ਸਮੇਂ ਤੋਂ ਹੀ ਬੁਰੀ ਤਰ੍ਹਾ ਸੰਕਟ ਦਾ ਸ਼ਿਕਾਰ ਹੈ, ਪਰ ਇਸਦੇ ਸੰਚਾਲਕ ਸਿਆਸਤਦਾਨ ਬੁੱਧੀਜੀਵੀ ਲਗਾਤਾਰ ਸਮੇਂ-ਸਮੇਂ 'ਤੇ ਸੰਸਾਰ ਅਰਥਚਾਰੇ ਦੇ ਸੰਕਟ ਤੋਂ ਉੱਭਰਨ ਦੇ ਦਾਅਵੇ ਕਰ ਰਹੇ ਸਨ। ਚੀਨ ਦੇ ਆਰਥਿਕ ਸੰਕਟ ਨੇ ਅਜਿਹੇ ਸਭ ਦਾਅਵੇ ਠੁੱਸ ਕਰ ਦਿੱਤੇ ਹਨ।



24 ਅਗਸਤ ਨੂੰ ਚੀਨ ਤੋਂ ਸ਼ੁਰੂ ਹੋਈ ਆਰਥਿਕ ਗਿਰਾਵਟ ਨੇ ਤੁਰੰਤ ਸੰਸਾਰ ਦੇ ਕਈ ਅਰਥਚਾਰਿਆਂ ਨੂੰ ਆਪਣੀ ਲਪੇਟ 'ਚ ਲੈ ਲਿਆ, ਚੀਨ ਦੇ 'ਸ਼ੰਘਾਈ ਕੰਪੋਜ਼ਿਟ ਇੰਡੈਕਸ' 'ਚ 8.5% ਦੀਗਿਰਾਵਟ ਆਈ, ਇਸ ਤੋਂ ਬਾਅਦ ਜਪਾਨ ਦੇ ਨਿੱਕੀ (Nikkei), ਹਾਂਗਕਾਂਗ ਦੇ 'ਹਾਂਗ ਸੇਂਗ' ਅਤੇ ਅਸਟ੍ਰੇਲੀਆ ਦੇ ਆਲ ਅਰਡੀਨੇਰੀਜ਼ 'ਚ 3% ਤੋਂ ਵਧੇਰੇ ਦੀ ਗਿਰਾਵਟ ਦਰਜ਼ ਹੋਈ। ਯੂਰਪ ਦੇ ਮੁੱਖ ਅਰਥਚਾਰਿਆਂ 'ਚ ਚਾਰ ਫੀਸਦੀ ਦੇ ਆਸ ਪਾਸ ਗਿਰਾਵਟ ਦਰਜ਼ ਹੋਈ। ਨਿਊਯਾਰਕ ਸਟਾਕ ਐਕਸਚੇਂਜ ਦਾ ਨਿਫਟੀ 5.9% ਲੁੜਕ ਗਿਆ।

ਸੋਮਵਾਰ (24 ਅਗਸਤ) ਭਾਰਤ ਦੇ ਬਜ਼ਾਰ 'ਚ ਪਿਛਲੇ ਛੇ ਸਾਲਾਂ ਦੀ ਸਭ ਤੋਂ ਵੱਡੀ ਗਿਰਾਵਟ ਦੇਖੀ ਗਈ। ਇਸ 'ਚ 5.9% ਗਿਰਾਵਟ ਆਈ। ਕੁਝ ਹੀ ਘੰਟਿਆ 'ਚ ਬੰਬੇ ਸਟਾਕ ਐਕਸਚੇਂਜ ' ਸੂਚੀ-ਬੱਧ ਕੰਪਨੀਆਂ ਦੇ 7 ਲੱਖ ਕਰੋੜ ਰੁਪਏ ਛੂ ਮੰਤਰ ਹੋ ਗਏ। ਜਦਕਿ ਅਮਰੀਕਾ 'ਚ ਇੱਕ ਟਰਿਲੀਅਨ ਡਾਲਰ ਤੋਂ ਵੀ ਵਧੇਰੇ ਦਾ ਸਰਮਾਇਆ ਡੁੱਬ ਗਿਆ।

2007 ਤੋਂ ਸ਼ੁਰੂ ਹੋਇਆ ਸੰਸਾਰ ਸਰਮਾਏਦਾਰਾ ਅਰਥਚਾਰੇ ਦਾ ਸੰਕਟ ਸੰਸਾਰ ਸਰਮਾਏਦਾਰੀ ਦੇ ਇਤਿਹਾਸ ਦਾ ਸਭ ਤੋਂ ਡੂੰਘਾ ਸੰਕਟ ਹੈ। ਸੋਮਵਾਰ ਨੂੰ ਜੋ ਕੁਝ ਚੀਨ ਵਿੱਚ ਹੋਇਆ ਉਹ ਤਾਂ ਬੱਸ ਇਸਦਾ ਅਗਲਾ ਮੁਕਾਮ ਹੀ ਹੈ। ਇਸ ਸੰਕਟ ਨੂੰ ਠੀਕ ਢੰਗ ਨਾਲ਼ ਸਮਝਣ ਲਈ ਇਸ ਦੀ ਪਿੱਠਭੂਮੀ ਅਤੇ ਇਸਦੀ ਤਹਿ ਹੇਠ ਕੰਮ ਕਰਦੇ ਕਾਰਕਾਂ ਦੀ ਪੜਤਾਲ ਜ਼ਰੂਰੀ।

ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਅਕਤੂਬਰ 1949 'ਚ ਚੀਨ 'ਚ ਨਵਜਮਹੂਰੀ ਇਨਕਲਾਬ ਨੇਪਰੇ ਚੜ੍ਹਿਆ। ਇਸ ਇਨਕਲਾਬ ਨੇ ਚੀਨ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਸਾਮਰਾਜ-ਜਗੀਰਦਾਰੀ ਦੇ ਜੂਲੇ ਤੋਂ ਮੁਕਤ ਕਰਾਇਆ। 1954 'ਚ ਚੀਨ ਸਮਾਜਵਾਦੀ ਦੌਰ ਵਿੱਚ ਦਾਖਲ ਹੋਇਆ ਅਤੇ ਲਗਾਤਾਰ ਨਿੱਜੀ ਜਾਇਦਾਦ ਦੇ ਹਰ ਰੂਪ ਦੇ ਖਾਤਮੇ ਵੱਲ ਅੱਗੇ ਵਧਿਆ। ਪੱਛੜੇ ਹੋਏ ਚੀਨ ਨੇ ਇਸ ਦੌਰ ਵਿੱਚ ਜ਼ਿੰਦਗੀ ਦੇ ਹਰ ਖੇਤਰ 'ਚ ਅਦੁੱਤੀ ਤਰੱਕੀ ਕੀਤੀ। 1976 ਤੱਕ ਚੀਨ ਵਿੱਚ ਕਾਇਮ ਰਹੇ ਸਮਾਜਵਾਦੀ ਅਰਥਚਾਰੇ ਨੇ ਕਦੇ ਆਰਥਿਕ ਸੰਕਟ ਜਿਹੀ ਕੋਈ ਚੀਜ ਨਹੀਂ ਸੀ ਦੇਖੀ। ਕਿਉਂਕਿ ਆਰਥਿਕ ਸੰਕਟ ਸਿਰਫ ਅਤੇ ਸਿਰਫ ਸਰਮਾਏਦਾਰੀ ਦਾ ਲਾਜ਼ਮੀ ਅੰਗ ਹੁੰਦੇ ਹਨ, ਇਹ ਇਸਦੇ ਵਜੂਦ ਸਮੋਏ ਕਾਰਨਾਂ ਵਜੋਂ ਵਾਪਰਦੇ ਹਨ।

1976 'ਚ ਚੀਨੀ ਇਨਕਲਾਬ ਦੇ ਰਹਿਨੁਮਾ ਕਾਮਰੇਡ ਮਾਓ-ਜੇ-ਤੁੰਗ ਦੀ ਮੌਤ ਤੋਂ ਬਾਅਦ ਇੱਕ ਰਾਜ ਪਲਟੇ ਜ਼ਰੀਏ ਡੇਂਗ ਸਿਆਓ ਪਿੰਗ ਪੰਥੀ ਸੋਧਵਾਦੀ ਚੀਨ ਦੀ ਰਾਜ ਸੱਤਾ ਤੇ ਕਾਬਜ ਹੋ ਗਏ ਅਤੇ ਚੀਨ ਨੂੰ ਸਰਮਾਏਦਾਰਾ ਰਾਹ 'ਤੇ ਪਾ ਦਿੱਤਾ। ਉਸ ਤੋਂ ਬਾਅਦ ਉੱਥੇ ਉਹ ਸਭ ਅਲਾਮਤਾਂ ਸਾਹਮਣੇ ਆਉਣ ਲੱਗੀਆਂ ਜੋ ਕਿਸੇ ਵੀ ਸਰਮਾਏਦਾਰਾ ਅਰਥਚਾਰੇ ਲਈ ਲਾਜ਼ਮੀ ਹੁੰਦੀਆਂ ਹਨ।

1976 'ਚ ਚੀਨ ਦੀ ਰਾਜਸੱਤਾ 'ਤੇ ਕਾਬਜ਼ ਹੋਏ ਡੇਂਗਪੰਥੀਆਂ ਨੇ ਚੀਨੀ ਅਰਥਚਾਰੇ ਨੂੰ ਦੇਸੀ-ਵਿਦੇਸ਼ੀ ਲੁਟੇਰਿਆਂ ਲਈ ਖੁੱਲ੍ਹੀ ਚਾਰਗਾਹ 'ਚ ਬਦਲ ਦਿੱਤਾ। ਵਾਧੂ ਪੈਦਾਵਾਰ ਅਤੇ ਵਾਧੂ ਸਰਮਾਏ ਨਾਲ ਆਫਰੇ ਸਾਮਰਾਜੀ ਦੇਸ਼ਾਂ ਦੇ ਸਰਮਾਏ ਦਾ ਵਹਿਣ ਚੀਨ ਵੱਲ ਤੇਜ਼ੀ ਨਾਲ਼ ਵਧਿਆ। ਇਸ ਨਾਲ਼ ਲਗਭਗ ਦੋ ਦਹਾਕੇ ਤੱਕ ਚੀਨ ਦੇ ਅਰਥਚਾਰੇ ਦੀ ਵਾਧਾ ਦਰ ਕਾਫੀ ਉੱਚੀ ਰਹੀ ਜਿਸ ਨਾਲ਼ ਕਈ ਘੱਟ ਅਕਲ ਅਤੇ ਸਰਮਾਏਦਾਰੀ ਦੇ ਬੁਨਿਆਦੀ ਨਿਯਮਾਂ ਤੋਂ ਅਣਜਾਣ ਬੁੱਧੀਜੀਵੀਆਂ ਦੀਆਂ ਅੱਖਾ ਟੱਡੀਆਂ ਰਹਿ ਗਈਆਂ। 1976 ਤੋਂ ਬਾਅਦ ਸਰਮਾਏਦਾਰ ਰਾਹ 'ਤੇ ਚੱਲਕੇ ਚੀਨ ਨੇ ਜੋ

ਆਰਥਿਕ ਵਾਧਾ ਦਰ ਹਾਸਿਲ ਕੀਤੀ ਇਹ ਵਾਧਾ ਦਰ ਸਮਾਜਵਾਦੀ ਚੀਨ (1949-76) ਤੋਂ ਮੂਲੋਂ ਹੀ ਭਿੰਨ ਸੀ। ਸਮਾਜਵਾਦੀ ਚੀਨ ਨੇ ਜੋ ਆਰਥਿਕ ਵਾਧਾ ਦਰ ਹਾਸਿਲ ਕੀਤੀ ਸੀ ਉਸਦੀ ਦਿਸ਼ਾ ਅੰਤਰ ਖੇਤਰੀ, ਅੰਤਰ ਵਿਅਕਤੀ, ਪਿੰਡ ਅਤੇ ਸ਼ਹਿਰ ਦੇ ਪਾੜੇ ਮੇਸਣ ਵੱਲ ਸੀ। ਸਮਾਜਵਾਦੀ ਚੀਨ ਵਿੱਚ ਬੇਰੁਜ਼ਗਾਰੀ ਦਾ ਨਾਮ-ਨਿਸ਼ਾਨ ਤੱਕ ਨਹੀਂ ਸੀ। ਸਿੱਖਿਆ, ਸਿਹਤ ਸਹੂਲਤਾਂ ਅਤੇ ਜੀਵਨ ਦੀਆਂ ਹੋਰ ਬੁਨਿਆਦੀ ਲੋੜਾਂ ਤੱਕ ਸਮਾਜਵਾਦੀ ਚੀਨ ਦੇ ਸਭ ਨਾਗਰਿਕਾਂ ਦੀ ਬਰਾਬਰ ਪਹੁੰਚ ਸੀ।

ਪਰ 1976 'ਚ ਸਰਮਾਏਦਾਰਾ ਮੁੜ ਬਹਾਲੀ ਤੋਂ ਬਾਅਦ ਚੀਨ ਵਿੱਚ ਅੰਤਰ ਵਿਅਕਤੀ, ਅੰਤਰ ਖੇਤਰੀ, ਪਿੰਡ ਅਤੇ ਸ਼ਹਿਰ ਦਰਮਿਆਨ ਪਾੜੇ ਤੇਜ਼ੀ ਨਾਲ ਵਧਣ ਲੱਗੇ। ਬੇਰੁਜ਼ਗਾਰੀ ਅਤੇ ਗੈਰ ਬਰਾਬਰੀ ਵਿਸਫੋਟਕ ਰੂਪ ਧਾਰਨ ਕਰ ਗਈ।

ਇਸ ਸਦੀ ਦੇ ਸ਼ੁਰੂ ਤੋਂ ਹੀ ਸਰਮਾਏਦਾਰਾ ਚੀਨ ਦੀ ਆਰਥਿਕ ਤਰੱਕੀ ਦਾ ਰੋਗਨ ਉੱਤਰਨਾ ਸ਼ੁਰੂ ਹੋ ਗਿਆ ਸੀ। ਇਸਦਾ ਅਰਥਚਾਰਾ ਸੰਕਟ ਦਾ ਸ਼ਿਕਾਰ ਹੋਣ ਲੱਗਾ।

ਚੀਨ ਦੀ ਆਰਥਿਕ ਵਾਧਾ ਦਰ 'ਚ ਇੱਕ ਵੱਡਾ ਸਹਾਇਕ ਕਾਰਕ ਧੜਾ-ਧੜ ਹੋ ਰਹੀ ਉਸਾਰੀ (ਮਕਾਨ ਆਦਿ) ਸੀ। ਮਕਾਨ ਇੰਨੇ ਜ਼ਿਆਦਾ ਬਣਾਏ ਗਏ ਕਿ ਉਹਨਾਂ ਲਈ ਖਰੀਦਦਾਰ ਮਿਲਣੇ ਮੁਸ਼ਕਿਲ ਹੋ ਗਏ। ਅੱਜ ਦੇ ਚੀਨ 'ਚ ਕਰੋੜਾਂ ਮਕਾਨ ਖਾਲੀ ਪਏ ਹਨ। ਮਕਾਨ ਉਸਾਰੀ ਨੇ ਚੀਨੀ ਅਰਥਚਾਰੇ ਨੂੰ ਤੇਜ਼ੀ ਬਖਸ਼ੀ ਸੀ। ਹੁਣ ਇਹ ਬੁਲਬੁਲਾ ਵੀ ਫੁੱਟ ਚੁੱਕਾ ਹੈ। ਚੀਨ ਦੀ ਬਾਕੀ ਸਨਅਤ (ਖਾਸ ਕਰ ਆਟੋ ਸੱਨਅਤ) ਇੱਕ ਦਹਾਕਾ ਪਹਿਲਾਂ ਹੀ ਵਾਧੂ ਸਮਰੱਥਾ ਨਾਲ਼ ਜੂਝ ਰਹੀ ਸੀ। ਚੀਨ ਦੇ ਹਾਕਮ ਕਰਜ਼ ਵਿਸਥਾਰ ਜ਼ਰੀਏ ਕਿਸੇ ਨਾ ਕਿਸੇ ਤਰ੍ਹਾ ਗੱਡੀ ਨੂੰ ਧੱਕਾ ਲਾਈ ਜਾ ਰਹੇ ਸਨ, ਜਿਸ ਦਾ ਨਤੀਜਾ ਪਹਿਲਾਂ (ਇਸੇ ਮਹੀਨੇ) ਚੀਨੀ ਕਰੰਸੀ ਦੀ ਗਿਰਾਵਟ ਵਿੱਚ ਨਿੱਕਲਿਆ ਅਤੇ ਹੁਣ ਸ਼ੇਅਰ ਮੰਡੀ ਦੇ ਫਿਸਫੋਟ ਗਿਰਾਵਟ 'ਚ।

ਸਰਮਾਏਦਾਰੀ ਦਾ ਆਰਥਿਕ ਸੰਕਟ ਵਾਧੂ ਪੈਦਾਵਾਰ ਦਾ ਸੰਕਟ ਹੁੰਦਾ ਹੈ। ਸੰਸਾਰ ਸਰਮਾਏਦਾਰਾ ਅਰਥਚਾਰਾ, ਇਸ ਦੇ ਸੁਨਿਹਰੀ ਯੁੱਗ (1948-1973) ਦੇ ਖਤਮ ਹੋਣ ਤੋਂ ਬਾਅਦ 1973 ਤੋਂ ਹੀ ਇਸ ਸੰਕਟ 'ਚ ਫਸਿਆ ਹੋਇਆ ਹੈ। 2007 ਤੋਂ ਇਹ ਸੰਕਟ ਵਧੇਰੇ ਵਿਕਰਾਲ ਰੂਪ ਧਾਰਨ ਕਰ ਗਿਆ। ਪਰ ਉਦੋਂ ਬਰਿਕਸ (ਬਰਾਜੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ) ਆਦਿ ਇਸ ਸੰਕਟ ਤੋਂ ਬਚੇ ਰਹੇ। ਜਿਸ ਕਾਰਨ ਸੰਕਟ ਗ੍ਰਸਤ ਸੰਸਾਰ ਸਰਮਾਏਦਾਰੀ ਨੂੰ ਥੋੜੀ ਰਾਹਤ ਵੀ ਮਿਲੀ। ਪਰ 2012 ਤੋਂ ਇਹ ਦੇਸ਼ ਵੀ ਸੰਕਟ ਦੀ ਲਪੇਟ 'ਚ ਆ ਗਏ। ਸੋਮਵਾਰ ਨੂੰ ਚੀਨ ਵਿੱਚ ਜੋ ਹੋਇਆ ਹੈ ਉਹ ਸੰਸਾਰ ਸਰਮਾਏਦਾਰੀ ਦੇ ਆਰਥਿਕ ਸੰਕਟ ਦੇ ਲਗਾਤਾਰ ਗੰਭੀਰ ਹੁੰਦੇ ਜਾਣ ਦਾ ਸੰਕੇਤ ਹੈ।

ਅੱਜ ਸੰਸਾਰ ਸਰਮਾਏਦਾਰੀ ਆਪਣੇ ਪਹਿਲੇ ਸੰਸਾਰ ਵਿਆਪੀ ਆਰਥਿਕ ਸੰਕਟ 'ਚ ਫਸੀ ਹੋਈ ਹੈ। ਇਸ ਸੰਕਟ 'ਚੋਂ ਇਸ ਦੇ ਉੱਭਰ ਸਕਣ ਦੀ ਕੋਈ ਵੀ ਸੰਭਾਵਨਾ ਨਹੀਂ ਹੈ। ਇਸ ਦਾ ਸੰਕਟ ਦਿਨੋਂ-ਦਿਨ ਗੰਭੀਰ ਹੁੰਦਾ ਜਾਵੇਗਾ। ਜੋ ਸੰਸਾਰ ਭਰ 'ਚ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਦੇ ਉਭਾਰਾਂ ਨੂੰ ਜਨਮ ਦੇਵੇਗਾ। ਚੀਨ ਤੋਂ ਪਹਿਲਾਂ ਹੀ ਇਸ ਦੇ ਸੰਕੇਤ ਮਿਲ ਰਹੇ ਹਨ।

ਸਰਮਾਏਦਾਰੀ ਆਪਣੀ ਉਮਰ ਭੋਗ ਚੁੱਕੀ ਹੈ। ਇਹ ਹੁਣ ਵਾਧੂ ਜੀਵਨ ਜੀ ਰਹੀ ਹੈ। ਸੰਸਾਰ ਦੇ ਸਾਰੇ ਸਰਮਾਏਦਾਰ ਦੇਸ਼ਾਂ ਦੀ ਮਜ਼ਦੂਰ ਜਮਾਤ ਆਪਣੇ ਹਿਰਾਵਲ ਦਸਤਿਆਂ ਦੀ ਅਗਵਾਈ 'ਚ ਮਰਨਾਊ ਸਰਮਾਏਦਾਰੀ ਨੂੰ ਇਸ ਦੀ ਕਬਰ ਵਿੱਚ ਪਹੁੰਚਾ ਦੇਵੇਗੀ। ਸਿਰਫ ਇਸ ਤਰ੍ਹਾਂ ਹੀ ਮਨੁੱਖਤਾ ਨੂੰ ਸਰਮਾਏਦਾਰੀ ਦੁਆਰਾ ਥੋਪੀਆਂ ਮੁਸੀਬਤਾਂ, ਆਰਥਿਕ ਸੰਕਟਾਂ, ਅਨਿਆਈ ਜੰਗਾ ਆਦਿ ਤੋਂ ਨਿਜ਼ਾਤ ਮਿਲੇਗੀ।

## *ਜਰੂਰੀ ਸੂਚਨਾ*

ਪਾਠਕ ਦੋਸਤੋ

ਜਿਵੇਂ ਕਿ ਤੁਸੀ ਜਾਣਦੇ ਹੀ ਹੋ ਕਿ ਇੱਕ ਲੰਬੇ ਸਮੇਂ ਤੋਂ 'ਲਲਕਾਰ' ਬਦਲਵੇਂ ਮੀਡੀਆ ਦੇ ਰੂਪ ਵਿੱਚ ਇਨਕਲਾਬੀ ਅਤੇ ਅਗਾਂਹਵਧੂ ਸੋਚ ਨੌਜਵਾਨ-ਵਿਦਿਆਰਥੀਆਂ ਅਤੇ ਅਗਾਂਹਵਧੂ ਲੋਕਾਂ ਤੱਕ 2007 ਤੋਂ ਲੈ ਕੇ ਹੁਣ ਤੱਕ ਲਗਾਤਾਰ ਪਹੁੰਚਾ ਰਿਹਾ ਹੈ। 2007 ਤੋਂ ਜਦੋ ਤੋਂ ਲਲਕਾਰ ਦਾ ਪ੍ਰਕਾਸ਼ਨ ਸ਼ੁਰੂ ਕੀਤਾ ਗਿਆ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਦੀ ਕੀਮਤ 10 ਰੁਪੇ ਹੀ ਰਹੀ। ਪਰ ਪ੍ਰਿੰਟਿਗ ਅਤੇ ਕਾਗਜ ਦੀ ਕੀਮਤ ਲਗਾਤਾਰ ਵਧਣ ਨਾਲ ਹੁਣ ਇਸ ਦਾ ਪ੍ਰਕਾਸ਼ਨ ਪੁਰਾਣੀ ਕੀਮਤ 'ਤੇ ਸੰਭਵ ਨਹੀਂ ਹੋ ਪਾ ਰਿਹਾ। ਇਸ ਲਈ ਅਸੀ ਇਸ ਦੀ ਕੀਮਤ ਮੌਜੂਦਾ ਅੰਕ ਤੋਂ 20 ਰੁਪੇ ਕਰ ਰਹੇ ਹਾਂ। ਉਮੀਦ ਹੈ ਕਿ ਪਾਠਕ ਸਾਡੇ ਇਸ ਫੈਸਲੇ ਦਾ ਸਵਾਗਤ ਕਰਨਗੇ।

**- ਸੰਪਾਦਕ**

# ਭਾਜਪਾ ਦਾ ਫਿਰਕੂ ਏਜੰਡਾ ਅਤੇ ਪੂਨੇ ਫਿਲਮ ਐਂਡ ਟੈਲੀਵਿਜਨ ਇੰਸੀਚਿਊਟ ਆਫ ਇੰਡੀਆ ਦੇ ਵਿਦਿਆਰਥੀਆਂ ਦਾ ਸੰਘਰਸ਼

• *ਰੌਸ਼ਨ*

ਜਦੋਂ ਦੀ ਭਾਜਪਾ ਸੱਤ੍ਹਾ ਵਿੱਚ ਆਈ ਹੈ ਇਸਨੇ ਆਪਣੇ ਭਗਵੇਂਕਰਨ ਦੇ ਏਜੰਡੇ ਨੂੰ ਪੂਰਾ ਕਰਨ ਲਈ ਹਰ ਹੀਲਾ ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਸਿਲੇਬਸਾਂ ਨੂੰ ਸੋਧਣਾ, ਭਾਰਤੀ ਇਤਿਹਾਸ ਖੋਜ ਪ੍ਰੀਸ਼ਦ ਉੱਤੇ ਸੁਦਰਸ਼ਨ ਰਾਓ ਸਮੇਤ ਹੋਰ ਭਾਜਪਾ ਤੇ ਰਾਸ਼ਟਰੀ ਸਵੈਸੇਵਕ ਸੰਘ ਨਾਲ ਜੁੜੇ ਵਿਦਵਾਨਾਂ ਨੂੰ ਬਿਠਾਉਣਾ, ਭਾਰਤੀ ਵਿਗਿਆਨ ਪ੍ਰੀਸ਼ਦ ਦੀ ਕਾਂਗਰਸ ਵਿੱਚ ਪੁਰਾਤਨ ਭਾਰਤ ਵਿੱਚ ਹਵਾਈ ਜਹਾਜ ਉਡਾਉਣੇ, ਹਰਿਆਣਾ, ਗੁਜਰਾਤ ਸਮੇਤ ਹੋਰਨਾਂ ਸੂਬਿਆਂ ਵਿੱਚ ਫਿਰਕੂ ਏਜੰਡਾ ਲਾਗੂ ਕਰਨ ਵਾਲੇ ਨੁਮਾਇੰਦੇ ਸਿੱਖਿਆ ਤੇ ਇਤਹਾਸ ਦੀਆਂ ਸੰਸਥਾਵਾਂ ਵਿੱਚ ਬਿਠਾਉਣੇ ਅਤੇ ਫਿਲਮਾਂ ਦੇ ਸੈਂਸਰ ਬੋਰਡ ਉੱਤੇ ਸੰਘੀਆਂ ਵੱਲੋਂ ਕਬਜਾ ਕਰਨ ਦੇ ਅਨੇਕਾਂ ਮਸਲੇ ਇਸਦੇ ਜਿਉਂਦੇ-ਜਾਗਦੇ ਸਬੂਤ ਹਨ। ਇਹਨਾਂ ਕੋਸ਼ਿਸ਼ਾਂ ਦੀ ਅਗਲੀ ਲੜੀ ਵਿੱਚ ਪੂਨੇ ਦੇ ਫਿਲਮ ਐਂਡ ਟੈਲੀਵਿਜਨ ਇੰਸੀਚਿਊਟ ਦਾ ਚੇਅਰਮੈਨ ਗਜੇਂਦਰ ਚੌਹਾਨ ਨੂੰ ਥਾਪਿਆ ਗਿਆ ਹੈ। ਗਜੇਂਦਰ ਚੌਹਾਨ ਦੀ ਇਸ ਨਿਯੁਕਤੀ ਦਾ ਉੱਥੋਂ ਦੇ ਵਿਦਿਆਰਥੀ ਵਿਰੋਧ ਕਰ ਰਹੇ ਹਨ ਤੇ ਉਸਨੂੰ ਹਟਾਏ ਜਾਣ ਦੀ ਮੰਗ ਨੂੰ ਲੈ ਕੇ 12 ਜੂਨ ਤੋਂ ਵੱਖੋ-ਵੱਖਰੇ ਰੂਪਾਂ ਵਿੱਚ ਸੰਘਰਸ਼ ਕਰ ਰਹੇ ਹਨ।

ਗਜੇਂਦਰ ਚੌਹਾਨ ਰਾਸ਼ਟਰੀ ਸਵੈਸੇਵਕ ਸੰਘ ਦੀ ਫਿਰਕੂ ਵਿਚਾਰਧਾਰਾ ਦਾ ਹਮਾਇਤੀ ਹੈ ਤੇ ਉਹ ਭਾਜਪਾ ਦੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਵੀ ਕਰਦਾ ਰਿਹਾ ਹੈ। ਇਹ ਵੀ ਜਿਕਰਯੋਗ ਹੈ ਕਿ ਗਜੇਂਦਰ ਚੌਹਾਨ ਕੋਲ ਇਸ ਅਹੁਦੇ ਨੂੰ ਚਲਾਉਣ ਦੀ ਨਾ ਕੋਈ ਅਕਾਦਮਿਕ ਯੋਗਤਾ ਹੈ, ਨਾ ਕੋਈ ਅਜਿਹਾ ਤਜਰਬਾ। ਉਸਦੀ ਕਲਾ ਜਾਂ ਕਲਾ ਸਿਧਾਂਤ ਦੇ ਖੇਤਰ ਵਿੱਚ ਕੋਈ ਵਰਨਣਯੋਗ ਪ੍ਰਾਪਤੀ ਵੀ ਨਹੀਂ ਹੈ। ਜਿਸ ਗਜੇਂਦਰ ਚੌਹਾਨ ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਕੋਲ 34 ਸਾਲ ਫਿਲਮਾਂ ਤੇ ਸੀਰੀਅਲਾਂ ਵਿੱਚ ਕੰਮ ਕਰਨ ਦਾ ਤਜਰਬਾ ਹੈ ਉਹ ਦੂਰਦਰਸ਼ਨ 'ਤੇ ਕਿਸੇ ਸਮੇਂ ਚਲਦੇ ਰਹੇ ਸੀਰੀਅਲ 'ਮਹਾਂਭਾਰਤ' ਵਿੱਚ ਯੁਧਿਸ਼ਟਰ ਦਾ ਕਿਰਦਾਰ ਨਿਭਾਉਂਦਾ ਰਿਹਾ ਹੈ। ਇਸ ਤੋਂ ਬਿਨਾਂ ਉਸਦਾ ਤਜਰਬਾ ਕੁੱਝ ਫਿਲਮਾਂ ਵਿੱਚ ਬਹੁਤ ਹੀ ਨਿੱਕੀਆਂ ਤੇ ਚਾਲੂ ਕਿਸਮ ਦੀ ਭੂਮਿਕਾ ਨਿਭਾਉਣ ਦਾ ਹੈ। ਹਾਂ, ਕੁੱਝ ਅਸ਼ਲੀਲ ਕਿਸਮ ਦੀਆਂ ਫਿਲਮਾਂ ਵਿੱਚ ਜਰੂਰ ਉਸਦਾ ਕੋਈ ਤਜਰਬੇ ਯੋਗ ਰੋਲ ਰਿਹਾ ਹੈ। ਇਸ ਤੋਂ ਬਿਨਾਂ ਉਹ ਕਈ ਤਰ੍ਹਾਂ ਦੇ ਅੰਧਵਿਸ਼ਵਾਸ ਫੈਲਾਉਣ ਵਾਲੀਆਂ ਚੀਜਾਂ ਦੀ ਟੈਲੀਮਾਰਕਿਟਿੰਗ ਕਰਦਾ ਰਿਹਾ ਹੈ। ਅਸਲ ਵਿੱਚ ਮੋਦੀ ਸਰਕਾਰ ਨੂੰ ਇਸ ਸੰਸਥਾ ਨੂੰ ਚਲਾਉਣ ਲਈ ਤਜਰਬੇਕਾਰ ਤੇ ਯੋਗ ਵਿਅਕਤੀ ਦੀ ਲੋੜ ਹੈ, ਪਰ ਇਹ ਤਜਰਬੇਕਾਰ ਤੇ ਯੋਗਤਾ ਫਿਲਮ ਤੇ ਥੀਏਟਰ ਦੇ ਪੈਮਾਨਿਆਂ ਮੁਤਾਬਕ ਨਹੀਂ ਸਗੋਂ ਸੰਘ ਦੇ ਕੱਟੜ ਹਿੰਦੂਵਾਦ ਦੇ ਪੈਮਾਨਿਆਂ ਮੁਤਾਬਕ ਹੈ ਜਿਨ੍ਹਾਂ ਉੱਤੇ ਉਹ ਖਰਾ ਉੱਤਰਦਾ ਹੈ। ਜਿਸ ਅੱਠ ਮੈਂਬਰੀ ਕਮੇਟੀ ਨੇ ਗਜੇਂਦਰ ਚੌਹਾਨ ਦੀ ਚੇਅਰਮੈਨ ਵਜੋਂ ਨਿਯੁਕਤੀ ਕੀਤੀ ਹੈ ਉਹਨਾਂ ਵਿੱਚੋਂ ਵੀ ਬਹੁਤਿਆਂ ਦਾ ਸਿੱਧਾ ਸਬੰਧ ਭਾਜਪਾ ਤੇ ਸੰਘ ਨਾਲ ਹੈ। ਇਹਨਾਂ ਵਿੱਚੋਂ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਿੱਚ ਕੰਮ ਕਰ ਚੁੱਕਿਆ ਨਰਿੰਦਰ ਪਾਠਕ ਅਤੇ ਮੋਦੀ ਬਾਰੇ ਦਸਤਾਵੇਜੀ ਫਿਲਮ ਬਣਾਉਣ ਵਾਲਾ ਤੇ ਸੰਘ ਦਾ ਚਹੇਤਾ ਅਨਾਸਾ ਘਸੀਆਸ ਵੀ ਸ਼ਾਮਲ ਹੈ।

ਗਜੇਂਦਰ ਚੌਹਾਨ ਦੀ ਇਸ ਨਿਯੁਕਤੀ ਦਾ ਵਿਰੋਧ ਕਰਕੇ ਵਿਦਿਆਰਥੀਆਂ ਨੇ ਇੱਕ ਸੁਆਗਤਯੋਗ ਕਦਮ ਚੁੱਕਿਆ ਹੈ। ਵਿਦਿਆਰਥੀਆਂ ਨੇ ਸਾਫ ਕਿਹਾ ਹੈ ਕਿ ਉਹ ਗਜੇਂਦਰ ਚੌਹਾਨ ਦਾ ਵਿਰੋਧ ਵਿਅਕਤੀ ਵਜੋਂ ਨਹੀਂ ਕਰ ਰਹੇ ਸਗੋਂ ਉਹ ਉਸ ਪੂਰੀ ਵਿਚਾਰਧਾਰਾ ਤੇ ਫਿਰਕੂ ਏਜੰਡੇ ਦਾ ਵਿਰੋਧ ਕਰ ਰਹੇ ਹਨ ਜਿਨ੍ਹਾਂ ਤਹਿਤ ਗਜੇਂਦਰ ਚੌਹਾਨ ਨੂੰ ਥਾਪਿਆ ਜਾ ਰਿਹਾ ਹੈ। ਵਿਦਿਆਰਥੀ ਇਸ ਨਿਯੁਕਤੀ ਖਿਲਾਫ ਪ੍ਰਚਾਰ ਮੁਹਿੰਮ, ਹੜਤਾਲ, ਧਰਨੇ, ਬੰਦ, ਘਿਰਾਓ ਆਦਿ ਦੇ ਰੂਪ ਵਿੱਚ ਸੰਘਰਸ਼ ਚਲਾ ਰਹੇ ਹਨ। ਦੇਸ਼ ਵਿੱਚ ਬਾਕੀ ਥਾਵਾਂ 'ਤੇ ਵੀ ਵਿਦਿਆਰਥੀਆਂ ਨੇ ਉਹਨਾਂ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ ਹੈ। ਵਿਦਿਆਰਥੀਆਂ ਤੋਂ ਬਿਨਾਂ, ਅਧਿਆਪਕਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਦੇ ਇੱਕ ਹਿੱਸੇ ਨੇ ਵੀ ਉਹਨਾਂ ਦੇ ਇਸ ਹੱਕੀ ਸੰਘਰਸ਼ ਦੀ ਹਮਾਇਤ ਕੀਤੀ ਹੈ। ਵਿਦਿਆਰਥੀਆਂ ਨੂੰ ਮਿਲਦੀ ਇਸ ਹਮਾਇਤ ਮਗਰੋਂ ਕਾਂਗਰਸ ਤੇ ਕੇਜਰੀਵਾਲ ਵਰਗਿਆਂ ਨੂੰ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਇਹਨਾਂ ਵਿਦਿਆਰਥੀਆਂ ਦੇ ਹੱਕ ਵਿੱਚ ਬਿਆਨ ਦਾਗਣ ਲਈ ਮਜਬੂਰ ਹੋਣਾ ਪਿਆ ਹੈ।

ਬੀਤੀ 17 ਅਗਸਤ (ਸੋਮਵਾਰ) ਨੂੰ ਵਿਦਿਆਰਥੀ ਆਪਣੀਆਂ ਮੰਗਾਂ ਲਈ ਇਸ ਸੰਸਥਾ ਦੇ ਡਾਇਰੈਕਟਰ ਪ੍ਰਸ਼ਾਤ ਪਥਰੇਬ

ਨਾਲ ਗੱਲਬਾਤ ਕਰਨ ਲਈ ਗਏ। ਡਾਇਰੈਕਟਰ ਨੇ ਕੋਈ ਵੀ ਗੱਲ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਵਿਦਿਆਰਥੀਆਂ ਨਾਲ ਬਦਸਲੂਕੀ ਕੀਤੀ। ਉਸਨੇ ਵਿਦਿਆਰਥੀਆਂ ਨੂੰ ਕੈਰੀਅਰ ਖਰਾਬ ਕਰਨ ਤੇ ਉਹਨਾਂ ਨੂੰ ਬਾਹਰ ਕੱਢਣ ਦੀਆਂ ਧਮਕੀਆਂ ਵੀ ਦਿੱਤੀਆਂ। ਇਸ ਮਗਰੋਂ ਵਿਦਿਆਰਥੀਆਂ ਨੇ ਸ਼ਾਂਤਮਈ ਤਰੀਕੇ ਨਾਲ ਉਸਦਾ ਘਿਰਾਓ ਕਰੀ ਰੱਖਿਆ। ਅਗਲੇ ਦਿਨ ਡਾਇਰੈਕਟਰ ਦੀ ਸ਼ਿਕਾਇਤ ਉੱਤੇ ਰਾਤ ਕਰੀਬ 1 ਵਜੇ ਸ਼ਾਂਤਮਈ ਧਰਨੇ ’ਤੇ ਬੈਠੇ ਵਿਦਿਆਰਥੀਆਂ ਉੱਤੇ ਪੁਲਿਸ ਨੇ ਹਮਲਾ ਕਰਕੇ ਉਹਨਾਂ ਵਿੱਚੋਂ 5 ਨੂੰ ਗ੍ਰਿਫਤਾਰ ਕਰ ਲਿਆ ਤੇ 15 ਤੋਂ ਵੀ ਵੱਧ ਉੱਤੇ ਝੂਠੇ ਮੁਕੱਦਮੇ ਦਰਜ ਕਰ ਲਏ। ਵਿਦਿਆਰਥੀਆਂ ਉੱਤੇ ਦੰਗੇ ਭੜਕਾਉਣ, ਗੈਰ-ਕਨੂੰਨੀ ਮੁਜਾਹਰਾ ਕਰਨ ਜਿਹੇ ਬੇਬੁਨਿਆਦੀ ਦੋਸ਼ ਮੜ੍ਹੇ ਗਏ। ਇਸ ਕਾਰਵਾਈ ਸਬੰਧੀ ਉਸਦਾ ਕਹਿਣਾ ਸੀ ਕਿ ਵਿਦਿਆਰਥੀ ਉਸਨੂੰ ਤੰਗ ਕਰ ਰਹੇ ਸਨ ਤੇ ਉਹ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ। ਪਰ ਇਸ ਗੱਲਬਾਤ ਦੇ ਜਾਰੀ ਹੋਈ ਵੀਡੀਓ ਤੋਂ ਉਸਦੇ ਝੂਠ ਸਾਫ ਫੜੇ ਜਾਂਦੇ ਹਨ। ਉਂਞ ਵੀ 72 ਦਿਨਾਂ ਤੋਂ ਆਪਣੀ ਪੜ੍ਹਾਈ ਦਾ ਨੁਕਸਾਨ ਕਰਕੇ ਜਾਇਜ ਮੰਗਾਂ ਲਈ ਧਰਨੇ-ਮੁਜਾਹਰੇ ’ਤੇ ਉੱਤਰਨ ਲਈ ਵਿਦਿਆਰਥੀਆਂ ਨੂੰ ਮਜਬੂਰ ਕਰਨਾ ਉਸਨੂੰ ਵਿਦਿਆਰਥੀਆਂ ਨੂੰ ਤੰਗ-ਪ੍ਰੇਸ਼ਾਨ ਕਰਨਾ ਨਹੀਂ ਲਗਦਾ ਤੇ ਨਾ ਹੀ ਇਸ ਸੰਸਥਾ ਨੂੰ ਫਿਰਕੂ ਵਿਚਾਰਧਾਰਾ ਵਾਲਿਆਂ ਦਾ ਅੱਡਾ ਬਣਾਉਣਾ ਉਸਨੂੰ ਅਸੁਰੱਖਿਅਤ ਲਗਦਾ ਹੈ। ਦੂਜੇ ਪਾਸੇ ਇਸ ਸੰਸਥਾ ਦੇ ਡੀਨ ਸਮੇਤ ਅਨੇਕਾਂ ਅਧਿਆਪਕਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਤੇ ਕਿਹਾ ਕਿ ਕੈਂਪਸ ਦੇ ਸੁਖਾਵੇਂ ਮਹੌਲ ਨੂੰ ਫੌਜੀ ਛਾਉਣੀ ਵਿੱਚ ਤਬਦੀਲ ਕਰਨਾ ਗਲਤ ਹੈ।

ਇਸ ਮਗਰੋਂ ਅਦਾਲਤ ਨੇ ਵੀ ਮੰਨਿਆ ਕਿ ਵਿਦਿਆਰਥੀਆਂ ਦੀ ਇਹ ਗ੍ਰਿਫਤਾਰੀ ਗਲਤ ਸੀ ਤੇ ਉਹਨਾਂ ਦਾ ਮੁਜਾਹਰਾ ਕੋਈ ਗੈਰ-ਕਨੂੰਨੀ ਨਹੀਂ ਸੀ। ਫਿਰ ਵੀ ਅਦਾਲਤ ਨੇ ਉਹਨਾਂ ਉੱਤੇ ਮੁਕੱਦਮੇ ਦਾਇਰ ਕਰਦੇ ਹੋਏ ਉਹਨਾਂ ਨੂੰ ਬਰੀ ਕਰਨ ਦੀ ਥਾਂ ਜਮਾਨਤ ’ਤੇ ਰਿਹਾਅ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਪੂਰੇ ਮੁੱਦੇ ’ਤੇ ਬੇਸ਼ਰਮੀ ਭਰੀ ਚੁੱਪ ਧਾਰ ਰੱਖੀ ਹੈ ਤੇ ਉਹ ਮੰਚ ਤੋਂ ਆਪਣੇ ਲੱਛੇਦਾਰ ਤੇ ਖੋਖਲੇ ਭਾਸ਼ਣ ਉਧੇੜਨ ਵਿੱਚ ਮਗਨ ਹੈ। ਇਸ ਪੂਰੇ ਮਾਮਲੇ ਦੀ ਜਾਂਚ ਲਈ ਕੇਂਦਰ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮਹਿਕਮੇ ਦੀ ਇੱਕ ਟੀਮ ਨਿਯੁਕਤ ਕੀਤੀ ਗਈ ਹੈ ਜੋ ਪੂਰੇ ਮਸਲੇ ਨੂੰ ਹੱਲ ਕਰੇਗੀ। ਪਰ ਹੁਣ ਤੱਕ ਦੀ ਕਾਰਗੁਜਾਰੀ ਤੇ ਬਿਆਨਾਂ ਤੋਂ ਸਾਫ ਹੈ ਕਿ ਇਹ ਟੀਮ ਵੀ ਗਜੇਂਦਰ ਚੌਹਾਨ ਦੀ ਨਿਯੁਕਤੀ ਅਤੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਤੋੜਨ ਦੇ ਹੱਕ ਵਿੱਚ ਹੀ ਹੈ।

ਇਸ ਪੂਰੇ ਮਾਮਲੇ ਤੋਂ ਸਾਫ ਹੈ ਕਿ ਮੋਦੀ ਸਰਕਾਰ ਆਪਣੇ ਫਿਰਕੂ ਫਾਸੀਵਾਦੀ ਏਜੰਡੇ ਨੂੰ ਹਰ ਹੀਲੇ ਪੂਰਾ ਕਰਨ ਲਈ ਬਜਿੱਦ ਹੈ। ਇਸਦੀ ਪੂਰਤੀ ਲਈ ਹਰ ਤਰ੍ਹਾਂ ਦੇ ਝੂਠਾਂ, ਪੁਲਿਸ ਜ਼ਬਰ ਤੇ ਕਨੂੰਨੀ, ਅਦਾਲਤੀ ਕਾਰਵਾਈਆਂ ਦਾ ਸਹਾਰਾ ਲਿਆ ਜਾਵੇਗਾ। ਮੌਜੂਦਾ ਸਰਮਾਏਦਾਰਾ ਢਾਂਚੇ ਦੀ ਜਮਹੂਰੀਅਤ ਦਾ ਬੁਰਕਾ ਲੀਰੋ-ਲੀਰ ਹੋ ਰਿਹਾ ਹੈ ਤੇ ਇਸਦੀ ਥਾਂ ਇੱਕ ਨੰਗੀ-ਚਿੱਟੀ ਤਾਨਾਸ਼ਾਹੀ ਲੈ ਰਹੀ ਹੈ। ਉਕਤ ਸੰਸਥਾ ਦੀ ਘਟਨਾ ਹੀ ਕੋਈ ਕੱਲੀਕਾਰੀ ਘਟਨਾ ਨਹੀਂ ਹੈ ਸਗੋਂ ਵਿਦਿਆਰਥੀਆਂ ਸਮੇਤ ਹਰ ਤਰ੍ਹਾਂ ਦੇ ਕਿਰਤੀ, ਮਜਦੂਰ ਤਬਕੇ ਤੇ ਆਮ ਅਬਾਦੀ ਉੱਤੇ ਇਸ ਤਰ੍ਹਾਂ ਦਾ ਕਹਿਰ ਜਾਰੀ ਹੈ। ਆਪਣੇ ਆਲੇ ਦੁਆਲੇ ਵਾਪਰਦੀਆਂ ਗਲਤ ਘਟਨਾਵਾਂ ਖਿਲਾਫ ਵਿਦਿਆਰਥੀਆਂ ਦੇ ਬੋਲਣ ਨੂੰ ਵੀ ਇੱਕ ਜੁਰਮ ਬਣਾ ਦਿੱਤਾ ਗਿਆ ਹੈ। ਸੱਚ ਉੱਤੇ ਸੰਗੀਨਾਂ ਦਾ ਪਹਿਰਾ ਲਾ ਦਿੱਤਾ ਗਿਆ ਹੈ। ਰੀਂਗਦੇ ਕੀੜਿਆਂ ਵਾਂਗ ਗੁਲਾਮੀ ਦੀ ਹਾਲਤ ਨੂੰ ਜਿਉਂਦੇ ਰਹਿਣ ਦੀ ਸ਼ਰਤ ਬਣਾਇਆ ਜਾ ਰਿਹਾ ਹੈ। ਇਸ ਪਸਤਦਿਲੀ ਦੇ ਮਹੌਲ ’ਚ ਇੱਕ ਥਾਂ ਹੁੰਦੇ ਵਿਦਿਆਰਥੀਆਂ ਦੇ ਜਬਰ ਨੂੰ ਬਾਕੀ ਸੰਸਥਾਵਾਂ ਦੇ ਬਹੁਤੇ ਵਿਦਿਆਰਥੀ ਆਪਣੀ ਵਾਰੀ ਦੀ ਉਡੀਕ ਵਿੱਚ ਚੁੱਪ-ਚਾਪ ਦੇਖਦੇ ਰਹਿੰਦੇ ਹਨ। ਇਸ ਮਹੌਲ ਨੂੰ ਦੇਖਦੇ ਹੋਏ ਸ਼ਾਇਰ ਫੈਜ ਅਹਿਮਦ ਫੈਜ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ:

*ਨਿਸਾਰ ਮੈਂ ਤੇਰੀ ਗਲੀਓਂ ਪੇ ਐ ਵਤਨ, ਕਿ ਜਹਾਂ*
*ਚਲੀ ਹੈ ਰਸਮ ਕੋਈ ਨਾ ਸਰ ਉਠਾ ਕੇ ਚਲੇ*

ਪਰ ਮਨੁੱਖਤਾ ਦੇ ਇਤਿਹਾਸ ਦਾ ਇਹ ਸਬਕ ਹੈ ਕਿ ਜਿੱਥੇ ਜ਼ੁਲਮ ਰਿਹਾ ਹੈ ਉੱਥੇ ਹਮੇਸ਼ਾ ਟਾਕਰਾ ਵੀ ਰਿਹਾ ਹੈ। ਹਰ ਤਰ੍ਹਾਂ ਦੇ ਜਬਰ, ਬੇਇਨਸਾਫੀ ਤੇ ਲੁੱਟ ਖਿਲਾਫ ਲੋਕ ਸਮੇਂ-ਸਮੇਂ ਸਿਰ ਉਠਾਉਂਦੇ ਰਹੇ ਹਨ ਤੇ ਉਸਦਾ ਮੂੰਹ ਤੋੜਵਾਂ ਜੁਆਬ ਦਿੰਦੇ ਰਹੇ ਹਨ। ਪੂਨੇ ਫਿਲਮ ਐਂਡ ਟੈਲੀਵਿਜਨ ਇੰਸੀਚਿਊਟ ਆਫ ਇੰਡੀਆ ਦੇ ਵਿਦਿਆਰਥੀਆਂ ਨੇ ਇਸੇ ਪਿਰਤ ਨੂੰ ਅੱਗੇ ਤੋਰਿਆ ਹੈ। ਪਰ ਏਨਾ ਹੀ ਕਾਫੀ ਨਹੀਂ ਹੈ। ਜਿੰਨੀ ਤੇਜੀ ਨਾਲ ਆਰਥਿਕਤਾ ਵਿੱਚ ਨਿੱਜੀਕਰਨ, ਉਦਾਰੀਕਰਨ ਰਾਹੀਂ, ਸਿਆਸਤ ਵਿੱਚ ਤਾਨਾਸ਼ਾਹੀ ਤੇ ਜਬਰ ਰਾਹੀਂ ਤੇ ਸਮਾਜਕ ਮਹੌਲ ਵਿੱਚ ਫਿਰਕੂ ਹਮਲੇ ਰਾਹੀਂ ਲੋਕਾਂ ਨੂੰ ਲੁੱਟਿਆ, ਨਪੀੜਿਆ ਜਾ ਰਿਹਾ ਹੈ ਉਹਨਾਂ ਦਾ ਟਾਕਰਾ ਵਧੇਰੇ ਵਿਆਪਕ, ਮਜਬੂਤ ਤੇ ਯੋਜਨਾਬੱਧ ਢੰਗ ਨਾਲ ਹੋਣਾ ਚਾਹੀਦਾ ਹੈ। ਇਸ ਉਦੇਸ਼ ਲਈ ਮਜਬੂਤ ਇਨਕਲਾਬੀ ਲਹਿਰ ਸਮੇਂ ਦੀ ਅਣਸਰਦੀ ਲੋੜ ਹੈ। ਇਸ ਚੁਣੌਤੀ ਨੂੰ ਕਬੂਲ ਕੇ ਇਸ ਸੰਗਰਾਮ ਵਿੱਚ ਸ਼ਾਮਲ ਹੋਣ ਤੇ ਕੁਰਬਾਨੀਆਂ ਦੇਣ ਵਾਲੀਆਂ ਦੀ ਵੀ ਘਾਟ ਨਹੀਂ ਹੈ। ਇਸ ਮਨੁੱਖਦੋਖੀ ਢਾਂਚੇ ਨੂੰ ਨਫਰਤ ਕਰਨ ਵਾਲੇ ਤੇ ਮੌਜੂਦਾ ਤਾਨਾਸ਼ਾਹੀ ਅੱਗੇ ਬਹਾਦਰੀ ਨਾਲ ਡਟਣ ਵਾਲਿਆਂ ਦੀ ਵੀ ਘਾਟ ਨਹੀਂ ਹੈ। ਅੱਜ ਦੀ ਮੁਕਾਬਲਤਨ ਚੁੱਪੀ ਕੱਲ ਦੇ ਤੂਫਾਨਾਂ ਦੇ ਆਉਣ ਦਾ ਸੰਕੇਤ ਵੀ ਦੇ ਰਹੀ ਹੈ। ਸਮਾਜ ਦੇ ਹਿੰਮਤੀ, ਇਨਸਾਫਪਸੰਦ ਤੇ ਸੰਵੇਦਨਸ਼ੀਲ ਵਿਦਿਆਰਥੀ, ਨੌਜਵਾਨ ਲਾਜਮੀ ਹੀ ਇਹਨਾਂ ਤੂਫਾਨਾਂ ਦੇ ਹਮਸਫਰ ਬਣਨ ਲਈ ਅੱਗੇ ਆਉਣਗੇ। ਇੱਕ ਵਾਰ ਫੇਰ ਫੈਜ ਦੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ:

*ਯੂੰ ਹੀ ਹਮੇਸ਼ਾ ਉਲਝਤੀ ਰਹੀ ਹੈ ਜ਼ੁਲਮ ਸੇ ਖਲਕ*
*ਨਾ ਉਨਕੀ ਰਸਮ ਨਈ ਹੈ ਨਾ ਅਪਨੀ ਰੀਤ ਨਈ ਹੈ*

— — — — — — — — — —

# 'ਵਿਕਾਸ ਸੰਘਰਸ਼ ਸਮਿਤੀ':

## ਛੱਤੀਸਗੜ੍ਹ ਵਿੱਚ ਇੱਕ ਹੋਰ ਸਲਵਾ ਜੂਡਮ ਬਣਾਉਣ ਦੀ ਤਿਆਰੀ

• *ਕੁਲਦੀਪ*

ਲੰਘੀ 5 ਮਈ ਨੂੰ ਛੱਤੀਸਗੜ੍ਹ ਦੇ ਦਾਂਤੇਵਾੜਾ ਜ਼ਿਲ੍ਹੇ ਵਿੱਚ ਮਹਿੰਦਰ ਕਰਮਾ ਦੇ ਮੁੰਡੇ ਸ਼ਵਿੰਦਰ ਕਰਮਾ ਨੇ ਸਲਵਾ ਜੂਡਮ ਦੀ ਤਰਜ 'ਤੇ 'ਵਿਕਾਸ ਸੰਘਰਸ਼ ਸਮਿਤੀ' ਨਾਮੀ ਲਹਿਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਉਸਦੇ ਅਨੁਸਾਰ ਇਹ ਲਹਿਰ ਇਸ ਇਲਾਕੇ ਵਿੱਚ ਮਾਓਵਾਦੀਆਂ ਨੂੰ ਖਦੇੜਨ ਲਈ ਖੜ੍ਹੀ ਕੀਤੀ ਗਈ ਹੈ ਜੋ ਵਿਕਾਸ ਦੇ ਵਿਰੋਧੀ ਹਨ। ਇਹ ਕੋਈ ਅਚਨਚੇਤ ਨਹੀਂ ਹੈ। ਇਸ ਲਹਿਰ ਦੀ ਸ਼ੁਰੂਆਤ ਤੋਂ 4 ਦਿਨ ਬਾਅਦ ਮੋਦੀ ਦਾ ਛੱਤੀਸ਼ਗੜ੍ਹ ਦੌਰਾ ਸੀ, ਜਿਸ ਦੌਰਾਨ ਉਸਨੇ ਵਿਕਾਸ ਦੇ ਨਾਮ ਦੀ ਦੁਹਾਈ ਦਿੰਦੇ ਹੋਏ ਕਾਰਪੋਰੇਟ ਘਰਾਣਿਆਂ ਨੂੰ ਅਮੀਰ ਕਰਨ ਦੀ ਆਪਣੀ ਪਾਰਟੀ ਦੀ ਨੀਤੀ ਨੂੰ ਅੱਗੇ ਵਧਾਉਂਦੇ ਹੋਏ ਦਾਂਤੇਵਾੜਾ ਵਿੱਚ ਇੱਕ ਇਸਪਾਤ ਪ੍ਰੋਜੈਕਟ ਸਹਿਤ ਕਈ ਹੋਰ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਸੀ। ਯਾਦ ਰਹੇ ਇਹੀ ਗੱਲਾਂ 2005 ਵਿੱਚ ਸਲਵਾ ਜੂਡਮ ਦੀ ਸ਼ੁਰੂਆਤ ਕਰਨ ਸਮੇਂ ਸ਼ਵਿੰਦਰ ਕਰਮਾ ਦੇ ਪਿਤਾ ਮਹਿੰਦਰ ਕਰਮਾ ਨੇ ਵੀ ਦੌਹਰਾਈਆਂ ਸਨ। ਉਦੋਂ ਵੀ 2005 ਵਿੱਚ ਟਾਟਾ, ਪੌਸਕੋ, ਅਸਾਰ ਵਰਗੀਆਂ ਕੰਪਨੀਆਂ ਵਿਚਾਲੇ ਵਿਕਾਸ ਯੋਜਨਾਵਾਂ ਨੂੰ ਲੈ ਕੇ ਸਮਝੌਤੇ ਹੋਏ ਸਨ। ਕਿਉਂਕਿ ਭਾਰਤ ਦੇ ਸਰਮਾਏਦਾਰਾਂ ਦੀ ਗਿਰਝ ਅੱਖ ਹੁਣ ਛੱਤੀਸਗੜ੍ਹ ਦੇ ਖਣਿਜ ਭੰਡਾਰਾਂ 'ਤੇ ਹੈ ਜਿੱਥੇ ਆਪਣੇ ਵੱਡੇ-ਵੱਡੇ ਪ੍ਰੋਜੈਕਟ ਲਾਉਣ ਲਈ ਉਹਨਾਂ ਨੂੰ ਜਮੀਨ ਦੀ ਲੋੜ ਹੈ। ਇਸੇ ਲਈ ਆਦਿਵਾਸੀਆਂ ਨੂੰ ਖਦੇੜਨ ਲਈ ਸਲਵਾ ਜੂਡਮ, ਅਪਰੇਸ਼ਨ ਗਰੀਨ ਹੰਟ, ਤੇ ਹੁਣ 'ਵਿਕਾਸ ਸੰਘਰਸ਼ ਕਮੇਟੀ' ਆਦਿ ਜੁਮਲਿਆਂ ਰਾਹੀਂ ਵਿਕਾਸ-ਵਿਕਾਸ ਦਾ ਰੌਲਾ ਪਾਉਂਦੇ ਹੋਏ ਅਸਲ ਗੱਲ ਛੁਪਾ ਲਈ ਜਾਂਦੀ ਹੈ। ਜੋ ਉਜਾੜਾ ਪਿਛਲੇ 10-12 ਸਾਲਾਂ ਦੌਰਾਨ ਛੱਤੀਸਗੜ੍ਹ ਦੇ ਦਾਂਤੇਵਾੜਾ, ਸੁਕਮਾ, ਬਸਤਰ ਆਦਿ ਜ਼ਿਲ੍ਹਿਆਂ ਵਿੱਚ ਹੋਇਆ ਹੈ ਅਤੇ ਜੋ ਜਾਨੀ ਮਾਲੀ ਨੁਕਸਾਨ ਹੋਇਆ ਹੈ, ਇਹਨਾਂ ਦਾ ਟੁਕੜਬੋਚ ਮੀਡਿਆ ਇਹ ਗੱਲ ਲੁਕਾ ਲੈਂਦਾ ਹੈ।

ਸਾਲ 2005 ਦੌਰਾਨ ਛੱਤੀਸਗੜ੍ਹ ਸਰਕਾਰ ਨੇ ਟਾਟਾ, ਅਸਾਰ ਆਦਿ ਕੰਪਨੀਆਂ ਵਿਚਾਲੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਲੈ ਕੇ ਸਮਝੌਤੇ ਹੋ ਰਹੇ ਸਨ ਅਤੇ ਉਦੋਂ ਤੋਂ ਹੀ ਛੱਤੀਸਗੜ੍ਹ ਦੇ ਆਦਿਵਾਸੀਆਂ 'ਤੇ ਮੁਸੀਬਤਾਂ ਦੇ ਪਹਾੜ ਟੁੱਟਣੇ ਸ਼ੁਰੂ ਹੋਏ ਸਨ। ਸਰਮਾਏਦਾਰਾਂ ਦੇ ਝੋਲੀਚੁਕ ਮੀਡੀਏ ਨੇ ਅਖ਼ਬਾਰਾਂ, ਟੀ.ਵੀ. ਚੈਨਲਾਂ 'ਤੇ ਵਿਕਾਸ-ਵਿਕਾਸ ਦਾ ਇੰਨਾ ਰੌਲਾ ਪਾਇਆ ਕਿ ਇਸ "ਵਿਕਾਸ" ਦੀ ਚਕਾਚੌਂਧ ਵਿੱਚ ਛੱਤੀਸਗੜ੍ਹ ਦੇ ਆਮ ਲੋਕਾਂ ਦੀਆਂ ਜ਼ਿੰਦਗੀਆਂ ਗਵਾਚਣੀਆਂ ਸ਼ੁਰੂ ਹੋਈਆਂ। ਉਸ ਸਮੇਂ ਹੀ ਸਰਕਾਰ 'ਤੇ ਆਦਿਵਾਸੀਆਂ ਵਿਚਕਾਰ ਵਿਰੋਧ ਤਿੱਖਾ ਹੋਇਆ, ਕਿਉਂਕਿ ਆਦਿਵਾਸੀ ਆਪਣਿਆਂ ਪੁਰਖਿਆਂ ਦੁਆਰਾ ਵਸਾਈਆਂ ਜਮੀਨਾਂ ਛੱਡਣ ਨੂੰ ਤਿਆਰ ਨਹੀਂ ਸਨ। ਪਰ ਭਾਰਤੀ ਸਰਮਾਏਦਾਰਾਂ ਦੀਆਂ ਉੱਥੋਂ ਦੇ ਖਣਿਜ ਭੰਡਾਰਾਂ ਉੱਪਰ ਲਾਲਾਂ ਡਿੱਗ ਰਹੀਆਂ ਸਨ ਅਤੇ ਵੱਡੇ ਮੁਨਾਫ਼ਿਆਂ ਦੀਆਂ ਗੋਂਦਾਂ ਵਿੱਚ ਉਹ ਮਸਤਾਏ ਹੋਏ ਸਨ। ਇਸੇ ਸਮੇਂ ਜਦ ਸਰਕਾਰ ਨੂੰ ਮਾਮਲਾ ਠੀਕ ਹੁੰਦਾ ਨਜ਼ਰ ਨਾ ਆਇਆ ਤਾਂ ਸਲਵਾ ਜੂਡਮ ਦਾ ਸਹਾਰਾ ਲਿਆ ਗਿਆ। ਉਸ ਸਮੇਂ ਸਲਵਾ ਜੂਡਮ ਵਰਗੇ ਸੰਦਾਂ ਨੇ ਵਿਕਾਸ ਯੋਜਨਾਵਾਂ ਲਈ ਕੰਪਨੀਆਂ ਲਈ ਜ਼ਬਰਦਸਤੀ ਜਮੀਨਾਂ ਉਗਰਾਉਣ ਲਈ ਸਰਕਾਰ ਦੀ ਮਦਦ ਕੀਤੀ। ਸਲਵਾ ਜੂਡਮ ਲਈ ਸਰਕਾਰ ਨੇ 6500 ਸਪੈਸ਼ਲ ਪੁਲਿਸ ਅਫ਼ਸਰਾਂ (ਐਸਪੀਓ) ਦੀ ਤੈਨਾਤੀ ਕੀਤੀ। ਭਾਵ ਸਲਵਾ ਜੂਡਮ ਦੇ ਤਹਿਤ ਸਰਕਾਰ ਨੇ ਉਥੋਂ ਦੇ ਸਥਾਨਕ ਲੰਪਟ ਜਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਪੈਸੇ ਦਾ ਝਾਂਸਾ ਦੇ ਕੇ ਸਪੈਸ਼ਲ ਪੁਲਿਸ ਅਫਸਰਾਂ ਦੇ ਤਹਿਤ ਭਰਤੀ ਕੀਤਾ। ਇਹਨਾਂ ਨੂੰ ਫ਼ੌਜ ਦੁਆਰਾ ਵਿਸ਼ੇਸ਼ ਸਿਖਲਾਈ ਦਿੱਤੀ ਗਈ ਅਤੇ ਇਹਨਾਂ ਨੂੰ ਹਥਿਆਰਾਂ ਨਾਲ਼ ਲੈਸ ਕੀਤਾ ਗਿਆ ਅਤੇ "ਦੇਸ਼-ਸੇਵਾ" ਦੀ "ਭਾਵਨਾ" ਉਹਨਾਂ ਵਿੱਚ ਕੁੱਟ-ਕੁੱਟ ਕੇ ਭਰਦੇ ਹੋਏ ਅਸਲ ਵਿੱਚ ਉਹਨਾਂ ਵਿੱਚ ਮਾਓਵਾਦੀਆਂ ਦੇ ਨਾਂ 'ਤੇ ਆਮ ਲੋਕਾਂ ਲਈ ਨਫਰਤ ਭਰੀ ਗਈ। ਇਸ ਤੋਂ ਬਾਅਦ ਪੁਲਿਸ ਤੇ ਫ਼ੌਜ ਨੇ ਸਲਵਾ ਜੂਡਮ ਰਾਹੀਂ ਜੋ ਕੁਝ ਕੀਤਾ ਉਸਦਾ ਬਿਆਨ ਲੂ-ਕੰਡੇ ਖੜ੍ਹੇ ਕਰ ਦਿੰਦਾ ਹੈ। ਜੋ ਵੀ ਇਸ ਜ਼ੁਲਮ ਵਿਰੁੱਧ ਅਵਾਜ਼ ਉਠਾਉਂਦਾ ਉਸ 'ਤੇ 'ਨਕਸਲਵਾਦੀ' ਹੋਣ ਦਾ ਠੱਪਾ ਜੜ ਦਿੱਤਾ ਜਾਂਦਾ ਅਤੇ ਜਾਂ ਤਾਂ ਝੂਠੇ ਮੁਕਾਬਲੇ ਵਿੱਚ ਉਸਨੂੰ ਮਾਰ ਦਿੱਤਾ ਜਾਂਦਾ ਜਾਂ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ ਜਾਂਦੇ। ਇਸਦਾ ਆਮ ਲੋਕਾਂ ਵਿੱਚ ਬਹੁਤ ਵਿਰੋਧ ਹੋਇਆ। ਪਰ ਸਰਮਾਏਦਾਰਾ ਮੀਡੀਏ ਕਿਸੇ ਵੀ ਝੂਠ ਨੂੰ ਸੱਚ 'ਚ ਬਦਲਣ ਲਈ ਸਰਮਾਏਦਾਰਾਂ ਦੀ ਸਦਾ ਮਦਦ ਕਰਦਾ ਰਿਹਾ ਹੈ। ਮੀਡੀਆ ਰਾਹੀਂ ਇਸ ਝੂਠ ਨੂੰ ਜ਼ੋਰ-ਜ਼ੋਰ ਦੀ ਉਛਾਲਿਆ ਗਿਆ ਨਕਸਲਵਾਦ ਨਾਲ਼ ਨਜਿੱਠਣ ਲਈ ਸਲਵਾ ਜੂਡਮ ਛੱਤੀਸਗੜ੍ਹ ਦੇ ਆਮ ਸਧਾਰਨ ਲੋਕਾਂ ਦੀ ਆਪ-ਮੁਹਾਰੀ ਲਹਿਰ ਹੈ। ਦੱਸਿਆ ਗਿਆ ਕਿ ਸਲਵਾ ਜੂਡਮ (ਗੋਂਡੀ ਭਾਸ਼ਾ ਵਿੱਚ ਇਸਦਾ ਮਤਲਬ ਹੈ ਸਾਂਤੀ

ਲਈ ਮੁਹਿੰਮ) ਸਥਾਨਿਕ ਲੋਕਾਂ ਨੂੰ ਨਕਸਲਵਾਦ ਦੇ ਖ਼ਤਰੇ ਤੋਂ ਜਾਣੂ ਕਰਵਾਉਣ ਅਤੇ "ਸ਼ਾਂਤੀਪੂਰਨ ਢੰਗ" ਨਾਲ਼ ਉਸ ਨਾਲ਼ ਨਿਪਟਣ ਲਈ ਇੱਕ "ਸ਼ਾਂਤੀਪੂਰਨ" ਲੋਕ-ਜਗਾਊ ਮੁਹਿੰਮ ਹੈ। ਪਰ ਇਸ ਮੁਹਿੰਮ ਨੇ ਕਿਵੇਂ ਲੋਕਾਂ ਨੂੰ "ਜਗਾਇਆ" ਅਤੇ ਇਸ ਸਾਂਤੀ ਮੁਹਿੰਮ ਨੇ ਕਿੰਨੇ ਲੋਕਾਂ ਨੂੰ ਸਦਾ ਲਈ ਸ਼ਾਂਤ ਕਰ ਦਿੱਤਾ, ਇਸਦੇ ਤਰੀਕੇ ਦੀ ਕਦੇ ਇਸ ਮੀਡੀਆ ਨੇ ਗੱਲ ਨਹੀਂ ਕੀਤੀ। ਕਿਉਂਕਿ ਸਲਵਾ ਜੁਡਮ ਆਮ ਲੋਕਾਂ ਨੂੰ ਉਹਨਾਂ ਦੀਆਂ ਜਮੀਨਾਂ ਤੋਂ ਜਬਰਦਸਤੀ ਉਠਾਉਣ ਦਾ ਇੱਕ ਸੰਦ ਸੀ। ਇਸ ਬਰਬਰ ਢੰਗ ਰਾਹੀਂ ਸਰਕਾਰ ਨੇ ਆਮ ਲੋਕਾਂ ਤੋਂ ਉਹਨਾਂ ਦੇ ਭਰਾਵਾਂ ਦਾ ਲਹੂ ਵਹਾਇਆ। ਲੋਕਾਂ ਦੇ ਘਰ ਜਲਾਏ ਗਏ, ਜੋ ਵੀ ਇਸ ਜ਼ੁਲਮ ਵਿਰੁੱਧ ਬੋਲਦਾ ਉਸਨੂੰ ਨਕਲਸਵਾਦੀ ਕਹਿਕੇ ਤਸੀਹੇ ਦਿੱਤੇ ਜਾਂਦੇ ਸਨ ਜਾਂ ਮਾਰ ਦਿੱਤਾ ਜਾਂਦਾ ਸੀ। ਪੂਰੇ ਇਲਾਕੇ ਵਿੱਚ ਸਲਵਾ ਜੁਡਮ ਦਾ ਡਰ ਤੇ ਸਹਿਮ ਫੈਲਾਇਆ ਗਿਆ। ਘਰਾਂ ਵਿੱਚ ਘੁਸ-ਘੁਸ ਕੇ ਅਫ਼ਸਰਾਂ ਨੇ ਲੋਕਾਂ ਨੂੰ ਤਸੀਹੇ ਦਿੱਤੇ, ਉਹਨਾਂ ਦੀ ਮਾਰ ਕੁੱਟ ਕੀਤੀ, ਉਹਨਾਂ ਦੇ ਘਰ ਜਲਾਏ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰ ਕੀਤੇ ਗਏ। ਮੌਤ ਦਾ ਇਹ ਨੰਗਾ ਨਾਚ ਲਗਭਗ ਚਾਰ ਸਾਲ ਚੱਲਦਾ ਰਿਹਾ। ਲੋਕਾਂ ਨੂੰ ਜ਼ਬਰਦਸਤੀ ਘਰ ਤੇ ਜਮੀਨਾਂ ਤੋਂ ਉਠਾਕੇ ਸਲਵਾ ਜੁਡਮ ਕੈਂਪਾਂ ਵਿੱਚ ਜਾਣ ਲਈ ਮਜ਼ਬੂਰ ਕੀਤਾ। ਇਹਨਾਂ ਕੈਂਪਾਂ ਵਿੱਚ ਹਾਲਤਾਂ ਬਹੁਤ ਹੀ ਭਿਅੰਕਰ ਸਨ। ਉੱਜੜ ਕੇ ਆਏ ਲੋਕਾਂ ਤੋਂ ਜਬਰਦਸਤੀ ਕੰਮ ਕਰਵਾਇਆ ਜਾਂਦਾ ਸੀ ਅਤੇ ਤਨਖ਼ਾਹ ਵੀ ਕੋਈ ਨਹੀਂ ਸੀ ਦਿੱਤੀ ਜਾਂਦੀ। ਕੈਂਪਾਂ ਵਿੱਚ ਔਰਤਾਂ ਦੇ ਬਲਾਤਕਾਰ ਆਮ ਵਰਤਾਰਾ ਸਨ। 2004 ਤੋਂ 2009 ਦੌਰਾਨ 640 ਪਿੰਡਾਂ ਦੇ ਲਗਪਗ 3,50,000 ਲੋਕਾਂ ਨੂੰ ਉਜਾੜਿਆ ਗਿਆ। ਲੱਗਭਗ ਇੱਕ ਲੱਖ ਲੋਕ ਆਪਣੇ ਪਿੰਡ ਛੱਡ ਕੇ ਆਂਢ-ਗੁਆਂਢ ਦੇ ਸੂਬਿਆਂ ਵਿੱਚ ਜਾਣ ਲਈ ਮਜਬੂਰ ਹੋਏ। ਪਰ ਜੋ ਉੱਥੇ ਰੁਕੇ ਹੋਏ ਹਨ ਉਹਨਾਂ ਲਈ ਇਹਨਾਂ ਸਰਮਾਏਦਾਰਾਂ ਤੇ ਉਹਨਾਂ ਦੇ ਟੁੱਕੜਬੋਚਾਂ ਨੇ ਜੀਵਨ ਮੌਤ ਤੋਂ ਵੀ ਭਿਅੰਕਰ ਬਣਾ ਦਿੱਤਾ ਹੈ ਅਤੇ ਅੱਜ ਵੀ ਉਹ ਉੱਥੇ ਮੌਤ ਦੇ ਪਰਛਾਵੇਂ ਹੇਠ ਜੀਵਨ ਗੁਜਾਰਨ ਲਈ ਮਜ਼ਬੂਰ ਹਨ।

ਕੁਝ ਮਨੁੱਖਤਾਵਾਦੀ ਕਾਮਿਆਂ ਅਤੇ ਜਥੇਬੰਦੀਆਂ ਦੇ ਭਾਰੀ ਵਿਰੋਧ ਅਤੇ ਦੇਸ਼ ਵਿੱਚ ਸਲਵਾ ਜੁਡਮ ਵਿਰੁੱਧ ਥਾਂ-ਥਾਂ ਹੋਏ ਪ੍ਰਦਰਸ਼ਨਾਂ ਦੇ ਦਬਾਅ ਹੇਠ ਸੁਪਰੀਮ ਕੋਰਟ ਨੂੰ ਇਸਨੂੰ ਗ਼ੈਰ-ਕਨੂੰਨੀ ਅਤੇ ਅਸੰਵਿਧਾਨਕ ਐਲਾਨਣਾ ਪਿਆ। ਪਰ ਬਾਅਦ ਵਿੱਚ ਵੀ ਸਲਵਾ ਜੁਡਮ ਬਦਲਦੇ ਰੂਪਾਂ ਵਿੱਚ ਹਾਲੇ ਵੀ ਜਾਰੀ ਹੈ। 2009 ਤੋਂ ਬਾਅਦ ਇਹ 'ਅਪ੍ਰੇਸ਼ਨ ਗਰੀਨ ਹੰਟ' ਦੇ ਨਾਂ ਨਾਲ਼ ਜਾਰੀ ਰਿਹਾ ਜਿਸਨੂੰ ਕੋਇਆ ਕਮਾਂਡੋਜ਼ ਰਾਹੀਂ ਸੰਚਾਲਿਤ ਕੀਤਾ ਗਿਆ। 'ਅਪ੍ਰੇਸ਼ਨ ਗਰੀਨ ਹੰਟ' ਵੀ ਅਸਲ ਵਿੱਚ ਇੱਕ ਹੋਰ ਸਲਵਾ ਜੁਡਮ ਹੀ ਸੀ ਪਰ ਉਸਦਾ ਨਾਮ ਬਦਲ ਦਿੱਤਾ ਗਿਆ। ਇਸਦੇ ਤਹਿਤ ਵੀ ਸਲਵਾ ਜੁਡਮ ਵਾਲ਼ੇ ਕਾਰੇ ਅਰਧ ਸੈਨਿਕ ਬਲ ਤੇ ਸਰਕਾਰ ਕਰਦੀ ਰਹੀ। ਮੀਡੀਆ ਨੇ ਨਕਸਲਵਾਦ ਦੇ "ਖ਼ਤਰੇ" ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਇਸੇ ਤੋਂ ਹੀ ਦੇਸ਼ ਨੂੰ ਸਭ ਤੋਂ ਵੱਡਾ ਖ਼ਤਰਾ ਹੋਵੇ। "ਨਕਸਵਾਦ" ਦਾ ਹਾਊਆ ਅੱਜ ਵੀ ਦੇਸ਼ ਵਿੱਚ ਖੜ੍ਹਾ ਕੀਤਾ ਹੋਇਆ ਹੈ ਪਰ ਇਸ ਜੁਮਲੇ ਹੇਠ ਅਸਲ ਵਿੱਚ ਜਮੀਨਾਂ ਤੋਂ ਜਬਰਦਸਤੀ ਬੇਦਖਲ ਕੀਤੇ ਜਾ ਰਹੇ, ਕਤਲ ਕੀਤੇ ਜਾ ਰਹੇ, ਜ਼ੁਲਮ ਦੇ ਸਤਾਏ, ਦੱਬੇ-ਕੁਚਲੇ ਲੋਕਾਂ ਅਤੇ ਬਲਾਤਕਾਰਾਂ ਦੀਆਂ ਸ਼ਿਕਾਰ ਔਰਤਾਂ ਦੇ ਹੱਕੀ ਘੋਲ਼ਾਂ ਨੂੰ ਬੜੀ ਬੇਸ਼ਰਮੀ ਨਾਲ਼ ਲੁਕਾ ਦਿੱਤਾ ਜਾਂਦਾ ਹੈ। ਇਹ 'ਨਕਸਲਵਾਦ' ਦਾ ਹਾਊਆ ਉਸੇ ਤਰ੍ਹਾਂ ਹੀ ਲੋਕਾਂ ਨੂੰ ਲੁੱਟਣ ਤੇ ਕੁੱਟਣ ਲਈ ਖੜ੍ਹਾ ਕੀਤਾ ਹੈ ਜਿਵੇਂ ਕਸ਼ਮੀਰ ਜਾਂ ਉੱਤਰ-ਪੱਛਮੀ ਰਾਜਾਂ ਵਿੱਚ ਦਹਿਸ਼ਤਗਰਦੀ ਦਾ ਜੁਮਲਾ ਉਛਾਲਿਆ ਜਾਂਦਾ ਹੈ। ਉੱਥੇ ਵੀ ਅਫਸਪਾ ਵਰਗੇ ਕਨੂੰਨ ਜਾਰੀ ਹਨ।

ਸ਼ਵਿੰਦਰ ਕਰਮਾ ਦੁਆਰਾ ਸ਼ੁਰੂ ਕੀਤਾ ਇਹ 'ਵਿਕਾਸ ਸੰਘਰਸ਼ ਸਮਿਤੀ' ਪ੍ਰੋਜੈਕਟ ਅਸਲ ਵਿੱਚ ਇਸੇ ਲਗਾਤਾਰਤਾ ਦੀ ਹੀ ਅਗਲੀ ਕੜੀ ਹੈ। ਸਲਵਾ ਜੁਡਮ ਦੇ ਇਹਨਾਂ ਸਾਰੇ ਰੂਪਾਂ ਨੂੰ ਸਰਕਾਰੀ, ਸਨਅਤਕਾਰਾਂ ਅਤੇ ਸਥਾਨਿਕ ਠੇਕੇਦਾਰਾਂ ਦੀ ਸਰਪ੍ਰਸਤੀ ਵੀ ਪ੍ਰਾਪਤ ਹੈ। ਐਵੇਂ ਨਹੀਂ ਕਿ ਦੇਸ਼ ਵਿੱਚ ਮੋਦੀ ਦੀ ਸਰਕਾਰ ਬਣਦੇ ਹੀ ਦਾਂਤੇਵਾੜਾ ਵਿੱਚ ਅਰਧ-ਸੈਨਿਕ ਬਲਾਂ ਦੀ ਸੰਖਿਆ 'ਚ 21 ਕੰਪਨੀਆਂ ਦਾ ਹੋਰ ਵਾਧਾ ਕਰ ਦਿੱਤਾ ਗਿਆ। ਸਰਕਾਰਾਂ (ਭਾਵੇਂ ਕਾਂਗਰਸ, ਬੀਜੇਪੀ ਜਾਂ ਹੋਰ ਕੋਈ ਵੀ) ਵਿਕਾਸ ਦੇ ਨਾਮ 'ਤੇ ਆਪਣੇ ਆਕਿਆਂ ਦੀ ਸੇਵਾ ਵਿੱਚ ਲੱਗੀਆਂ ਹੋਈਆਂ ਹਨ। ਜਿੰਨੇ ਵੱਡੇ ਪੱਧਰ 'ਤੇ ਆਮ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ, ਉਹਨਾਂ 'ਤੇ ਜੋ ਜ਼ੁਲਮ ਕੀਤੇ ਜਾ ਰਹੇ ਹਨ ਉਹਨਾਂ ਦੇ ਵਿਰੁੱਧ ਉੱਠਣ ਵਾਲ਼ੇ ਸੰਘਰਸ਼ਾਂ ਨੂੰ ਕੁਚਲਣ ਲਈ ਸਰਕਾਰਾਂ ਪੁਲਿਸ, ਫ਼ੌਜ, ਅਰਧ ਸੈਨਿਕ ਬਲਾਂ ਨੂੰ ਲਗਾਤਾਰ ਵਧਾ ਰਹੀਆਂ ਹਨ। ਦਾਂਤੇਵਾੜਾ ਵਿੱਚ ਵੀ ਅਰਧ ਸੈਨਿਕ ਬਲਾਂ ਦਾ ਵਾਧਾ ਇਸੇ ਲੜੀ ਤਹਿਤ ਹੋ ਰਿਹਾ ਹੈ।

ਜੋ ਵੀ ਇਸ ਜ਼ਬਰ ਦੇ ਵਿਰੁੱਧ ਬੋਲਦਾ ਹੈ ਉਸਨੂੰ ਵਿਕਾਸ ਵਿਰੋਧੀ, ਨਕਸਲੀ, ਪਾਕਿਸਤਾਨ ਦਾ ਏਜੰਟ, ਅਲਕਾਇਦਾ, ਤਾਲਿਬਾਨ ਆਦਿ ਦਾ ਬੰਦਾ ਕਹਿ ਕੇ ਕਦੋਂ ਵੀ ਚੁੱਕ ਲਿਆ ਜਾਂਦਾ ਹੈ। ਅਜੋਕੇ ਦੌਰ ਵਿੱਚ ਭਾਰਤ ਵਿੱਚ ਜਮਹੂਰੀਅਤ ਦੀ ਸਪੇਸ ਜੋ ਕਿ ਪਹਿਲਾਂ ਹੀ ਬਹੁਤ ਥੋੜ੍ਹੀ ਸੀ ਲਗਾਤਾਰ ਸੁੰਗੜਦੀ ਜਾ ਰਹੀ ਹੈ ਅਤੇ ਨੰਗੀ-ਚਿੱਟੀ ਬਰਬਰਤਾ ਲਗਾਤਾਰ ਵਧ ਰਹੀ ਹੈ। ਜਿਵੇਂ-ਜਿਵੇਂ ਹਾਕਮ ਜਮਾਤਾਂ ਦਾ ਸੰਕਟ ਵਧੇਗਾ ਇਹ ਹੋਰ ਵਧਣ ਦੀ ਸੰਭਾਵਨਾ ਹੈ।

ਜਦੋਂ ਤੋਂ ਭਾਰਤੀ ਸਰਮਾਏਦਾਰ ਜਮਾਤ ਸੱਤਾ ਵਿੱਚ ਆਈ ਹੈ ਇਸਨੇ ਆਮ ਦੇਸ਼ ਦੇ ਸਾਧਨਾਂ ਅਤੇ ਆਮ ਕਿਰਤੀ ਲੋਕਾਂ ਨੂੰ ਬੁਰੀ ਤਰ੍ਹਾਂ ਲੁੱਟਿਆ ਹੈ ਅਤੇ ਇਹ ਲੁੱਟ ਹਾਲੇ ਵੀ ਜਾਰੀ ਹੈ। ਜਦ ਇਸ ਬਰਬਰ ਲੁੱਟ ਦਾ ਕਿਸੇ ਖਿੱਤੇ ਦੇ ਲੋਕ ਵਿਰੋਧ ਕਰਦੇ ਹਨ ਤਾਂ ਉੱਥੇ ਦਹਿਸ਼ਤਵਾਦ, ਨਕਸਲਵਾਦ, ਆਦਿ ਦੇ ਨਾਂ ਉਹਨਾਂ 'ਤੇ ਪੁਲਿਸ, ਫ਼ੌਜ ਰਾਹੀਂ ਜ਼ਬਰ-ਜ਼ੁਲਮ ਹੋਇਆ ਹੈ। ਕਸ਼ਮੀਰ, ਉੱਤਰ-ਪੂਰਬੀ ਰਾਜ, ਛੱਤੀਸਗੜ੍ਹ ਇਸਦੀਆਂ ਕੁੱਝ ਉਦਾਹਰਨਾਂ ਹਨ। ਸਾਮਰਾਜੀ ਮੀਡੀਆ ਵੀ ਇਹਨਾਂ ਦੀ ਸੁਰ-ਵਿੱਚ ਸੁਰ ਮਿਲਾਉਂਦਾ ਹੋਇਆ ਸਰਮਾਏਦਾਰਾਂ ਦੀ ਇਸ ਨੀਤੀ ਦਾ ਆਮ ਲੋਕਾਂ ਵਿੱਚ ਸਹਿਮਤੀ ਬਣਾਉਣ ਲਈ ਅਨੇਕ ਤਰੀਕਿਆਂ ਨਾਲ਼ ਲਗਾਤਾਰ ਪ੍ਰਚਾਰ ਕਰਦਾ ਹੈ। ਕਿਉਂਕਿ ਮੀਡੀਆ ਸਰਮਾਏਦਾਰਾਂ ਦਾ ਇੱਕ ਸਹਿਮਤੀ ਬਣਾਉਣ

(**ਬਾਕੀ ਪੰਨਾ 11 'ਤੇ** )

# ਭਾਰਤ ਵਿੱਚ ਸਿੱਖਿਆ ਦਾ ਮੌਜੂਦਾ ਸੰਕਟ

## ਭਾਰਤ ਵਿੱਚ ਸਰਮਾਏਦਾਰੀ ਵਿਕਾਸ ਦੀਆਂ ਨੀਤੀਆਂ ਦਾ ਅਟੱਲ ਨਤੀਜਾ ਹੈ

*• ਮਾਨਵ*

*(ਲੜੀ ਜੋੜਨ ਲਈ ਦੇਖੋ ਲਲਕਾਰ- ਅਗਸਤ 2015)*

### ਨਵੀਂ ਸਿੱਖਿਆ ਨੀਤੀ - 1986

1985 ਵਿੱਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ 'ਸਿੱਖਿਆ ਦੀਆਂ ਚੁਣੌਤੀਆਂ – ਨੀਤੀ ਸੰਬੰਧੀ ਪਰਿਪੇਖ' ਨਾਂ ਤੋਂ ਦਸਤਾਵੇਜ਼ ਜਾਰੀ ਕੀਤਾ ਸੀ ਜਿਸ ਵਿੱਚ ਭਾਰਤ ਦੇ ਸਿੱਖਿਆ ਢਾਂਚੇ ਨੂੰ ਸਮੇਂ ਦਾ ਅਨੁਸਾਰੀ ਬਣਾਉਣ ਦੀ ਗੱਲ ਕੀਤੀ ਗਈ ਸੀ। ਇਸ ਦਸਤਾਵੇਜ਼ ਵਿੱਚ ਅਨੇਕਾਂ ਸਿਫਾਰਸ਼ਾਂ ਸਨ, ਜਿਹਨਾਂ ਵਿਚੋਂ ਕਾਫ਼ੀ ਸਾਰੀਆਂ ਨੂੰ ਮੰਨ ਕੇ 1986 ਦੀ ਨਵੀਂ ਸਿੱਖਿਆ ਨੀਤੀ ਬਣਾਈ ਗਈ ਸੀ। ਇਹ ਸਿੱਖਿਆ ਨੀਤੀ ਸਮੇਂ ਅਤੇ ਪ੍ਰਭਾਵ ਅਨੁਸਾਰ ਬਹੁਤ ਹੀ ਮਹੱਤਵਪੂਰਨ ਸੀ, ਕਿਉਂਜੋ ਅੱਜ ਅਸੀਂ ਸਿੱਖਿਆ ਖੇਤਰ ਵਿੱਚ ਜੋ ਕੁੱਝ ਵਾਪਰ ਰਿਹਾ ਦੇਖ ਰਹੇ ਹਾਂ, ਉਸ ਦੀਆਂ ਜੜ੍ਹਾਂ ਇਸੇ ਸਿੱਖਿਆ ਨੀਤੀ ਨਾਲ ਜਾ ਜੁੜਦੀਆਂ ਹਨ। ਇਸੇ ਲਈ ਇਸਨੂੰ ਥੋੜ੍ਹਾ ਵਿਸਤਾਰ ਵਿੱਚ ਸਮਝਣਾ ਜਰੂਰੀ ਹੈ। ਪਰ ਇਸ ਨਵੀਂ ਸਿੱਖਿਆ ਨੀਤੀ ਵੱਲ ਜਾਣ ਤੋਂ ਪਹਿਲਾਂ ਸਾਨੂੰ ਸੰਖੇਪ ਵਿੱਚ ਉਹਨਾਂ ਹਾਲਤਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਜੋ ਉਸ ਸਮੇਂ ਪੂਰੀ ਦੁਨੀਆਂ ਅਤੇ ਦੇਸ਼ ਵਿੱਚ ਮੌਜੂਦ ਸਨ ਕਿਉਂਕਿ ਪੂਰਾ ਸੰਸਾਰ ਅਰਥਚਾਰਾ ਇਸ ਸਮੇਂ ਇੱਕ ਮਹੱਤਵਪੂਰਨ ਪੜਾਅ ਵਿੱਚੋਂ ਲੰਘ ਰਿਹਾ ਸੀ।

1945-1973 ਤੱਕ ਸੰਸਾਰ ਸਰਮਾਏਦਾਰੀ ਲਈ ਆਖਰੀ ਆਰਥਕ ਤੇਜ਼ੀ ਦਾ ਦੌਰ ਸੀ । ਸੰਸਾਰੀਕਰਨ ਦੀਆਂ ਨੀਤੀਆਂ ਨੇ ਇਸਨੂੰ ਥੋੜੇ ਬਹੁਤ ਸਾਹ ਲੈਣ ਦਾ ਮੌਕਾ ਦਿੱਤਾ ਪਰ ਕੋਈ ਤੇਜ਼ੀ ਦਾ ਦੌਰ ਨਹੀਂ ਆਇਆ। 1973 ਤੋਂ ਲੈ ਕੇ ਲਗਾਤਾਰ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ ਗ੍ਰਾਫ ਹੇਠਾਂ ਹੀ ਗਿਆ ਹੈ । ਪਰ 1973 ਦੇ ਸੰਕਟ ਤੋਂ ਬਾਅਦ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਸ਼ੁਰੂ ਹੋਣ ਤੋਂ ਪਹਿਲਾਂ ਦਾ ਦੌਰ ਸੰਸਾਰ ਸਿਆਸਤ ਵਿਚ ਇੱਕ ਮਹੱਤਵਪੂਰਨ ਦੌਰ ਰਿਹਾ । ਸੰਸਾਰ ਸਰਮਾਏਦਾਰੀ ਦਾ ਸੰਕਟ ਇਹ ਸੀ ਕਿ ਵਿਕਸਤ ਮੁਲਕਾਂ ਵਿੱਚ ਸਰਮਾਏ ਦੀ ਬਹੁਤਾਤ ਨੂੰ ਹੁਣ ਕਿੱਥੇ ਨਿਵੇਸ਼ ਕੀਤਾ ਜਾਵੇ ਕਿਉਂ ਜੋ ਆਪਣੇ ਮੁਲਕਾਂ ਅੰਦਰ ਨਿਵੇਸ਼ ਦੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਸਨ। ਸੰਸਾਰ ਸਰਮਾਏਦਾਰੀ ਦਾ ਇਹ ਸੰਕਟ ਇਨਕਲਾਬੀ ਤਾਕਤਾਂ ਲਈ ਇੱਕ ਚੰਗਾ ਸੰਕੇਤ ਸੀ ਪਰ 1976 ਵਿੱਚ ਚੀਨ ਵਿੱਚ ਲੱਗੀ ਪਛਾੜ ਨਾਲ ਸੰਸਾਰ ਸਿਆਸਤ ਦੇ ਇੱਕ ਤਰਾਂ ਨਾਲ ਸਮੀਕਰਨ ਹੀ ਬਦਲ ਗਏ । ਸੋਵੀਅਤ ਯੂਨੀਅਨ ਤਾਂ ਪਹਿਲਾਂ ਹੀ ਸਰਮਾਏਦਾਰਾ ਰਾਹ ਉੱਤੇ ਚੱਲ ਰਿਹਾ ਸੀ। ਇਸ ਤਰਾਂ ਆਰਥਕ ਤੌਰ 'ਤੇ ਜਰਜਰ ਹੁੰਦਿਆਂ ਵੀ ਸੰਸਾਰ ਸਰਮਾਏਦਾਰੀ ਨੇ ਆਵਦੇ ਆਪ ਨੂੰ ਸਿਆਸੀ ਤੌਰ ਉੱਤੇ ਸੰਭਾਲ ਲਿਆ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਵੱਲ ਵਧਿਆ । ਦੂਸਰਾ, 80 'ਵਿਆਂ ਤੱਕ ਆਉਂਦੇ ਆਉਂਦੇ ਤੀਜੀ ਦੁਨੀਆਂ ਦੇ ਬਹੁਤੇ ਮੁਲਕਾਂ ਅੰਦਰ ਕੌਮੀ ਮੁਕਤੀ ਘੋਲ਼ ਖ਼ਤਮ ਹੋ ਚੁੱਕੇ ਸਨ ਅਤੇ ਇਹਨਾਂ ਮੁਲਕਾਂ ਅੰਦਰ ਬਹੁਤ ਹੀ ਕਮਜ਼ੋਰ ਸਰਮਾਏਦਾਰ ਜਮਾਤ ਸੱਤਾ ਵਿੱਚ ਆ ਚੁੱਕੀ ਸੀ ਜੋ ਕਿ ਆਰਥਕ ਤੌਰ 'ਤੇ ਸੰਸਾਰ ਸਰਮਾਏਦਾਰੀ ਉੱਤੇ ਨਿਰਭਰ ਸੀ । ਇਸ ਤਰਾਂ ਵਿਕਸਤ ਮੁਲਕਾਂ ਦੀ ਸਰਮਾਏਦਾਰੀ ਅਤੇ ਤੀਜੀ ਦੁਨੀਆਂ ਦੀ ਸਰਮਾਏਦਾਰੀ ਨੇ ਆਪ-ਆਪਣੀ ਲੋੜ ਵਿੱਚੋਂ ਇਸ ਸੰਕਟ ਤੋਂ ਨਿਜਾਤ ਪਾਉਣ ਦਾ ਰਾਹ ਸੰਸਾਰੀਕਰਨ ਦੀਆਂ ਨੀਤੀਆਂ ਵਿੱਚ ਖੋਜਿਆ ।

ਸੰਸਾਰੀਕਰਨ ਦੀਆਂ ਨੀਤੀਆਂ ਦੇ ਪ੍ਰਮੁੱਖ ਤੱਤ ਸਨ – ਨਿੱਜੀਕਰਨ, ਉਦਾਰੀਕਰਨ, ਸੰਸਾਰ ਸਰਮਾਏ ਦੇ ਵਹਾਅ ਉੱਤੋਂ ਰੋਕਾਂ ਹਟਾਉਣੀਆਂ, ਰਾਜ ਦੇ ਖਰਚਿਆਂ ਵਿੱਚ ਕਟੌਤੀ ਕਰਦੇ ਹੋਏ ਹਰ ਸਰਕਾਰੀ ਖੇਤਰ ਨੂੰ ਨਿੱਜੀ ਹੱਥਾਂ ਵਿੱਚ ਸਾਂਭਦੇ ਜਾਣਾ, ਕਿਰਤ ਕਨੂੰਨਾਂ ਨੂੰ ਢਿੱਲਾ ਕਰਦੇ ਹੋਏ ਕਿਰਤ ਮੰਡੀ ਨੂੰ ਲਚਕੀਲਾ ਬਣਾਉਣਾ, ,ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖੁੱਲੀ ਛੂਟ ਦੇਣਾ ਅਤੇ ਕੌਮੀ ਮੰਡੀਆਂ ਨੂੰ ਪੂਰੀ ਤਰਾਂ ਖੋਲ੍ਹ ਦੇਣਾ । ਇਹਨਾਂ ਸਾਰੀਆਂ ਨੀਤੀਆਂ ਨੂੰ ਆਈ.ਐੱਮ.ਐੱਫ ਅਤੇ ਸੰਸਾਰ ਬੈਂਕ ਨੇ 1980 ਦੇ ਦਹਾਕੇ ਵਿੱਚ 'ਢਾਂਚਾਗਤ ਢਲਾਈ ਪ੍ਰੋਗਰਾਮ' ਦਾ ਨਾਂ ਦਿੱਤਾ ਅਤੇ ਤੀਜੀ ਦੁਨੀਆਂ ਦੇ ਸਾਰੇ ਸੰਕਟਗ੍ਰਸਤ ਮੁਲਕਾਂ ਨੂੰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਦੀ ਕੀਮਤ ਉੱਤੇ ਕਰਜ਼ੇ ਦੇਣ ਦੀ ਗੱਲ ਕਹੀ। 1980 ਦੇ ਅੱਧ ਤੱਕ ਆਉਂਦੇ-ਆਉਂਦੇ ਭਾਰਤੀ ਅਰਥਚਾਰੇ ਦੀ ਹਾਲਤ ਵੀ ਕਾਫ਼ੀ ਪਤਲੀ ਹੋ ਗਈ ਸੀ । ਸਰਕਾਰੀ ਖੇਤਰ ਦੇ ਅਧੀਨ ਹੋਣ ਵਾਲਾ ਸਰਮਾਏਦਾਰੀ ਵਿਕਾਸ ਹੁਣ ਸੰਤ੍ਰਿਪਤ ਹੋ ਗਿਆ ਸੀ । 'ਦਰਾਮਦ ਪ੍ਰਤੀਸਥਾਪਨ' ਦੀਆਂ ਨੀਤੀਆਂ ਨੂੰ ਬਦਲਣ ਦੀ ਲੋੜ ਸੀ । ਇਹ ਤੈਅ ਸੀ ਕਿ ਭਾਰਤੀ ਸਰਮਾਏਦਾਰ ਜਮਾਤ ਨੂੰ ਵੀ ਇਸ ਸੰਕਟ ਵਿੱਚੋਂ ਨਿਕਲਣ ਲਈ ਆਪਣੀ ਆਰਥਕਤਾ ਦੇ ਬੂਹੇ ਵਿਦੇਸ਼ੀ ਸਰਮਾਏ ਲਈ ਖੋਲ੍ਹਣੇ ਹੋਣਗੇ ਅਤੇ ਇਸ ਦੇ ਸੰਕੇਤ ਰਾਜੀਵ ਗਾਂਧੀ ਦੀ ਸਰਕਾਰ ਸਮੇਂ ਹੀ ਮਿਲਣ ਲੱਗੇ ਸਨ, ਜਦੋਂ ਰੈਗੂਲੈਸ਼ਨ ਵਾਲੀਆਂ ਨੀਤੀਆਂ ਨੂੰ "ਵਿਕਾਸ ਵਿੱਚ ਰੁਕਾਵਟ" ਦੱਸਿਆ ਜਾਣ ਲੱਗਿਆ ਸੀ। ਅਜਿਹੇ ਹੀ ਸੰਕਟਗ੍ਰਸਤ ਸਮੇਂ ਵਿੱਚ ਸਰਕਾਰ ਨੇ ਨਵੀਂ ਸਿੱਖਿਆ ਨੀਤੀ 1986 ਪੇਸ਼ ਕੀਤੀ ।

ਜਿਵੇਂ ਕਿ ਆਪਾਂ ਦੇਖਿਆ ਕਿ ਉਪਰੋਕਤ ਬਾਹਰੀ ਅਤੇ ਅੰਦਰੂਨੀ ਕਾਰਨਾਂ ਕਰਕੇ ਭਾਰਤ ਦੀ ਹਾਕਮ ਜਮਾਤ ਨੂੰ ਪੂਰੇ ਅਰਥਚਾਰੇ ਵਿੱਚ ਨਵੀਆਂ ਨੀਤੀਆਂ ਘੜਨ ਦੀ ਲੋੜ ਪਈ । ਪਰ

ਸਿੱਖਿਆ ਦੇ ਖੇਤਰ ਵਿੱਚ ਨਵੀਆਂ ਨੀਤੀਆਂ ਲਾਗੂ ਕਰਨ ਪਿੱਛੇ ਜੋ ਇੱਕ ਹੋਰ ਪਹਿਲੂ ਕੰਮ ਕਰ ਰਿਹਾ ਸੀ, ਉਹ ਸੀ ਨੌਜਵਾਨਾਂ ਵਿੱਚ ਵਧਦੀ ਬੇਰੁਜ਼ਗਾਰੀ ਦਰ ਅਤੇ ਵਿਦਿਆਰਥੀਆਂ-ਨੌਜਵਾਨਾਂ ਦੇ ਸੰਘਰਸ਼। ਜਿਵੇਂ ਕਿ ਇਸ ਦਸਤਾਵੇਜ਼ 'ਸਿੱਖਿਆ ਦੀਆਂ ਚੁਣੌਤੀਆਂ – ਨੀਤੀ ਸੰਬੰਧੀ ਪਰਿਪੇਖ' (1985) ਵਿੱਚ ਕਿਹਾ ਗਿਆ –"ਸਿੱਖਿਆ ਵਿਅਕਤੀ ਦੇ ਵਿਕਾਸ ਨਾਲ ਲਾਜ਼ਮੀ ਤੌਰ 'ਤੇ ਸੰਬੰਧਤ ਰਹੀ ਹੈ, ਫ਼ਿਰ ਵੀ ਇਸ ਮੌਲਿਕ ਕਾਰਜ ਪ੍ਰਤੀ ਇਸਦਾ ਨਜ਼ਰੀਆ ਹੁਣ ਸਮਾਜਕ ਸੰਬੰਧਾਂ ਉੱਤੇ ਨਿਰਭਰ ਹੋ ਗਿਆ ਹੈ ਅਤੇ ਇਹਨੂੰ ਸੰਘਰਸ਼ ਅਤੇ ਹਿੰਸਾਂ ਨੂੰ ਘੱਟ ਕਰਨ ਦੇ ਨਜ਼ਰੀਏ ਤੋਂ ਇੱਕ ਨਵਾਂ ਮਹੱਤਵ ਮਿਲਿਆ ਹੈ।"

ਸਿੱਖਿਆ ਦੇ ਸੀਮਤ ਪ੍ਰਸਾਰ ਦੇ ਖਤਰਿਆਂ ਵੱਲ ਧਿਆਨ ਖਿੱਚਦੇ ਹੋਏ ਅੱਗੇ ਕਿਹਾ ਗਿਆ ਹੈ ਕਿ, "ਜੇਕਰ ਸਿੱਖਿਆ ਦੇ ਪ੍ਰਸਾਰ ਲਈ ਲੋੜੀਂਦੇ ਹੱਲ ਨਹੀਂ ਕੀਤੇ ਜਾਂਦੇ ਤਾਂ ਆਰਥਕ ਕਮਜੋਰੀਆਂ, ਖੇਤਰੀ ਅਸੰਤੁਲਨ ਅਤੇ ਸਮਾਜਕ ਅਨਿਆਂ ਦਾ ਪਾੜ ਹੋਰ ਵਧਦਾ ਜਾਵੇਗਾ ਅਤੇ ਨਤੀਜੇ ਵਜੋਂ ਤਣਾਅ ਵਧਦੇ ਜਾਣਗੇ ।"

ਹੁਣ ਆਪਾਂ ਦਸਤਾਵੇਜ਼ ਵਿੱਚ ਸੁਝਾਏ ਗਏ ਕੁੱਝ ਮਹੱਤਵਪੂਰਨ ਨੁਕਤਿਆਂ ਉੱਪਰ ਆਉਂਦੇ ਹਾਂ –

**ਮੁੱਢਲੀ ਸਿੱਖਿਆ** – ਇਸ ਹਿੱਸੇ ਵਿੱਚ ਸਰਕਾਰ ਵੱਲੋਂ ਦੇਸ਼ ਅੰਦਰ ਮੁੱਢਲੀ ਸਿੱਖਿਆ ਦੀ ਹਾਲਤ ਉੱਪਰ ਚਰਚਾ ਕੀਤੀ ਗਈ ਹੈ । ਦੱਸਿਆ ਗਿਆ ਹੈ ਕਿ, "ਸਾਡੇ ਮੁਲਕ ਦੀਆਂ ਕੁੱਲ ਬਸਤੀਆਂ (9 l53 ਲੱਖ) ਦੇ ਪੰਜਵੇਂ ਹਿੱਸੇ ਅੰਦਰ ਕੋਈ ਵੀ ਮੁੱਢਲੀ ਸਿੱਖਿਆ ਦੇ ਸਕੂਲ ਦਾ ਪ੍ਰਬੰਧ ਨਹੀਂ ਹੈ । ਜਿੱਥੇ ਸਕੂਲ ਮੌਜੂਦ ਹਨ ਉਹਨਾਂ ਵਿੱਚੋਂ ਵੀ 40% ਕੋਲ ਕੋਈ ਪੱਕੀਆਂ ਇਮਾਰਤਾਂ ਨਹੀਂ ਹਨ ਅਤੇ 59.56% ਅੰਦਰ ਪੀਣ ਵਾਲਾ ਪਾਣੀ ਵੀ ਮੁਹੱਈਆ ਨਹੀਂ ਹੈ । ਵਿਚਾਲਿਓਂ ਪੜ੍ਹਾਈ ਛੱਡਣ ਵਾਲੇ ਬੱਚਿਆਂ ਦੀ ਸੰਖਿਆ 77% ਤੱਕ ਹੈ । ਸਕੂਲ ਛੱਡਣ ਵਾਲੇ ਬੱਚਿਆਂ ਵਿੱਚੋਂ 84% ਉਹਨਾਂ ਪਰਿਵਾਰਾਂ ਵਿੱਚੋਂ ਆਉਂਦੇ ਹਨ ਜਿਹਨਾਂ ਦੀ ਸਲਾਨਾ ਆਮਦਨ 4000 ਰੁਪੇ ਤੋਂ ਘੱਟ ਹੈ ।"

ਅਜਿਹੀ ਹਾਲਤ ਦੇ ਨਤੀਜਿਆਂ ਨੂੰ ਭਾਂਪਦੇ ਹੋਏ ਦਸਤਾਵੇਜ਼ ਕਹਿੰਦਾ ਹੈ, "ਜੇਕਰ ਇਸ ਸਮੇਂ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਐਨਾ ਤਣਾਅ ਪੈਦਾ ਹੋ ਸਕਦਾ ਹੈ ਕਿ ਕਨੂੰਨ ਅਤੇ ਪ੍ਰਬੰਧ ਨੂੰ ਬਣਾਏ ਰੱਖਣਾ ਮੁਸ਼ਕਲ ਹੋ ਜਾਵੇਗਾ ।"

ਪਰ ਇਹਨਾਂ ਸਾਰੀਆਂ ਨੰਗੀਆਂ ਸੱਚਾਈਆਂ ਨੂੰ ਮੰਨਦਿਆਂ ਹੋਇਆਂ ਵੀ ਸਰਕਾਰ ਵੱਲੋਂ ਇਸ ਦੇ ਹੱਲ ਲਈ ਕੋਈ ਸਾਧਨ ਜੁਟਾਉਣ ਦੀ ਥਾਵੇਂ ਕਿਹਾ ਗਿਆ ਕਿ ਰਸਮੀ ਸਿੱਖਿਆ ਦੀਆਂ ਆਪਣੀਆਂ ਸੀਮਾਵਾਂ ਹਨ, ਇਸ ਲਈ ਗੈਰ-ਰਸਮੀ ਸਿੱਖਿਆ ਉੱਪਰ ਹੀ ਜੋਰ ਦਿੱਤਾ ਜਾਣਾ ਚਾਹੀਦਾ ਹੈ । ਅਜਿਹੀ ਗੈਰ-ਰਸਮੀ ਸਿੱਖਿਆ ਵਜੋਂ 'ਆਦਰਸ਼ ਮਾਡਲ ਸਕੂਲਾਂ' ਦੀ ਸਥਾਪਨਾ ਕਰਨ ਦੀ ਗੱਲ ਕੀਤੀ ਗਈ ਹੈ । ਮਤਲਬ ਸਾਫ਼ ਸੀ, ਕਿ ਸਰਕਾਰ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਤੋਂ ਸਿੱਧੇ ਹੀ ਇਨਕਾਰੀ ਹੋ ਰਹੀ ਸੀ।

ਇਸੇ ਤਰਾਂ ਮਿਡਲ ਸਕੂਲੀ ਸਿੱਖਿਆ ਦੀ ਹਾਲਤ ਉੱਤੇ ਵੀ ਮਗਰਮੱਛੀ ਹੰਝੂ ਵਹਾਉਂਦੇ ਹੋਏ ਕਿਹਾ ਗਿਆ, "ਅਜੇ ਨੌਵੀਂ ਅਤੇ ਦਸਵੀਂ ਜਮਾਤ ਵਿੱਚ ਕੁੱਲ ਜਾਣ-ਯੋਗ ਵਿਦਿਆਰਥੀਆਂ ਵਿੱਚੋਂ ਸਿਰਫ 22% ਨੌਜਵਾਨ ਹੀ ਸਕੂਲ ਜਾਂਦੇ ਹਨ ਅਤੇ ਇਹ ਦਰ ਵਿਕਸਤ ਮੁਲਕਾਂ ਦੇ ਮੁਕਾਬਲੇ ਬੇਹੱਦ ਘੱਟ ਹੈ ।" ਪਰ ਨਾਲ ਹੀ ਦਸਤਾਵੇਜ਼ ਵਿੱਚ ਕਿਹਾ ਗਿਆ ਕਿ ਮਿਡਲ ਸਕੂਲੀ ਸਿੱਖਿਆ ਦੀਆਂ ਸਹੂਲਤਾਂ ਨੂੰ ਮੌਜੂਦਾ ਪੱਧਰ ਉੱਤੇ ਹੀ ਰੱਖਿਆ ਜਾਵੇ ਅਤੇ ਸੁਝਾਅ ਦਿੱਤਾ ਕਿ ਗੈਰ-ਰਸਮੀ ਮਾਧਿਅਮਾਂ ਰਾਹੀਂ ਸਿੱਖਿਆ ਦੇਣ ਉੱਤੇ ਜੋਰ ਦੇ ਨਾਲ-ਨਾਲ ਕਿੱਤਾ-ਮੁਖੀ ਸਿੱਖਿਆ ਉੱਤੇ ਹੀ ਜਿਆਦਾ ਜੋਰ ਦਿੱਤਾ ਜਾਵੇ ।

ਮੁੱਢਲੀ ਅਤੇ ਮਿਡਲ ਸਿੱਖਿਆ ਬਾਰੇ ਸਰਕਾਰੀ ਇਰਾਦਿਆਂ ਦਾ ਨਿਚੋੜ ਕੱਢਦੇ ਹੋਇਆ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਿੱਖਿਆ ਦੀ ਰਸਮੀ ਧਾਰਾ ਨੂੰ ਜਿਆਦਾ ਤੋਂ ਜਿਆਦਾ ਮੌਜੂਦਾ ਪੱਧਰ ਉੱਤੇ ਹੀ ਰੱਖਣਾ ਚਾਹੁੰਦੀ ਸੀ ਜਦਕਿ ਬਾਕੀਆਂ ਨੂੰ ਕਿੱਤਾ-ਮੁਖੀ ਸਿੱਖਿਆ ਦੇ ਤਹਿਤ ਸਮੇਟਣਾ ਚਾਹੁੰਦੀ ਸੀ ਤਾਂ ਜੋ ਸਨਅਤਾਂ ਆਦਿ ਨੂੰ ਚਲਾਉਣ ਲਈ ਲੋੜੀਂਦੀ ਕਾਬਲ ਕਾਰੀਗਰ ਫੌਜ ਲਗਾਤਾਰ ਮੁਹੱਈਆ ਹੁੰਦੀ ਰਹੇ ।

**ਉੱਚ-ਸਿੱਖਿਆ** – ਦਸਤਾਵੇਜ਼ ਵਿੱਚ ਇਹ ਮੰਨਿਆ ਗਿਆ ਕਿ ਉੱਚ-ਸਿੱਖਿਆ ਤੱਕ ਪਹੁੰਚਣ ਵਾਲੇ ਨੌਜਵਾਨਾਂ ਦੀ ਗਿਣਤੀ ਮਹਿਜ਼ 4.8% ਹੀ ਹੈ ਪਰ ਇਸ ਆਬਾਦੀ ਨੂੰ ਵੀ ਸੰਕਟਗ੍ਰਸਤ ਭਾਰਤੀ ਸਰਮਾਏਦਾਰੀ ਲਈ ਪਚਾ ਸਕਣਾ ਮੁਸ਼ਕਲ ਸੀ । ਇਸ ਲਈ ਦਸਤਾਵੇਜ਼ ਕਹਿੰਦਾ ਹੈ, "ਉੱਚ-ਸਿੱਖਿਆ ਦੇ ਮਾਮਲੇ ਵਿੱਚ, ਖਾਸਕਰ ਡਿਗਰੀ ਪੱਧਰ ਤੱਕ, ਸਮੱਸਿਆ ਉੱਚ-ਸਿੱਖਿਆ ਤੱਕ ਪਹੁੰਚਣ ਦੀ ਨਹੀਂ ਸਗੋਂ ਨੌਕਰੀ ਦੇ ਲਈ ਨਾਕਾਬਲ ਲੋਕਾਂ ਦੀ ਇੱਕ ਵੱਡੀ ਗਿਣਤੀ ਨੂੰ ਤਿਆਰ ਕਰਨ ਵਿੱਚ ਹੋ ਰਹੀ ਸੀਮਤ ਸਾਧਨਾਂ ਦੀ ਫਜ਼ੂਲਖਰਚੀ ਨੂੰ ਰੋਕਣ ਦੀ ਹੈ । ਇਸ ਗੱਲ ਲਈ ਕਾਰਗਰ ਕਦਮ ਉਠਾਏ ਜਾਣੇ ਚਾਹੀਦੇ ਹਨ ਕਿ ਕੇਵਲ ਉਹੀ ਲੋਕ ਉੱਚ-ਸਿੱਖਿਆ ਵਿੱਚ ਦਾਖਲਾ ਲੈ ਸਕਣ ਜਿਹਨਾਂ ਅੰਦਰ ਅਧਿਐਨ ਕਰਨ ਦੀ ਪ੍ਰਵਿਰਤੀ ਜਾਂ ਰੁਝਾਨ ਹੋਵੇ ।" ਹੋਰ ਅੱਗੇ, "ਡਿਗਰੀ ਪੱਧਰ ਉੱਤੇ ਰਸਮੀ ਸਿੱਖਿਆ ਦੀ ਧਾਰਾ ਵਿੱਚ ਕੇਵਲ ਉਹਨਾਂ ਨੂੰ ਹੀ ਉਤਸ਼ਾਹਿਤ ਕਰਨ ਦੀ ਲੋੜ ਹੈ ਜਿਹਨਾਂ ਦਾ ਚੰਗਾ ਵਿਦਿਅਕ ਰਿਕਾਰਡ ਹੋਵੇ । ਇਸਨੂੰ ਫ਼ੌਰਨ ਲਾਗੂ ਕਰਨ ਦੀ ਜਰੂਰਤ ਹੈ । ਇਸ ਪੱਧਰ ਉੱਤੇ ਵੀ ਵਿਸ਼ੇਸ਼ ਇਮਤਿਹਾਨ ਲੈ ਕੇ ਦਾਖਲਾ ਦਿੱਤਾ ਜਾ ਸਕਦਾ ਹੈ ।"

ਹੁਣ ਅਧਿਐਨ ਕਰਨ ਵਿੱਚ ਰੁਝਾਨ ਤਾਂ ਹਰ ਕਿਸੇ ਦਾ ਹੋ ਸਕਦਾ ਹੈ ਪਰ ਚੰਗਾ ਵਿਦਿਅਕ ਰਿਕਾਰਡ ਤਾਂ ਜਿਆਦਾਤਰ ਮਾਮਲਿਆਂ ਵਿੱਚ ਚੰਗੀ ਪੜ੍ਹਾਈ ਲੈ ਕੇ ਮਹਿੰਗੇ ਸਕੂਲਾਂ ਵਿੱਚੋਂ ਨਿਕਲਣ ਵਾਲੇ ਬੱਚੇ ਦਾ ਹੀ ਹੋਵੇਗਾ ਜਿਸਨੂੰ ਹਰ ਤਰਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ ਜਦਕਿ ਬਿਨਾਂ ਅਧਿਆਪਕਾਂ, ਇਮਾਰਤਾਂ ਤੋਂ ਪੜ੍ਹਨ ਵਾਲੇ ਗਰੀਬ ਘਰਾਂ ਦੇ ਬੱਚਿਆਂ ਤੋਂ ਚੰਗੇ

ਰਿਕਾਰਡ ਦੀ ਉਮੀਦ ਕਰਨਾ ਉਹਨਾਂ ਨਾਲ ਧੋਖਾ ਹੈ । ਇਸ ਲਈ ਸਾਫ਼ ਸੀ ਕਿ ਸਰਕਾਰ ਹੌਲੀ-ਹੌਲੀ ਉੱਚ-ਸਿੱਖਿਆ ਨੂੰ ਵੀ ਆਮ ਘਰਾਂ ਦੇ ਨੌਜਵਾਨਾਂ ਤੋਂ ਦੂਰ ਕਰਨ ਵੱਲ ਵਧ ਰਹੀ ਸੀ ।ਅੱਜ ਅਸੀਂ ਕੈਂਪਸਾਂ ਦਾ ਜੋ ਬਦਲਿਆ ਜਮਾਤੀ ਖਾਸਾ ਵੇਖ ਰਹੇ ਹਾਂ ਇਸ ਦੀ ਝਲਕ ਸਾਨੂੰ ਇਸ ਦਸਤਾਵੇਜ਼ ਵਿੱਚ ਹੀ ਮਿਲ ਜਾਂਦੀ ਹੈ ।ਦਸਤਾਵੇਜ਼ ਕਹਿੰਦਾ ਹੈ, "ਹੋਰ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਅੰਦਰ ਫੀਸਾਂ ਨੂੰ ਸਮੇਂ ਅਨੁਸਾਰ ਵਧਾਕੇ ਤਰਕਸੰਗਤ ਕਰਨ ਦੀ ਸੰਭਾਵਨਾ ਨੂੰ ਵਿਚਾਰਿਆ ਜਾ ਸਕਦਾ ਹੈ । ਅਜਿਹਾ ਕਰਨ ਨਾਲ ਨਾ ਕੇਵਲ ਅੰਦਰੂਨੀ ਸਾਧਨਾਂ ਵਿੱਚ ਵਾਧਾ ਹੋਵੇਗਾ ਸਗੋਂ ਸਿੱਖਿਆ ਦੇ ਮਹੱਤਵ ਨਾਲ ਸੰਬੰਧਤ ਵਿਚਾਰਾਂ ਵਿੱਚ ਵੀ ਬਦਲਾਅ ਆਵੇਗਾ ।"

ਫੀਸਾਂ ਵਿੱਚ ਵਾਧੇ ਦੀ ਜੋ ਸੰਭਾਵਨਾ 1985 ਦੇ ਦਸਤਾਵੇਜ਼ ਵਿੱਚ ਦੇਖੀ ਗਈ ਸੀ ਉਸਨੂੰ 1991 ਦੀਆਂ ਆਰਥਕ ਨੀਤੀਆਂ ਦੇ ਬਦਲਾਅ ਤੋਂ ਬਾਅਦ ਲਗਾਤਾਰ ਲਾਗੂ ਕੀਤਾ ਜਾਂਦਾ ਰਿਹਾ ਹੈ, ਜਿਸ ਦਾ ਸਿੱਟਾ ਇਹ ਹੋਇਆ ਹੈ ਕਿ ਅੱਜ ਯੂਨੀਵਰਸਿਟੀਆਂ-ਕਾਲਜਾਂ ਵਿੱਚੋਂ ਵੱਡੀ ਗਿਣਤੀ ਆਮ ਅਬਾਦੀ ਬਾਹਰ ਹੋਈ ਹੈ ਅਤੇ ਵੱਡੀ ਗਿਣਤੀ ਨੂੰ ਭਾਰੀ ਕਰਜ਼ੇ ਲੈ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਪੈ ਰਿਹਾ ਹੈ ।

ਉੱਚ-ਸਿੱਖਿਆ ਅੰਦਰ ਦਬਾਅ ਨੂੰ ਹੋਰ ਘਟਾਉਣ ਲਈ ਇਹ ਨੁਸਖਾ ਸੁਝਾਇਆ ਗਿਆ, "ਇਸ ਗੱਲ ਉੱਤੇ ਵਿਸ਼ੇਸ਼ ਜੋਰ ਦੇਣ ਦੀ ਲੋੜ ਹੈ ਕਿ ਜੇਕਰ ਨੌਕਰੀ ਨੂੰ ਡਿਗਰੀ ਨਾਲ ਨਾ ਜੋੜਿਆ ਜਾਵੇ ਤਾਂ ਡਿਗਰੀ ਪੱਧਰ ਉੱਤੇ ਭੀੜ ਘੱਟ ਹੋ ਜਾਵੇਗੀ ਅਤੇ ਇਸ ਨਾਲ ਕਾਫੀ ਰਾਹਤ ਮਿਲੇਗੀ ।"

ਇਹ ਬਿਆਨ ਹੀ ਸਰਮਾਏਦਾਰਾ ਤਰਕ ਦੀਆਂ ਪਰਤਾਂ ਖੋਲ੍ਹ ਦਿੰਦਾ ਹੈ ਜਿਸ ਦੇ ਤਹਿਤ ਜਿਆਦਾ ਪੜ੍ਹੇ-ਲਿਖੇ ਨੌਜਵਾਨਾਂ ਨੂੰ ਇੱਕ ਬੋਝ ਹੀ ਸਮਝਿਆ ਜਾਂਦਾ ਹੈ ਕਿਉਂ ਜੋ ਉਹ ਫੈਕਟਰੀਆਂ ਵਿੱਚ ਹੱਡ ਤੁੜਵਾਉਣ ਵਿੱਚ ਦੇਰੀ ਕਰ ਰਹੇ ਹਨ! ਦੂਜਾ, ਹਾਕਮ ਜਮਾਤ ਨੂੰ ਜਿਆਦਾ ਸਿੱਖਿਅਤ ਨੌਜਵਾਨਾਂ ਤੋਂ ਇੱਕ ਡਰ ਵੀ ਮਹਿਸੂਸ ਹੁੰਦਾ ਹੈ ਕਿਉਂਕਿ ਕਾਲਜਾਂ-ਯੂਨੀਵਰਸਿਟੀਆਂ ਦੇ ਮੁਕਾਬਲਤਨ ਅਜ਼ਾਦ ਮਾਹੌਲ ਵਿੱਚ ਰਿਹਾ ਵਿਅਕਤੀ ਆਪਣੇ ਹੱਕਾਂ ਪ੍ਰਤੀ ਜਿਆਦਾ ਜਾਗਰੂਕ ਹੁੰਦਾ ਹੈ ।

**ਕਿੱਤਾ-ਮੁਖੀ ਸਿੱਖਿਆ** - ਪੱਛੜੀਆਂ ਪੈਦਾਵਾਰੀ ਸ਼ਕਤੀਆਂ ਦੇ ਕਾਰਨ ਭਾਰਤ ਅੰਦਰ ਕੁਸ਼ਲ ਕਿਰਤ-ਸ਼ਕਤੀ ਦੀ ਹਮੇਸ਼ਾ ਘਾਟ ਰਹੀ ਹੈ । ਇਹ ਗੱਲ ਉਸ ਸਮੇਂ ਵੀ ਮਹਿਸੂਸੀ ਗਈ ਸੀ। ਕਿਉਂਜੋ ਭਾਰਤੀ ਸਰਮਾਏਦਾਰਾ ਜਮਾਤ ਵਿਦੇਸ਼ੀ ਸਰਮਾਏ ਅਤੇ ਤਕਨੀਕ ਲਈ ਰਾਹ ਖੋਲ੍ਹਣ ਦਾ ਪੂਰਾ ਇੰਤਜ਼ਾਮ ਕਰ ਰਹੀ ਸੀ, ਇਸ ਲਈ ਇਹ ਜਰੂਰੀ ਸੀ ਕਿ ਅਜਿਹੀ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਨ ਵਾਲੀ ਇੱਕ ਆਧੁਨਿਕ ਕਿਰਤ ਸ਼ਕਤੀ ਵੀ ਤਿਆਰ ਕੀਤੀ ਜਾਵੇ । ਨਾਲ ਹੀ ਨਵੇਂ ਉੱਭਰਨ ਵਾਲੇ ਸੇਵਾ ਖੇਤਰ ਲਈ ਵੀ ਅਜਿਹੇ ਕੁਸ਼ਲ ਕਾਮਿਆਂ ਦੀ ਲੋੜ ਸੀ । ਇਸ ਦਸਤਾਵੇਜ਼ ਵਿੱਚ ਵੀ ਦਸਵੀਂ ਤੋਂ ਬਾਅਦ 2 ਸਾਲ ਦੀ ਕਿੱਤਾ-ਮੁਖੀ ਸਿੱਖਿਆ ਦੀ ਸਿਫਾਰਸ਼ ਕੀਤੀ ਗਈ ।ਪਹਿਲਾਂ 1953 ਵਿੱਚ ਵੀ ਮੁਦਾਲੀਅਰ ਕਮਿਸ਼ਨ ਹੇਠਾਂ ਇਸ ਤਰਾਂ ਦੀ ਸਿੱਖਿਆ ਦੇਣ ਦੀ ਗੱਲ ਕੀਤੀ ਗਈ ਸੀ ਪਰ ਉਦੋਂ ਭਾਰਤੀ ਹਾਕਮ ਜਮਾਤ ਦੀ ਪ੍ਰਾਥਮਿਕਤਾ ਵਿੱਚ ਇਹ ਅਜੇ ਹੇਠਾਂ ਹੀ ਸੀ ਅਤੇ ਇਸ ਨੂੰ ਲਾਗੂ ਕਰਨ ਵਿੱਚ ਕੁਝ ਬਾਹਰੀ ਦਿੱਕਤਾਂ ਵੀ ਸਨ । ਇਸ ਲਈ ਇਸ ਨੂੰ ਕਾਰਗਰ ਢੰਗ ਨਾਲ ਲਾਗੂ ਨਹੀਂ ਸੀ ਕੀਤਾ ਜਾ ਸਕਦਾ । ਪਰ ਨਵੇਂ ਸਰਮਾਏ ਦੇ ਦਰ ਖੁੱਲ੍ਹਣ ਨਾਲ ਇਸ ਨੂੰ ਤੇਜੀ ਨਾਲ ਲਾਗੂ ਕਰਨ ਦੀ ਲੋੜ ਮਹਿਸੂਸੀ ਗਈ । 2 ਸਾਲ ਦੀ ਆਮ ਪੜ੍ਹਾਈ ਨੂੰ ਤਕਨੀਕੀ ਪੜ੍ਹਾਈ ਵਿੱਚ ਬਦਲਣਾ ਅਤੇ ਐਨੀ ਵੱਡੀ ਪੱਧਰ ਉੱਤੇ ਕਿੱਤਾ-ਮੁਖੀ ਸਿੱਖਿਆ ਦੀਆਂ ਗੱਲਾਂ ਕਰਨ ਦਾ ਸਾਫ਼ ਮਤਲਬ ਇਹ ਸੀ ਕਿ ਹੁਣ ਸਿੱਖਿਆ ਦਾ ਮਤਲਬ ਕੇਵਲ ਢਿੱਡ ਭਰਨ ਤੋਂ ਸੀ ਅਤੇ ਇਸ ਦੇ ਉੱਚੇ-ਸੁੱਚੇ ਆਦਰਸ਼ਾਂ ਨੂੰ ਪਾਸੇ ਕਰਨ ਦਾ ਵੇਲਾ ਆ ਚੁੱਕਿਆ ਸੀ ।

**ਪੱਤਰ-ਵਿਹਾਰ ਅਤੇ ਖੁੱਲ੍ਹੀ ਸਿੱਖਿਆ** - ਇਸ ਦੌਰ ਅੰਦਰ ਹੀ ਸਿੱਖਿਆ ਦੇ ਗੈਰ-ਰਸਮੀਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ ਜੋ ਅੱਜ ਸਾਡੇ ਸਾਹਮਣੇ ਐਨੇ ਵਿਆਪਕ ਰੂਪ ਵਿੱਚ ਮੌਜੂਦ ਹੈ । ਪਿੰਡਾਂ ਅਤੇ ਦੂਰ ਦੇ ਇਲਾਕਿਆਂ ਵਿੱਚ ਮੌਜੂਦ ਅਬਾਦੀ ਅੰਦਰ ਵੀ ਸਿੱਖਿਆ ਜਿਹੀ ਮੁੱਢਲੀ ਲੋੜ ਨਾ ਪਹੁੰਚਣ ਕਰਕੇ ਇੱਕ ਰੋਸ ਪੈਦਾ ਹੋ ਸਕਦਾ ਸੀ, ਇਸ ਲਈ ਇਹ ਜਰੂਰੀ ਸੀ ਕਿ ਉਹਨਾਂ ਤੱਕ ਵੀ ਸਿੱਖਿਆ ਦਾ ਇੰਤਜ਼ਾਮ ਕੀਤਾ ਜਾਂਦਾ । ਦੂਸਰਾ, ਸਿੱਖਿਆ ਨੂੰ ਆਪਣੇ ਵਿਚਾਰਧਾਰਕ ਗਲਬੇ ਦੇ ਸੰਦ ਵਜੋਂ ਇਸਤੇਮਾਲ ਕਰਕੇ ਦੂਰ-ਦੁਰਾਡੇ ਦੇ ਲੋਕਾਂ ਤੱਕ ਵੀ ਆਪਣਾ ਗਲਬਾ ਕਾਇਮ ਰੱਖਿਆ ਜਾ ਸਕਦਾ ਸੀ ਅਤੇ ਇਸ ਮਕਸਦ ਲਈ ਭਾਰਤੀ ਸਰਮਾਏਦਾਰ ਜਮਾਤ ਤਕਨੀਕ ਅਤੇ ਸੂਚਨਾ ਦੇ ਖੇਤਰ ਵਿੱਚ ਹੋਏ ਵਿਕਾਸ ਦਾ ਪੂਰਾ ਫਾਇਦਾ ਲੈਣਾ ਚਾਹੁੰਦੀ ਸੀ । ਪਰ ਸਭ ਤੋਂ ਮਹੱਤਵਪੂਰਨ ਕਾਰਕ ਸੀ - ਵਿਦਿਆਰਥੀਆਂ ਅੰਦਰ ਵਧ ਰਹੇ ਗੁੱਸੇ ਨੂੰ ਤੋੜਨਾ । ਸਿੱਖਿਆ ਦਾ ਅਜਿਹਾ ਗੈਰ-ਰਸਮੀਕਰਨ ਕਰਕੇ ਕੋਸ਼ਿਸ਼ ਕੀਤੀ ਗਈ ਕਿ ਵਿਦਿਆਰਥੀਆਂ ਨੂੰ ਇੱਕ ਜਗ੍ਹਾ ਇਕੱਠੇ ਹੋਣ ਤੋਂ ਰੋਕਿਆ ਜਾਵੇ । 1985 ਵਿੱਚ ਹੀ ਇਗਨੂੰ ਦੀ ਸਥਾਪਨਾ ਕੀਤੀ ਗਈ । 1987 ਵਿੱਚ ਇੰਦਰਾ ਗਾਂਧੀ ਰਾਸ਼ਟਰੀ ਮੁਕਤ ਯੂਨੀਵਰਸਿਟੀ ਵਿੱਚ ਸਿਰਫ 4,000 ਵਿਦਿਆਰਥੀ ਸਨ। 1998 ਵਿੱਚ ਇਹ ਸੰਖਿਆ 1,60,000 ਪਹੁੰਚ ਚੁੱਕੀ ਸੀ ਅਤੇ 2007-8 ਤੱਕ ਇਹ 13,11,145 ਹੋ ਗਈ। ਪਰ ਨਾਲ਼ ਹੀ 2006 ਵਿੱਚ ਇਗਨੂੰ ਵਿੱਚ ਬੀ ਏ ਵਿੱਚ ਸਿਰਫ 5 ਫੀਸਦੀ ਵਿਦਿਆਰਥੀ ਹੀ ਪਾਸ ਹੋ ਸਕੇ। ਮਤਲਬ, ਇਸ ਵਿੱਚ ਵੀ ਢਾਂਚਾ ਅਤੇ ਵਿਸ਼ਾ ਪ੍ਰਣਾਲ਼ੀ ਕੁਝ ਇਸ ਤਰ੍ਹਾਂ ਬਣਾਈ ਗਈ ਕਿ ਬਹੁਤ ਘੱਟ ਵਿਦਿਆਰਥੀ ਹੀ ਪਾਸ ਹੋ ਸਕਣ। ਮਤਲਬ ਸੀ ਕਿ ਦਿਖਾਵੇ ਨੂੰ ਉੱਚ-ਸਿੱਖਿਆ ਦੀ ਮਠਿਆਈ ਜਰੂਰ ਛਕਾ ਦਿੱਤੀ ਜਾਂਦੀ ਹੈ ਜਦਕਿ ਗ੍ਰੈਜੂਏਟ ਵਿਦਿਆਰਥੀਆਂ ਦੀ ਸੰਖਿਆ ਵਿੱਚ ਵੀ ਕੋਈ ਖਾਸ ਵਾਧਾ ਨਹੀਂ ਹੁੰਦਾ! ਉੱਪਰੋਂ ਵਿਦਿਆਰਥੀ ਇਸ ਹੀਣ-ਭਾਵਨਾ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ ਕਿ ਖੌਰੇ ਉਹਨਾਂ ਦੀ ਆਪਣੀ ਨਲਾਇਕੀ ਕਰਕੇ ਹੀ ਉਹ ਇਮਤਿਹਾਨ

'ਚ ਪਾਸ ਨਹੀ ਹੋ ਰਹੇ ! ਅਜਿਹਾ ਗੈਰ-ਰਸਮੀਕਰਨ ਕੈਂਪਸ ਅਧਾਰਤ ਸੰਘਰਸ਼ਾਂ ਦੀ ਜ਼ਮੀਨ ਵੀ ਖਿਸਕਾਉਂਦਾ ਜਾ ਰਿਹਾ ਹੈ । ਨਾਲ ਹੀ ਪੱਤਰ-ਵਿਹਾਰ ਵਿੱਚ ਪੜ੍ਹਨ ਵਾਲ਼ੇ ਵਿਦਿਆਰਥੀਆਂ ਦੀ ਜਮਾਤੀ ਚੇਤਨਾ ਵੀ ਇੱਕ ਜਗ੍ਹਾ ਇਕੱਠੇ ਨਾ ਹੋਣ ਕਾਰਨ ਖੁੰਢੀ ਹੁੰਦੀ ਜਾ ਰਹੀ ਹੈ।

ਸਿੱਖਿਆ ਦਾ ਗੈਰਸਿਆਸੀਕਰਨ – ਇਸ ਨਵੀਂ ਸਿੱਖਿਆ ਨੀਤੀ ਦਾ ਇੱਕ ਮਹੱਤਵਪੂਰਨ ਮਕਸਦ ਕੈਂਪਸਾਂ ਨੂੰ ਸਿਆਸਤ ਤੋਂ 'ਮੁਕਤ' ਰੱਖਣਾ ਵੀ ਸੀ । ਇਸੇ ਲਈ ਸਿੱਖਿਆ ਦੇ ਗੈਰਸਿਆਸੀਕਰਨ ਦਾ ਪ੍ਰਸਤਾਵ ਵੀ ਦਸਤਾਵੇਜ਼ ਵਿੱਚ ਦਰਜ ਕੀਤਾ ਗਿਆ । ਦਸਤਾਵੇਜ਼ ਕਹਿੰਦਾ ਹੈ, "ਕਾਲਜਾਂ ਅਤੇ ਯੂਨੀਵਰਸਿਟੀਆਂ ਮੁੱਖ ਤੌਰ 'ਤੇ ਯੁੱਧ ਦੇ ਖੇਤਰ ਬਣ ਗਏ ਹਨ ਜਿੱਥੇ ਅਧਿਆਪਕਾਂ ਅਤੇ ਹੋਰ ਸਟਾਫ਼ ਵੱਲੋਂ ਸਮਰਥਨ ਹਾਸਲ ਕੀਤੇ ਸਿਆਸੀ ਅਤੇ ਹੋਰ ਦਲ ਸੱਤਾ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਰਹਿੰਦੇ ਹਨ ।"

ਅੱਗੇ, "ਅਸੀਂ ਇਸ ਤੱਥ ਤੋਂ ਵੀ ਅੱਖਾਂ ਨਹੀਂ ਮੀਚ ਸਕਦੇ ਕਿ ਪਿਛਲੇ ਕੁੱਝ ਦਹਾਕਿਆਂ ਤੋਂ ਅਧਿਆਪਕ ਦਲ ਵੀ ਸਿਆਸਤ ਵਿੱਚ ਸਰਗਰਮ ਹਨ ਅਤੇ ਇਸ ਸਦਕਾ ਅਧਿਆਪਕ ਯੂਨੀਅਨਾਂ ਦਾ ਕਿਸ ਹੱਦ ਤੱਕ ਸਿਆਸੀਕਰਨ ਹੋ ਚੁੱਕਿਆ ਹੈ ।"

ਅਧਿਆਪਕਾਂ ਦੀ ਸਿਆਸਤ ਤੋਂ ਸ਼ੁਰੂ ਕਰਕੇ ਦਸਤਾਵੇਜ਼ ਵਿਦਿਆਰਥੀ ਸਿਆਸਤ ਨੂੰ ਵੀ ਨਿਸ਼ਾਨਾ ਬਣਾਉਂਦਾ ਹੈ 'ਖਾਸ' ਤਰਾਂ ਦੇ ਸੰਘਰਸ਼ਾਂ ਉੱਤੇ ਪਾਬੰਦੀ ਲਾਉਣ, ਵਿਦਿਆਰਥੀ ਯੂਨੀਅਨਾਂ ਉੱਤੇ ਰੋਕਾਂ-ਟੋਕਾਂ ਲਾਉਣ, ਯੂਨੀਵਰਸਿਟੀ ਕੈਂਪਸਾਂ ਲਈ ਵਿਸ਼ੇਸ਼ ਪੁਲਸ ਫੋਰਸ ਗਠਿਤ ਕਰਨ ਜਿਹੇ ਘੋਰ ਗੈਰ-ਜਮਹੂਰੀ ਢੰਗ ਸੁਝਾਉਂਦਾ ਹੈ । ਇਹਨਾਂ ਸੁਝਾਵਾਂ ਦਾ ਕੁੱਲ ਮਕਸਦ ਕੈਂਪਸਾਂ ਵਿੱਚ ਅਨੁਸ਼ਾਸਨ ਅਤੇ ਪ੍ਰਬੰਧ ਜਿਹੇ ਲਫਜ਼ਾਂ ਦਾ ਇਸਤੇਮਾਲ ਕਰਕੇ ਯੂਨੀਵਰਸਿਟੀਆਂ ਨੂੰ ਜਮਹੂਰੀ ਤੌਰ 'ਤੇ ਅਪੰਗ ਬਣਾ ਦੇਣਾ ਸੀ । ਇਸ ਦਸਤਾਵੇਜ਼ ਨੇ ਯੂਨੀਵਰਸਿਟੀ ਪ੍ਰਸ਼ਾਸਨ ਅੰਦਰ ਵੀ ਚੋਣਾਂ ਦੀ ਪ੍ਰਕਿਰਿਆ ਨੂੰ ਖਤਮ ਕਰਕੇ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਖੁੱਲ੍ਹੇ ਅਧਿਕਾਰ ਦੇ ਕੇ ਯੂਨੀਵਰਸਿਟੀਆਂ ਦਾ ਜਮਹੂਰੀ ਦਾਇਰਾ ਹੋਰ ਮੋਕਲਾ ਕਰਨ ਦੀ ਸਿਫਾਰਸ਼ ਕੀਤੀ । ਇਸ ਪ੍ਰਕਿਰਿਆ ਉੱਪਰ ਅਮਲ ਹੁੰਦਾ-ਹੁੰਦਾ ਅੱਜ ਇੱਥੇ ਤੱਕ ਪਹੁੰਚ ਚੁੱਕਿਆ ਹੈ ਕਿ ਅੱਜ ਮੁਲਕ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਵਾਈਸ-ਚਾਂਸਲਰ, ਰਜਿਸਟਰਾਰ ਜਿਹੇ ਅਹੁਦਿਆਂ ਉੱਤੇ ਆਈਏਐੱਸ, ਆਈਪੀਐੱਸ ਅਫਸਰਾਂ ਨੂੰ ਬਿਠਾਇਆ ਗਿਆ ਹੈ । ਇਸਦਾ ਇੱਕੋ ਮਕਸਦ ਹੈ – ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ ਖ਼ਤਮ ਕਰਕੇ ਇੱਥੇ ਹਾਸਲ ਜਮਹੂਰੀ ਸਪੇਸ ਨੂੰ ਤੰਗ ਕਰਨਾ ਅਤੇ ਤਾਨਾਸ਼ਾਹ 'ਤੇ ਕੇਂਦਰੀਕ੍ਰਿਤ ਪ੍ਰਸ਼ਾਸਨਿਕ ਪ੍ਰਬੰਧ ਕਾਇਮ ਕਰਨਾ । ਅਜਿਹੇ ਕਦਮਾਂ ਕਰਕੇ ਹੀ ਹੈ ਕਿ ਅੱਜ ਯੂਨੀਵਰਸਿਟੀਆਂ ਅੰਦਰ ਸਿਆਸੀ ਦਖ਼ਲਅੰਦਾਜੀ ਇੰਨੀ ਵਧ ਚੁੱਕੀ ਹੈ ।

ਇਸ ਦਸਤਾਵੇਜ਼ ਦੇ ਜਿਆਦਾਤਰ ਸੁਝਾਵਾਂ ਨੂੰ ਪ੍ਰਵਾਨ ਕਰਕੇ ਹੀ ਨਵੀਂ ਸਿੱਖਿਆ ਨੀਤੀ – 1986 ਬਣਾਈ ਗਈ ਸੀ। ਦਸਤਾਵੇਜ਼ ਵਿੱਚ ਸ਼ਾਮਲ ਕੀਤੇ ਸਾਰੇ ਸੁਝਾਅ ਮੰਨਣ ਦਾ ਮਤਲਬ ਹੋਣਾ ਸੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ । ਇਸ ਲਈ ਇਸ ਦਸਤਾਵੇਜ਼ ਦੇ ਸੁਝਾਵਾਂ ਨੂੰ ਹੌਲੀ-ਹੌਲੀ, ਕ੍ਰਮਵਾਰ ਲਾਗੂ ਕੀਤਾ ਗਿਆ ਅਤੇ ਅੱਜ ਮੋਟੇ ਤੌਰ 'ਤੇ ਅਸੀਂ ਸਿੱਖਿਆ ਖੇਤਰ ਵਿੱਚ ਜੋ ਨਵੀਆਂ ਤਬਦੀਲੀਆਂ ਨੂੰ ਵਿਕਸਤ ਹੋਇਆ ਦੇਖ ਰਹੇ ਹਾਂ ਜਿਵੇਂ, ਵਧ ਰਹੀਆਂ ਫੀਸਾਂ, ਸਿੱਖਿਆ ਦਾ ਗੈਰ-ਰਸਮੀਕਰਨ, ਕੈਂਪਸਾਂ ਦੀ ਜਮਹੂਰੀ ਸਪੇਸ ਦਾ ਸੁੰਗੜਦੇ ਜਾਣਾ ਆਦਿ ਇਹਨਾਂ ਦਾ ਮੁੱਢ ਇਸ ਨਵੀਂ ਸਿੱਖਿਆ ਨੀਤੀ ਰਾਹੀਂ ਹੀ ਬੱਝਾ ਸੀ । ਭਾਵੇਂ ਇਹਨਾਂ ਨੀਤੀਆਂ ਨੂੰ ਅਮਲੀ ਰੂਪ ਵਿੱਚ 1991 ਦੀਆਂ ਆਰਥਕ ਨੀਤੀਆਂ ਵਿੱਚ ਹੋਏ ਬਦਲਾਵਾਂ ਤੋਂ ਬਾਅਦ ਹੀ ਲਾਗੂ ਕੀਤਾ ਜਾਣਾ ਸ਼ੁਰੂ ਹੋਇਆ ਜਿਸ ਦੌਰ ਦੀ ਚਰਚਾ ਆਪਾਂ ਅਗਲੇ ਅੰਕ 'ਚ ਕਰਾਂਗੇ। •

---

(ਪੰਨਾ 7 ਦਾ ਬਾਕੀ ਹਿੱਸਾ )

# 'ਵਿਕਾਸ ਸੰਘਰਸ਼ ਸਮਿਤੀ': ਛੱਤੀਸਗੜ੍ਹ ਵਿੱਚ ਇੱਕ ...

ਦਾ ਮਹੱਤਵਪੂਰਨ ਅੰਗ ਹੈ ਜੋ ਹਰ ਘਟਨਾ ਦਾ ਵਿਸ਼ਲੇਸ਼ਣ ਹਾਕਮ ਜਮਾਤਾਂ ਦੇ ਨਜ਼ਰੀਏ ਤੋਂ ਕਰਦਾ ਹੈ। ਇਸੇ ਲਈ ਵੱਖ-ਵੱਖ, ਅਖ਼ਬਾਰਾਂ, ਟੀ.ਵੀ. ਚੈਨਲਾਂ, ਫਿਲਮਾਂ ਆਦਿ ਰਾਹੀਂ ਮੀਡੀਆ ਲੋਕਾਂ ਦੇ ਮਨਾਂ ਵਿੱਚ ਇਸ ਲੋਕ-ਵਿਰੋਧੀ ਖ਼ੂਨੀ ਜੰਗ ਨੂੰ ਦੇਸ਼-ਭਗਤ ਜੰਗ ਬਣਾ ਕੇ ਪੇਸ਼ ਕਰਦਾ ਹੈ। ਇਹਨਾਂ ਥਾਂਵਾਂ 'ਤੇ ਆਪਣੇ ਹੀ ਲੋਕਾਂ ਦਾ ਲਹੂ ਵਹਾਉਣ ਵਾਲ਼ੇ ਅਫ਼ਸਰਾਂ ਨੂੰ ਲੋਕ ਨਾਇਕ ਬਣਾ ਕੇ ਪੇਸ਼ ਕਰਦਾ ਹੈ। ਜਿਵੇਂ ਕਸ਼ਮੀਰ ਸਮੱਸਿਆ, ਨਕਸਲਵਾਦ ਆਦਿ 'ਤੇ ਬਣਨ ਵਾਲ਼ੀਆਂ ਹੈਦਰ, ਚੱਕਰਵਿਊ, ਜਾਲ:ਦਿ ਟ੍ਰੈਪ ਆਦਿ ਫਿਲਮਾਂ ਵੀ ਇਹੀ ਕੰਮ ਕਰਦੀਆਂ ਹਨ।

ਕੁਦਰਤ ਦਾ ਨਿਯਮ ਹੈ ਕਿ ਜਿੱਥੇ ਜ਼ੁਲਮ ਹੋਵੇਗਾ ਉੱਥੇ ਟਾਕਰਾ ਵੀ ਹੋਵੇਗਾ। ਪਰ ਇਹਨਾਂ ਪੂਰੀ ਤਰ੍ਹਾਂ ਵਿਵਸਥਿਤ, ਯੋਜਨਾਬੱਧ ਢੰਗ ਨਾਲ਼ ਸੰਚਾਲਿਤ ਜ਼ਬਰਾਂ ਦਾ ਟਾਕਰਾ ਵੀ ਲੋਕ ਸਮੂਹਿਕ ਰੂਪ ਵਿੱਚ ਹੀ ਕਰ ਸਕਦੇ ਹਨ। ਨਾਲ਼ ਹੀ ਲੋਕਾਂ ਨੂੰ ਇਹਨਾਂ ਸਮੱਸਿਆਵਾਂ, ਇਹਨਾਂ ਦੇ ਕਾਰਣਾਂ ਨੂੰ ਸਮਝਣ ਤੇ ਇਹਨਾਂ ਦੇ ਵਿਗਿਆਨਕ ਹੱਲ ਲਈ ਸਮਾਜ ਦੇ ਵਿਗਿਆਨ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਆਖ਼ਰ ਇਹਨਾਂ ਸਮੱਸਿਆਵਾਂ ਦੀਆਂ ਜੜ੍ਹਾਂ ਕਿੱਥੇ ਹਨ ਅਤੇ ਇਹਨਾਂ ਦਾ ਹੱਲ ਕਿਸ ਤਰ੍ਹਾ ਹੋ ਸਕਦਾ ਹੈ ? ਉਹ ਕਿਹੜੀ ਕੁੰਜੀਵਤ ਕੜੀ ਹੈ ਜਿਸ ਦੁਆਲੇ ਅਜਿਹੇ ਸਾਰੇ ਹੱਕੀ ਸ਼ੰਘਰਸ਼ਾਂ ਨੂੰ ਸਹੀ ਤਰੀਕੇ ਨਾਲ਼ ਜੋੜਿਆ ਜਾ ਸਕਦਾ ਹੈ ? ਕਿਉਂਕਿ ਅਜੋਕੇ ਹਨੇਰੇ ਦੌਰ ਵਿੱਚ ਵਿਗਿਆਨ ਹੀ ਇੱਕ ਅਜਿਹੀ ਕਿਰਨ ਹੈ ਜੋ ਲੋਕਾਂ ਨੂੰ ਰਾਹ ਦਿਖਾ ਸਕਦੀ ਹੈ ਅਤੇ ਜਿਸ 'ਤੇ ਲਾਮਬੰਦ ਹੋ ਕੇ ਹੀ ਉਹ ਭਵਿੱਖ ਦਾ ਕੋਈ ਪ੍ਰੋਗਰਾਮ ਬਣਾ ਸਕਦੇ ਹਨ।

# ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੀ ਇੱਕ ਅਹਿਮ ਚੁਣੌਤੀ

## *ਵਿਦਿਆਰਥੀਆਂ-ਨੌਜਵਾਨਾਂ ਵਿੱਚ ਸਰਗਰਮ ਪਿਛਾਖੜੀ ਸਿਆਸੀ ਧਾਰਾਵਾਂ*

**• ਗੁਰਪ੍ਰੀਤ**

ਮੌਜੂਦਾ ਭਾਰਤ ਦਾ ਸਿੱਖਿਆ ਢਾਂਚਾ ਇੱਕ ਡੂੰਘੇ ਸੰਕਟ ਵਿੱਚੋਂ ਲੰਘ ਰਿਹਾ ਹੈ। ਇਹ ਸੰਕਟ ਕੁੱਲ ਭਾਰਤੀ ਆਰਥਕ-ਸਮਾਜਕ ਢਾਂਚੇ ਦਾ ਹੀ ਹਿੱਸਾ ਹੈ ਜੋ ਆਪਣੀ ਵਾਰੀ ਸੰਕਟਗ੍ਰਸਤ ਸੰਸਾਰ ਸਰਮਾਏਦਾਰਾ ਢਾਂਚੇ ਦਾ ਅੰਗ ਹੈ। ਅੱਜ ਸਿੱਖਿਆ ਦੇ ਵਧਦੇ ਨਿੱਜੀਕਰਨ ਤੇ ਵਪਾਰੀਕਰਨ ਕਾਰਨ ਸਿੱਖਿਆ ਦਿਨੋਂ-ਦਿਨ ਮਹਿੰਗੀ ਹੁੰਦੀ ਜਾ ਰਹੀ ਹੈ। ਸਮਾਜ ਦਾ ਇੱਕ ਵੱਡਾ ਹਿੱਸਾ ਸਿੱਖਿਆ ਹਾਸਲ ਕਰਨ ਦੇ ਹੱਕ ਤੋਂ ਵੀ ਵਿਹੂਣਾ ਕੀਤਾ ਜਾ ਰਿਹਾ ਹੈ। ਕੁੱਲ ਸਿੱਖਿਆ ਹਾਸਲ ਕਰਨ ਯੋਗ ਅਬਾਦੀ ਦਾ 10 ਫੀਸਦੀ ਤੋਂ ਵੀ ਘੱਟ ਹਿੱਸਾ ਉੱਚ ਸਿੱਖਿਆ ਤੱਕ ਪਹੁੰਚ ਰਿਹਾ ਹੈ। ਦੂਜੇ ਪਾਸੇ ਵਧ ਰਹੀ ਬੇਰੁਜਗਾਰੀ ਕਾਰਨ ਇਹਨਾਂ ਥੋੜੇ ਜਿਹੇ ਡਿਗਰੀਆਂ ਪ੍ਰਾਪਤ ਨੌਜਵਾਨਾਂ ਨੂੰ ਵੀ ਰੁਜਗਾਰ ਨਹੀਂ ਮਿਲ ਰਿਹਾ। ਉੱਤੋਂ ਮਹਿੰਗੇ ਕਾਨਵੈਂਟ ਤੇ ਸਰਕਾਰੀ ਸਕੂਲਾਂ ਵਾਲੀ ਦੋਹਰੀ ਸਿੱਖਿਆ ਪ੍ਰਣਾਲੀ ਆਮ ਕਿਰਤੀਆਂ ਦੇ ਬੱਚਿਆਂ ਲਈ ਉੱਚ-ਸਿੱਖਿਆ ਤੇ ਰੁਜਗਾਰ ਦੇ ਸੀਮਤ ਮੌਕਿਆਂ ਨੂੰ ਹੋਰ ਵੀ ਔਖਾ ਬਣਾ ਰਹੀ ਹੈ। ਇਹਨਾਂ ਦੇ ਨਾਲ-ਨਾਲ ਵਿੱਦਿਅਕ ਸੰਸਥਾਵਾਂ ਵਿੱਚ ਲੋੜੀਂਦੀਆਂ ਸਹੂਲਤਾਂ ਤੇ ਵਿਦਿਆਰਥੀਆਂ ਦੇ ਜਮਹੂਰੀ ਹੱਕ ਵੀ ਸੀਮਤ ਹੁੰਦੇ ਜਾ ਰਹੇ ਹਨ। ਅਜਿਹੇ ਮਹੌਲ ਵਿੱਚ ਵਿਦਿਆਰਥੀਆਂ ਦਾ ਇੱਕਜੁੱਟ ਹੋਕੇ ਇਸ ਬੇਇਨਸਾਫੀ ਖਿਲਾਫ ਡਟਣਾ ਇੱਕ ਅਣਸਰਦੀ ਲੋੜ ਬਣਦਾ ਜਾ ਰਿਹਾ ਹੈ। ਪਰ ਕਿਉਂਕਿ ਸਿੱਖਿਆ ਢਾਂਚਾ ਵੀ ਸਮੁੱਚੇ ਭਾਰਤੀ ਸਰਮਾਏਦਾਰਾ ਢਾਂਚੇ ਦਾ ਅੰਗ ਹੈ, ਇਸ ਲਈ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਜਾਂ ਬੁਨਿਆਦੀ ਤਬਦੀਲੀ ਦਾ ਕੋਈ ਵੀ ਪ੍ਰੋਗਰਾਮ ਸਮੁੱਚੇ ਲੁਟੇਰੇ ਤੇ ਮਨੁੱਖਦੋਖੀ ਸਰਮਾਏਦਾਰਾ ਢਾਂਚੇ ਨੂੰ ਤਬਦੀਲ ਕਰਨ ਦੇ ਸਮੁੱਚੇ ਪ੍ਰੋਜੈਕਟ ਦਾ ਹੀ ਇੱਕ ਅੰਗ ਹੋ ਸਕਦਾ ਹੈ। ਇਸਤੋਂ ਬਿਨਾਂ ਸਿੱਖਿਆ ਢਾਂਚੇ ਵਿੱਚ ਕੋਈ ਵੱਡੇ ਸੁਧਾਰ ਜਾਂ ਬਦਲਾਅ ਸੰਭਵ ਨਹੀਂ ਹਨ। ਇਹ ਕੰਮ ਬਹੁਤ ਵੱਡਾ, ਔਖਾ ਤੇ ਚੁਣੌਤੀਆਂ ਭਰਿਆ ਹੈ ਇਸ ਲਈ ਇਹ ਸਮਾਜ ਵਿਗਿਆਨ ਦੀ ਡੂੰਘੀ ਸੂਝ, ਬੀਤੇ ਦੇ ਇਨਕਲਾਬੀ ਤਜਰਬਿਆਂ ਦੀਆਂ ਹਾਰਾਂ-ਜਿੱਤਾਂ ਦੀ ਵਿਰਾਸਤ, ਲੋਕਾਂ ਦੀ ਏਕਤਾ ਦੀ ਤਾਕਤ ਵਿੱਚ ਅਥਾਹ ਭਰੋਸੇ ਅਤੇ ਬਹਾਦਰੀ ਦੀ ਮੰਗ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਕਲਾਵੇ ਵਿੱਚ ਲੈਂਦੀ ਇੱਕ ਮਜਬੂਤ ਇਨਕਲਾਬੀ ਵਿਦਿਆਰਥੀ ਲਹਿਰ ਦੀ ਲੋੜ ਹੈ ਜੋ ਸਮੁੱਚੇ ਸਮਾਜਕ ਢਾਂਚੇ ਨੂੰ ਬਦਲਣ ਦੀ ਇਨਕਲਾਬੀ ਲਹਿਰ ਦੇ ਅੰਗ ਵਜੋਂ ਕੰਮ ਕਰਦੀ ਹੋਵੇ।

ਜਿੱਥੇ ਡੂੰਘੇ ਹੋ ਰਹੇ ਮੌਜੂਦਾ ਆਰਥਿਕ ਸੰਕਟ ਕਾਰਨ ਅਤੇ ਬੀਤੇ ਦੀਆਂ ਲਹਿਰਾਂ ਦੇ ਤਜਰਬੇ, ਹਾਰਾਂ-ਜਿੱਤਾਂ ਦੇ ਸਬਕਾਂ ਕਾਰਨ ਇੱਕ ਮਜਬੂਤ ਵਿਦਿਆਰਥੀ ਲਹਿਰ ਉਸਾਰਨ ਲਈ ਸਾਜਗਾਰ ਹਾਲਤਾਂ ਹਨ ਉੱਥੇ ਪਹਿਲਾਂ ਦੇ ਸਮੇਂ ਨਾਲੋਂ ਕੁੱਝ ਵੱਖਰੀਆਂ ਚੁਣੌਤੀਆਂ ਤੇ ਮੁਸ਼ਕਲਾਂ ਵੀ ਅੱਜ ਦੀ ਵਿਦਿਆਰਥੀ ਨੌਜਵਾਨ ਲਹਿਰ ਅੱਗੇ ਖੜ੍ਹੀਆਂ ਹਨ। ਇਹਨਾਂ ਵਿੱਚੋਂ ਅਸੀਂ ਵਿਦਿਆਰਥੀ ਲਹਿਰ ਨਾਲ ਜੁੜੇ ਉਹਨਾਂ ਗਲਤ ਸਿਆਸੀ ਰੁਝਾਨਾਂ ਦੀ ਗੱਲ ਕਰਾਂਗੇ ਜੋ ਵਿਦਿਆਰਥੀਆਂ ਦੀ ਊਰਜਾ ਨੂੰ ਕੁਰਾਹੇ ਪਾਉਣ ਅਤੇ ਇਨਕਲਾਬੀ ਵਿਦਿਆਰਥੀ ਸਿਆਸਤ ਨੂੰ ਖੋਰਾ ਲਾਉਣ ਦੇ ਰੂਪ ਵਿੱਚ ਮੌਜੂਦਾ ਢਾਂਚੇ ਦੀ ਸੇਵਾ ਕਰਦੇ ਹਨ। ਵਿਦਿਆਰਥੀਆਂ ਨੂੰ ਕੁਰਾਹੇ ਪਾਉਣ ਵਾਲੀਆਂ ਮੁੱਖ ਦੋ ਤਰ੍ਹਾਂ ਦੀਆਂ ਸਿਆਸੀ ਧਾਰਾਵਾਂ ਹਨ ਜੋ ਲੁਟੇਰੀਆਂ ਹਾਕਮ ਜਮਾਤਾਂ ਦੀ ਹੀ ਸੇਵਾ ਕਰਦੀਆਂ ਹਨ। ਪਹਿਲੀ ਧਾਰਾ ਸਰਮਾਏਦਾਰਾ ਵੋਟ ਪਾਰਟੀਆਂ ਦੇ ਵਿਦਿਆਰਥੀ-ਨੌਜਵਾਨ ਵਿੰਗ ਹਨ ਤੇ ਦੂਜੀ ਸੁਧਾਰਵਾਦ ਜਾਂ ਐੱਨ.ਜੀ.ਓ. ਦੀ ਸਿਆਸਤ ਹੈ। ਹਥਲੇ ਲੇਖ ਵਿੱਚ ਅਸੀਂ ਇਹਨਾਂ ਦੋਵਾਂ ਧਾਰਾਵਾਂ ਦੇ ਪੈਦਾ ਹੋਣ ਦੀ ਜਮੀਨ, ਉਹਨਾਂ ਦੇ ਉਦੇਸ਼, ਕੰਮ-ਢੰਗ ਤੇ ਉਹਨਾਂ ਦੇ ਟਾਕਰੇ ਦੀਆਂ ਯੁੱਧਨੀਤੀਆਂ ਬਾਰੇ ਗੱਲ ਕਰਾਂਗੇ।

ਵੋਟ ਪਾਰਟੀਆਂ ਨਾਲ ਜੁੜੇ ਵਿਦਿਆਰਥੀ-ਨੌਜਵਾਨ ਵਿੰਗਾਂ ਦਾ ਰੁਝਾਨ ਪਿਛਲੇ ਕੁੱਝ ਸਾਲਾਂ ਵਿੱਚ ਕਾਫੀ ਵਧਿਆ ਹੈ। ਕਾਂਗਰਸ, ਭਾਜਪਾ ਜਿਹੀਆਂ ਕੌਮੀ ਪੱਧਰੀ ਦੀਆਂ ਪਾਰਟੀਆਂ ਤੋਂ ਲੈ ਕੇ ਅਕਾਲੀ ਦਲ ਜਿਹੀਆਂ ਸੂਬਾਈ ਪੱਧਰ ਦੀਆਂ ਅਨੇਕਾਂ ਵੋਟਬਟੋਰੂ ਪਾਰਟੀਆਂ ਇਹ ਕੰਮ ਬਾਖੂਬੀ ਕਰ ਰਹੀਆਂ ਹਨ। ਪੰਜਾਬ ਵਿੱਚ ਮੁੱਖ ਤੌਰ 'ਤੇ ਕਾਂਗਰਸ ਦੀ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐੱਨ.ਐੱਸ.ਯੂ.ਆਈ.) ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਟੂਡੈਂਟਸ ਆਰਗੇਨਾਈਜੇਸ਼ਨ ਆਫ ਇੰਡੀਆ (ਐੱਸ.ਓ.ਆਈ.) ਅਜਿਹੀਆਂ ਜਥੇਬੰਦੀਆਂ ਹਨ। ਇਹ ਤਾਂ ਸਾਫ ਹੀ ਹੈ ਕਿ ਅੱਜ ਵੋਟ ਬਟੋਰੂ ਸਿਆਸਤ ਪੂਰੀ ਤਰ੍ਹਾਂ ਸਰਮਾਏਦਾਰ ਜਮਾਤ ਦੇ ਹੱਥ ਵਿੱਚ ਲੋਕਾਂ ਨੂੰ ਲੁੱਟਣ, ਕੁੱਟਣ ਤੇ ਭਰਮਾਉਣ ਦਾ ਸਾਧਨ ਹੈ। ਸਭ ਪਾਰਟੀਆਂ ਵਿੱਚ ਧਨਵਾਨਾਂ, ਸਰਮਾਏਦਾਰਾਂ ਦਾ ਗਲਬਾ ਹੈ। ਇਹਨਾਂ ਵਿੰਗਾਂ ਦੇ ਵਧਣ-ਫੁੱਲਣ ਦਾ ਕਾਰਨ ਸਿੱਖਿਆ ਦਾ ਵਧਦਾ ਨਿੱਜੀਕਰਨ, ਫੀਸਾਂ ਵਿੱਚ ਤੇਜੀ ਨਾਲ ਹੋ ਰਿਹਾ ਵਾਧਾ ਹੈ। ਇਸ ਕਾਰਨ ਵਿੱਦਿਅਕ ਸੰਸਥਾਵਾਂ ਵਿੱਚ ਸਮਾਜ ਦੇ ਉੱਪਰਲੇ ਧਨਾਢ ਤਬਕਿਆਂ ਦੇ ਨੌਜਵਾਨਾਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ ਤੇ ਗਰੀਬ ਤੇ ਆਮ ਮੱਧਵਰਗੀ ਪਰਿਵਾਰਾਂ ਦੇ ਬੱਚਿਆਂ ਦੀ ਗਿਣਤੀ ਤੇਜੀ ਨਾਲ ਘਟੀ ਹੈ। ਵੋਟ ਪਾਰਟੀਆਂ ਦੇ ਵਿਦਿਆਰਥੀ ਵਿੰਗ ਵਿੱਚ ਸਰਗਰਮ ਕਾਰਕੁੰਨ ਇਹਨਾਂ ਉੱਪਰਲੇ ਤਬਕਿਆਂ ਵਿੱਚੋਂ ਹੋਣ ਕਾਰਨ ਇਸ ਤਰ੍ਹਾਂ ਦੇ ਗਰੁੱਪ ਵੀ ਕੈਂਪਸਾਂ ਵਿੱਚ ਸਰਗਰਮ ਹੋਏ ਹਨ। ਇਹਨਾਂ

ਵਿੰਗਾਂ ਦਾ ਪਹਿਲਾ ਉਦੇਸ਼ ਇਹ ਹੁੰਦਾ ਹੈ ਕਿ ਇਹ ਸਰਮਾਏਦਾਰ ਜਮਾਤ ਦੇ ਨਵੇਂ ਸਿਆਸੀ ਨੁਮਾਇੰਦਿਆਂ ਲਈ ਸਿਖਲਾਈ ਕੈਂਪ ਦਾ ਕੰਮ ਕਰਦੇ ਹਨ। ਇਹਨਾਂ ਵਿੱਚ ਆਗੂ ਬਣੀਆਂ ਧਨਵਾਨਾਂ ਦੀਆਂ ਔਲਾਦਾਂ ਪੰਚਾਇਤ, ਨਗਰ ਨਿਗਮ ਤੋਂ ਲੈ ਕੇ ਐੱਮ.ਐੱਲ.ਏ ਤੇ ਐੱਮਪੀ ਬਣਨ ਦੀ ਸਿਖਲਾਈ ਹਾਸਲ ਕਰਦੇ ਹਨ। ਉਹ ਹਰ ਤਰ੍ਹਾਂ ਦੇ ਸਿਆਸੀ ਦਾਅਪੇਚ, ਤਿਕੜਮਬਾਜੀਆ, ਫਰੇਬ, ਪਖੰਡ, ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਆਦਿ ਸਿੱਖਦੇ ਹਨ ਜਿਸ ਦੀ ਮੁੜ ਸੂਬਾ ਜਾਂ ਕੇਂਦਰ ਪੱਧਰ ਦੀ ਸਰਕਾਰ ਚਲਾਉਣ ਲਈ ਉਹਨਾਂ ਨੂੰ ਲੋੜ ਹੁੰਦੀ ਹੈ। ਇਸ ਤਰ੍ਹਾਂ ਮੌਜੂਦਾ ਹਾਕਮ ਜਮਾਤਾਂ ਸਿੱਖਿਆ ਰਾਹੀਂ ਨਾ ਸਿਰਫ ਆਪਣੇ ਨੌਕਰਸ਼ਾਹ, ਤਕਨੀਸ਼ੀਅਨ, ਅਫਸਰ ਪੈਦਾ ਕਰ ਰਹੀਆਂ ਹਨ ਸਗੋਂ ਆਪਣੇ ਸਿਆਸੀ ਨੁਮਾਇੰਦਿਆਂ ਨੂੰ ਵੀ ਤਿਆਰ ਕਰ ਰਹੀਆਂ ਹਨ।

ਇਹਨਾਂ ਦਾ ਦੂਜਾ ਕੰਮ ਵੋਟ ਪਾਰਟੀਆਂ ਦੇ ਵੋਟ ਬੈਂਕ ਨੂੰ ਮਜਬੂਤ ਕਰਨਾ ਤੇ ਅਜਿਹਾ ਕਰਨ ਵਾਲੇ ਕਰਿੰਦੇ ਤਿਆਰ ਕਰਨਾ ਹੁੰਦਾ ਹੈ। ਇਹਨਾਂ ਜਥੇਬੰਦੀਆਂ ਨੂੰ ਅਕਸਰ ਕਾਲਜਾਂ, ਯੂਨੀਵਰਸਿਟੀਆਂ ਤੇ ਪਿੰਡਾਂ ਵਿੱਚੋਂ ਗੱਡੀਆਂ ਭਰ ਕੇ ਵਿਦਿਆਰਥੀਆਂ-ਨੌਜਵਾਨਾਂ ਨੂੰ ਚੋਣ ਰੈਲੀਆਂ 'ਤੇ ਲਿਜਾਂਦੇ ਦੇਖਿਆ ਜਾ ਸਕਦਾ ਹੈ। ਬਦਲੇ ਵਿੱਚ ਇਹ ਵਿਦਿਆਰਥੀਆਂ-ਨੌਜਵਾਨਾਂ ਨੂੰ ਨਸ਼ੇ ਤੇ ਰੁਪਏ ਆਦਿ ਵੰਡਦੇ ਹਨ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਇਹ ਗੁੰਡਾਗਰਦੀ ਤੇ ਸਿਆਸੀ ਚੌਧਰ ਦਾ ਵੀ ਸਹਾਰਾ ਲੈਂਦੇ ਹਨ। ਚੋਣ ਰੈਲੀਆਂ ਦੌਰਾਨ ਭਾੜੇ ਦੇ ਸ੍ਰੋਤ ਖ੍ਰੀਦ ਕੇ ਇਕੱਠ ਕਰਨਾ, ਚੋਣਾਂ ਸਮੇਂ ਵੋਟਾਂ ਮੰਗਣ ਦੀ ਫੇਰੀ ਲਾਉਣਾ, ਤਿਕੜਮਬਾਜੀਆਂ, ਸੌਦੇਬਾਜੀਆਂ ਕਰਨ, ਨਸ਼ੇ ਵੰਡਣ ਤੇ ਧੱਕੇਸ਼ਾਹੀ ਕਰਨ ਸਮੇਂ ਇਸੇ ਤਰ੍ਹਾਂ ਤਿਆਰ ਕੀਤੇ ਕਰਿੰਦੇ ਬਹੁਤ ਕੰਮ ਆਉਂਦੇ ਹਨ।

ਇਸ ਸਿਆਸਤ ਦਾ ਤੀਜਾ ਅਹਿਮ ਹੱਲਾ ਵਿਦਿਆਰਥੀਆਂ ਦੀ ਸਿਆਸੀ ਚੇਤਨਾ ਨੂੰ ਖੁੰਢਾ ਕਰਨ ਤੇ ਇਸ ਤਰ੍ਹਾਂ ਸਮੁੱਚੀ ਵਿਦਿਆਰਥੀ ਲਹਿਰ ਨੂੰ ਖੋਰਾ ਲਾਉਣ ਦੇ ਰੂਪ ਵਿੱਚ ਹੁੰਦਾ ਹੈ। ਗੱਲ ਸਿਰਫ ਇੰਨੀ ਨਹੀਂ ਕਿ ਜੋ ਵਿਦਿਆਰਥੀ ਅਜਿਹੀਆਂ ਜਥੇਬੰਦੀਆਂ ਦੇ ਸੰਪਰਕ ਵਿੱਚ ਆਉਂਦੇ ਹਨ ਉਹ ਆਪਣਾ ਖਾੜਕੂ ਖਾਸਾ, ਸੰਵੇਦਨਸ਼ੀਲਤਾ ਗਵਾਉਂਦੇ ਜਾਂਦੇ ਹਨ। ਇਸਤੋਂ ਵੀ ਵੱਧ ਇਹ ਤਬਕਾ ਸਮੁੱਚੇ ਕੈਂਪਸ ਦੇ ਮਹੌਲ ਨੂੰ ਵਿਗਾੜਦਾ ਹੈ। ਇਹ ਆਪਣੇ ਆਰਥਿਕ 'ਤੇ ਸੱਭਿਆਚਾਰਕ ਹੱਲੇ ਰਾਹੀਂ ਵੀ ਵਿਦਿਆਰਥੀਆਂ ਦੀ ਊਰਜਾ ਨੂੰ ਨੁਕਸਾਨ ਕਰਦਾ ਹੈ। ਆਮ ਘਰਾਂ ਦੇ ਵਿਦਿਆਰਥੀਆਂ ਦਾ ਇੱਕ ਵੱਡਾ ਹਿੱਸਾ ਇਹਨਾਂ ਧਨਾਢਾਂ ਦੇ ਆਰਥਿਕ ਚਕਾਚੌਂਧ, ਅੱਯਾਸ਼ੀ ਭਰੀ ਜਿੰਦਗੀ ਤੋਂ ਪ੍ਰਭਾਵਿਤ ਹੋਕੇ ਉਹਨਾਂ ਵਰਗੀ ਹੀ ਜਿੰਦਗੀ ਦੇ ਸੁਪਨੇ ਲੈਣ ਲਗਦਾ ਹੈ। ਜਿਹੜੇ ਆਮ ਪਰਿਵਾਰਾਂ ਦੇ ਨੌਜਵਾਨ ਇਹਨਾਂ ਜਥੇਬੰਦੀਆਂ ਵਿੱਚ ਸ਼ਾਮਲ ਹੁੰਦੇ ਹਨ ਉਹ ਧਨਾਢ ਆਗੂਆਂ ਦੀ ਚਾਕਰੀ, ਜੀ-ਹਜੂਰੀ ਤੇ ਚਾਪਲੂਸੀ ਦੇ ਆਦੀ ਹੋ ਜਾਂਦੇ ਹਨ। ਇਸ ਤੋਂ ਬਿਨਾਂ ਇਹ ਜਮਾਤ ਕੈਂਪਸਾਂ ਵਿੱਚ ਆਪਣਾ ਸੱਭਿਆਚਾਰਕ ਪ੍ਰਭਾਵ ਵੀ ਫੈਲਾਉਂਦੀ ਹੈ ਜਿਸਦਾ ਵਿਦਿਆਰਥੀਆਂ ਉੱਤੇ ਵੱਡੇ ਪੱਧਰ 'ਤੇ ਮਾੜਾ ਅਸਰ ਪੈਂਦਾ ਹੈ। ਔਰਤਾਂ ਨੂੰ ਭੋਗਣ ਦਾ ਸਾਧਨ ਸਮਝਣਾ, ਉਹਨਾਂ ਨੂੰ ਤੰਗ-ਪ੍ਰੇਸ਼ਾਨ ਕਰਨ 'ਚ ਖੁਸ਼ੀ ਹਾਸਲ ਕਰਨਾ, ਗੁੰਡਾਗਰਦੀ, ਵੈਲੀਪੁਣਾ, ਕੱਪੜਿਆ, ਬੂਟਾਂ ਦਾ ਬ੍ਰਾਂਡ ਕਲਚਰ ਤੇ ਇਸਤੋਂ ਵੀ ਅੱਗੇ ਵਧ ਕੇ ਸਰੀਰਕ ਮਿਹਨਤ ਨੂੰ ਨਫਰਤ ਕਰਨਾ ਤੇ ਕਿਰਤੀਆਂ-ਮਜਦੂਰ ਅਬਾਦੀ ਨੂੰ ਕੀੜੇ-ਮਕੌੜੇ ਸਮਝਣਾ ਸ਼ਾਮਲ ਹੈ। ਸਾਫ ਹੀ ਹੈ ਕਿ ਅਜਿਹੀਆਂ ਕਦਰਾਂ-ਕੀਮਤਾਂ ਤੇ ਸੱਭਿਆਚਾਰ ਵਾਲੇ ਨੌਜਵਾਨ ਨਵਾਂ ਸਮਾਜ ਘੜਨ ਵਾਲੀ ਇਨਕਲਾਬੀ ਲਹਿਰ ਦਾ ਹਿੱਸਾ ਨਹੀਂ ਹੋ ਸਕਦੇ। ਇਨਕਲਾਬ ਨੂੰ ਬੇਦਾਵਾ ਦੇ ਚੁੱਕੀਆਂ ਮਾਕਪਾ ਤੇ ਭਾਕਪਾ ਤੇ ਲਿਬਰੇਸ਼ਨ ਜਿਹੀਆਂ ਸੋਧਵਾਦੀ ਪਾਰਟੀਆਂ ਦੇ ਨੌਜਵਾਨ-ਵਿਦਿਆਰਥੀ ਵਿੰਗ ਵੀ ਇਸ ਢਾਂਚੇ ਦੀ ਸੇਵਾ ਵਿੱਚ ਹੀ ਭੁਗਤਦੇ ਹਨ। ਇਹ ਜਥੇਬੰਦੀਆਂ ਕੁੱਝ ਰੈਡੀਕਲ ਰੁਖ ਵੀ ਅਪਣਾਉਂਦੀਆਂ ਹਨ ਤੇ ਉਹਨਾਂ ਵਿੱਚ ਇਮਾਨਦਾਰ, ਸੰਵੇਦਨਸ਼ੀਲ ਕਾਡਰ ਵੀ ਮੌਜੂਦ ਹਨ, ਇਸ ਲਈ ਉਹਨਾਂ ਨੂੰ ਪੂਰੀ ਤਰ੍ਹਾਂ ਕਾਂਗਰਸ, ਭਾਜਪਾ ਦੇ ਵਿਦਿਆਰਥੀ ਵਿੰਗਾਂ ਬਰਾਬਰ ਨਹੀਂ ਰੱਖਿਆ ਜਾ ਸਕਦਾ ਪਰ ਉਹਨਾਂ ਤੋਂ ਬਹੁਤੀ ਉਮੀਦ ਵੀ ਨਹੀਂ ਰੱਖੀ ਜਾ ਸਕਦੀ। ਕਿਉਂਕਿ ਜਿਸ ਧਾਰਾ ਲਈ ਇਨਕਲਾਬ ਸਿਰਫ ਨਾਹਰੇ ਲਾਉਣ ਤੇ ਕਾਗਜ ਕਾਲੇ ਕਰਨ ਦਾ ਸਾਧਨ ਹੈ ਉਹਨਾਂ ਨੇ ਆਪਣੀਆਂ ਸਭ ਕਾਰਵਾਈਆਂ ਦੇ ਬਾਵਜੂਦ ਵਿਦਿਆਰਥੀਆਂ ਦੀ ਸਿਆਸੀ ਚੇਤਨਾ ਨੂੰ ਖੁੰਢਾ ਕਰਨ ਤੇ ਉਹਨਾਂ ਦੀ ਊਰਜਾ, ਸੰਵਦਨਸ਼ੀਲਤਾ ਨੂੰ ਪਸਤ ਕਰਨ ਵੱਲ ਹੀ ਭੁਗਤਣਾ ਹੈ।

ਸਿਰਫ ਵੋਟ ਪਾਰਟੀਆਂ ਨਾਲ ਅਸਿੱਧੀਆਂ ਜੁੜੀਆਂ ਜਥੇਬੰਦੀਆਂ ਹੀ ਨਹੀਂ ਸਗੋਂ ਕਈ ਤਰ੍ਹਾਂ ਦੇ ਨੌਜਾਵਾਨਾਂ-ਵਿਦਿਆਰਥੀਆਂ 'ਤੇ ਅਧਾਰਤ ਗੁੰਡਾ ਗਰੁੱਪ ਵੀ ਅਜਿਹਾ ਕਰਦੇ ਹਨ। ਪੰਜਾਬ ਵਿੱਚ ਇਹਨਾਂ ਗੁੰਡਾ ਗਰੁੱਪਾਂ ਦਾ ਕੰਮ ਇੱਟ ਉੱਤੇ ਬੈਠੇ ਡੱਡੂਆਂ ਵਾਲਾ ਹੈ। ਵੋਟ ਪਾਰਟੀਆਂ, ਲੀਡਰਾਂ ਦੇ ਭਾੜੇ ਦੇ ਗੁੰਡਿਆਂ ਵਾਂਗ ਕੰਮ ਕਰਦੇ ਇਹ ਗਰੁੱਪ ਗੁੰਡਾਗਰਦੀ, ਨਜਾਇਜ ਕਬਜੇ ਤੇ ਨਸ਼ਿਆਂ ਦੇ ਕਾਰੋਬਾਰ ਜਿਹੇ ਅਨੇਕਾਂ ਘਟੀਆ ਕੰਮ ਤਾਂ ਕਰਦੇ ਹੀ ਹਨ ਤੇ ਨਾਲ ਹੀ ਵਿਦਿਆਰਥੀਆਂ ਦੇ ਇੱਕ ਹਿੱਸੇ ਵਿੱਚ ਸੰਨ੍ਹ ਲਾਉਂਦੇ ਹਨ। ਵੈਲੀਪੁਣੇ ਦੀ ਚਮਕ ਤੇ "ਬਾਈਗਿਰੀ" ਤੇ "ਪ੍ਰਧਾਨਗੀ" ਆਦਿ ਦੇ ਚੱਕਰ ਵਿੱਚ ਅਨੇਕਾਂ ਵਿਦਿਆਰਥੀ-ਨੌਜਵਾਨ ਇਹਨਾਂ ਗੁੰਡਾ ਗਰੋਹਾਂ ਦੇ ਧੱਕੇ ਚੜ ਜਾਂਦੇ ਹਨ। ਇਹਨਾਂ ਜਾਇਜ, ਨਾਜਾਇਜ ਗਰੁੱਪਾਂ ਵਿੱਚ ਅਕਸਰ "ਪ੍ਰਧਾਨ" ਉੱਚ ਤਬਕਿਆਂ ਵਿੱਚੋਂ ਹੁੰਦੇ ਹਨ ਜਿਨ੍ਹਾਂ ਦੀ ਆਰਥਿਕ ਹੈਸੀਅਤ ਦੇ ਨਾਲ-ਨਾਲ ਉਹਨਾਂ ਦੀ ਸੱਤਾ ਵਿੱਚ ਵੀ ਅੱਛੀ-ਖਾਸੀ ਪਹੁੰਚ ਹੁੰਦੀ ਹੈ। ਜਦਕਿ ਇਹਨਾਂ ਵਿੱਚ ਸ਼ਾਮਲ ਚੇਲੇ-ਚਪਟੇ, ਗੁੰਡੇ, ਕਾਰਕੁੰਨ ਆਮ ਤੌਰ 'ਤੇ ਆਮ ਮੱਧਵਰਗੀ ਘਰਾਂ ਦੇ ਨੌਜਵਾਨ ਹੁੰਦੇ ਹਨ। ਕਿਉਂਕਿ ਮੱਧਵਰਗ ਦਾ ਇੱਕ ਪਾਸੇ ਅਮੀਰ ਬਣਨ ਦੇ ਸੁਪਨੇ ਲੈਂਦਾ ਹੈ ਤੇ ਨਾਲ ਹੀ ਅੰਨ੍ਹੇ ਮੁਕਾਬਲੇ ਦੇ ਮਹੌਲ ਵਿੱਚ ਉਹ ਲਗਾਤਾਰ ਤਬਾਹ ਹੋਣ ਦੇ ਖੌਫ ਵਿੱਚ ਵੀ ਜਿਉਂਦਾ ਹੈ। ਆਪਣੀ ਇਸ ਸਮਾਜਿਕ ਹੈਸੀਅਤ ਵਿੱਚੋਂ ਪੈਦਾ ਹੋਈ ਡਾਵਾਂਡੋਲਤਾ ਕਾਰਨ ਇਹਨਾਂ ਘਰਾਂ ਦੇ ਨੌਜਵਾਨ ਬੇਚੈਨੀ, ਨਿਰਾਸ਼ਾ ਦੇ ਮਹੌਲ ਵਿੱਚ ਜਿਉਂਦੇ ਹਨ। ਇਹਨਾਂ ਦਾ ਇੱਕ ਛੋਟਾ ਹਿੱਸਾ ਇਤਿਹਾਸ ਤੇ ਸਮਾਜ ਵਿਗਿਆਨ ਦੀ ਸੂਝ ਹਾਸਲ ਕਰਦਾ ਹੋਇਆ ਤੇ ਲੋਕਾਂ ਦੀ

ਤਾਕਤ ਦੇ ਇਤਿਹਾਸਕ ਮਹੱਤਵ ਨੂੰ ਪਛਾਣਦਾ ਹੋਇਆ ਇਨਕਲਾਬੀ ਲਹਿਰਾਂ ਵਿੱਚ ਸ਼ਾਮਲ ਹੋ ਜਾਂਦਾ ਹੈ ਪਰ ਵੱਡਾ ਹਿੱਸਾ ਸੁਰੱਖਿਅਤ ਜਿੰਦਗੀ ਦੀ ਭਾਲ ਵਿੱਚ ਉੱਪਰਲੇ ਤਬਕਿਆਂ ਨਾਲ ਗੰਢ-ਸੰਢ ਕਰਨ ਦੇ ਰਾਹ ਭਾਲਦਾ ਰਹਿੰਦਾ ਹੈ। ਇਸੇ ਕਾਰਨ ਉਹ ਚਿੱਟੇ ਕੁੜਤਿਆਂ, ਕੁੰਡੀਆਂ ਮੁੱਛਾਂ ਤੇ ਖੋਖਲੀ ਬਹਾਦਰੀ, ਵੈਲੀਪੁਣੇ ਨਾਲ ਧਨਾਢਾਂ, ਸਰਮਾਏਦਾਰਾਂ ਦੀ ਸਿਆਸੀ ਤਾਕਤ ਦੀ ਛਾਂ ਹੇਠ ਉਹਨਾਂ ਦੀ ਚਾਕਰੀ ਕਰਨ ਲਗਦੇ ਹਨ। ਨੌਜਵਾਨਾਂ ਵਿਚਲਾ ਭਾਰੂ ਸੱਭਿਆਚਾਰ ਜੋ ਫਿਲਮਾਂ, ਗੀਤਾਂ ਦੇ ਸਿਰ ਉੱਤੇ ਵਧੇਰੇ ਵਧ-ਫੁੱਲ ਰਿਹਾ ਹੈ, ਉਸਦੇ ਪ੍ਰਭਾਵ ਕਾਰਨ ਵੀ ਇਹ ਨੌਜਵਾਨ ਇਸ ਚਿੱਕੜਨੁਮਾ ਰਾਹ ਵੱਲ ਖਿੱਚੇ ਜਾਂਦੇ ਹਨ। ਜਿੱਥੇ ਉਹ ਇੱਕ ਸਮੇਂ ਤੱਕ ਵਰਤੇ ਜਾਂਦੇ ਹਨ ਤੇ ਫਿਰ ਨਾਕਾਰਾ ਹੋਣ ਮਗਰੋਂ ਕੂੜੇਦਾਨ ਵਿੱਚ ਸੁੱਟ ਦਿੱਤੇ ਜਾਂਦੇ ਹਨ। ਇਹ ਆਮ ਮੱਧਵਰਗੀ ਨੌਜਵਾਨਾਂ-ਵਿਦਿਆਰਥੀਆਂ ਦੀ ਬਹੁਤ ਵੱਡੀ ਤ੍ਰਾਸਦੀ ਹੈ।

ਫਿਰਕੂ ਤਾਕਤਾਂ ਦੇ ਵਿਦਿਆਰਥੀ-ਨੌਜਵਾਨ ਵਿੰਗ ਵੀ ਇਸੇ ਵੰਨਗੀ ਵਿੱਚ ਹੀ ਆਉਂਦੇ ਹਨ। ਮਿਸਾਲ ਵਜੋਂ ਰਾਸ਼ਟਰੀ ਸਵੈਸੇਵਕ ਸੰਘ ਨਾਲ ਜੁੜੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਹਿੰਦੂ ਵਾਹਿਣੀ ਤੇ ਦੁਰਗਾ ਵਾਹਿਣੀ ਜਿਹੀਆਂ ਜਥੇਬੰਦੀਆਂ ਦੀ ਚਰਚਾ ਕੀਤੀ ਜਾ ਸਕਦੀ ਹੈ। ਕੁੱਝ ਅਰਥਾਂ ਵਿੱਚ ਇਹ ਬਾਕੀ ਵੋਟ ਪਾਰਟੀਆਂ ਦੀਆਂ ਜਥੇਬੰਦੀਆਂ ਨਾਲੋਂ ਜਿਆਦਾ ਖਤਰਨਾਕ ਹਨ ਕਿਉਂਕਿ ਲੋਕਾਂ ਨੂੰ ਧਰਮ, ਜਾਤ, ਫਿਰਕੇ ਦੇ ਨਾਮ 'ਤੇ ਵੰਡਣ ਵਾਲੀਆਂ ਇਹ ਤਾਕਤਾਂ ਵਿਦਿਆਰਥੀਆਂ ਦੇ ਮਨਾਂ ਵਿੱਚ ਫਿਰਕੂ ਜਹਿਰ ਭਰਦੀਆਂ ਹਨ ਤੇ ਉਹਨਾਂ ਦੇ ਦਿਮਾਗਾਂ ਨੂੰ ਹਰ ਤਰ੍ਹਾਂ ਦੇ ਗੈਰਵਿਗਿਆਨਕ, ਗੈਰ-ਜਮਹੂਰੀ ਤੇ ਪਿਛਾਖੜੀ ਵਿਚਾਰਾਂ ਨਾਲ ਭਰਦੀਆਂ ਹਨ। ਇਹਨਾਂ ਵਿੱਚੋਂ ਹੀ ਫਿਰਕੂ ਤਾਕਤਾਂ ਤਬਦੀਲੀ ਤੇ ਸਮਾਜਕ ਬਦਲਾਅ ਦੇ ਨਾਮ 'ਤੇ ਕਤਲੇਆਮ, ਦੰਗੇ ਕਰਨ ਤੇ ਦਹਿਸ਼ਤ ਪੈਦਾ ਕਰਨ ਲਈ ਗੁੰਡੇ ਭਰਤੀ ਕਰਦੀਆਂ ਹਨ। ਬਾਬਰੀ ਮਸਜਿਦ, 2002 ਦੇ ਗੁਜਰਾਤ ਕਤਲੇਆਮ ਜਿਹੀਆਂ ਯੋਜਨਾਬੱਧ ਨਸਲਕੁਸ਼ੀਆਂ ਵਿੱਚ ਇਹਨਾਂ ਵਿੱਚੋਂ ਭਰਤੀ ਨੌਜਵਾਨਾਂ ਦੀ ਵੱਡੇ ਪੱਧਰ 'ਤੇ ਵਰਤੋਂ ਹੁੰਦੀ ਰਹੀ ਹੈ ਤੇ ਹੁਣ ਵੀ ਹੋ ਰਹੀ ਹੈ।

ਦੂਜੀ ਧਾਰਾ ਸੁਧਾਰਵਾਦੀ ਜਾਂ ਐੱਨ.ਜੀ.ਓ. ਸਿਆਸਤ ਦੀ ਹੈ। ਇਹ ਧਾਰਾ ਵੀ ਪਿਛਲੇ ਕੁੱਝ ਦਹਾਕਿਆਂ ਵਿੱਚ ਸੰਸਾਰ ਪੱਧਰ 'ਤੇ ਕਾਫੀ ਸਰਗਰਮ ਹੋਈ ਹੈ। 70ਵਿਆਂ ਤੋਂ ਬਾਅਦ ਅਜਿਹੀਆਂ ਗੈਰ-ਸਰਕਾਰੀ ਜਥੇਬੰਦੀਆਂ (ਐੱਨ.ਜੀ.ਓ.) ਦੀ ਗਿਣਤੀ ਵਿੱਚ ਤੇਜੀ ਨਾਲ ਵਾਧਾ ਹੋਇਆ ਹੈ ਜੋ ਸਾਮਰਾਜੀ ਫੰਡਿੰਗ ਏਜੰਸੀਆਂ, ਸਰਮਾਏਦਾਰ ਘਰਾਣਿਆਂ ਦੇ ਚੰਦਿਆਂ ਉੱਤੇ ਪਲਦੀਆਂ ਹਨ। ਇਹ ਪੂਰੇ ਯੋਜਨਾਬੱਧ ਉਦੇਸ਼ ਤਹਿਤ ਉਸਾਰੀਆਂ ਗਈਆਂ ਹਨ। ਇਹਨਾਂ ਵਿੱਚ ਨੌਜਵਾਨਾਂ ਨੂੰ ਸਮਾਜਕ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਲੋਕਾਂ ਵਿੱਚ ਕੁੱਝ ਸੁਧਾਰ ਤੇ ਰਾਹਤ ਦੇ ਕੰਮ ਕਰਨ ਲਈ ਪ੍ਰੇਰਿਆ ਜਾਂਦਾ ਹੈ। ਬਦਲੇ ਵਿੱਚ ਨੌਜਵਾਨਾਂ ਨੂੰ ਤਨਖਾਹਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਲੋਕਾਂ ਪ੍ਰਤੀ ਹਮਦਰਦੀ ਤੇ ਸਮਾਜਕ ਸਮੱਸਿਆਂ ਨਾਲ ਸਰੋਕਾਰ ਰੱਖਣ ਵਾਲੇ ਨੌਜਵਾਨਾਂ ਨੂੰ "ਨਾਲੇ ਪੁੰਨ, ਨਾਲੇ ਫਲੀਆਂ" ਦਾ ਮੁਹਾਵਰਾ ਪੜ੍ਹਾਇਆ ਜਾਂਦਾ ਹੈ। ਯੋਜਨਾਬੱਧ ਢੰਗ ਨਾਲ ਅਤੇ ਸਾਮਰਾਜੀ ਫੰਡਾਂ 'ਤੇ ਚਲਦੀਆਂ ਜਥੇਬੰਦੀਆਂ ਤੋਂ ਬਿਨਾਂ ਇਹਨਾਂ ਦੀ ਦੇਖਾ-ਦੇਖੀ ਆਪ-ਮੁਹਾਰੇ ਪੈਦਾ ਹੋਈਆਂ ਸਮਾਜ ਸੇਵੀ ਜਥੇਬੰਦੀਆਂ ਦਾ ਵੀ ਤਾਣਾ-ਬਾਣਾ ਸਮਾਜ ਵਿੱਚ ਵੱਡੇ ਪੱਧਰ 'ਤੇ ਫੈਲਿਆ ਹੈ। ਇਹਨਾਂ ਵਿੱਚ ਭਾਵੇਂ ਤਨਖਾਹ ਵਾਲਾ ਮਾਮਲਾ ਨਾ ਹੋਵੇ ਪਰ ਇਹਨਾਂ ਦੀ ਫੰਡਿਗ ਕਰਨ ਲਈ ਵੀ ਧਨਾਢ ਤਬਕਾ ਤਿਆਰ ਹੀ ਬੈਠਾ ਹੁੰਦਾ ਹੈ। ਧਰਮ ਅਧਾਰਤ ਉੱਗਦੀਆਂ ਸੇਵਾ ਸੰਸਥਾਵਾਂ ਨੂੰ ਵੀ ਇਸੇ ਜੁਮਰੇ ਵਿੱਚ ਰੱਖਿਆ ਜਾ ਸਕਦਾ ਹੈ। ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਤੋਂ ਬਿਨਾਂ ਅਧਿਆਪਕ, ਪ੍ਰੋਫੈਸਰ ਆਦਿ ਵੀ ਇਹਨਾਂ ਵਿੱਚ ਸ਼ਾਮਲ ਹੁੰਦੇ ਹਨ। ਇਹ ਸੰਸਥਾਵਾਂ ਰੁੱਖ ਲਗਾਉਣ, ਗਰੀਬਾਂ ਨੂੰ ਕੱਪੜੇ, ਕੰਬਲ ਆਦਿ ਵੰਡਣ, ਮੈਡੀਕਲ ਕੈਂਪ ਲਾਉਣ, ਸਫਾਈ ਮੁਹਿੰਮ ਚਲਾਉਣ ਜਿਹੀਆਂ ਸੁਧਾਰ ਦੀਆਂ ਕਾਰਵਾਈਆਂ ਤੋਂ ਲੈ ਕੇ ਸੈਮੀਨਾਰ, ਵਿਚਾਰ-ਚਰਚਾਵਾਂ, ਚੇਤਨਤਾ ਰੈਲੀਆਂ, ਮਾਰਚ ਕੱਢਣ ਜਿਹੇ ਕੰਮ ਕਰਦੀਆਂ ਹਨ। ਵੱਧ ਤੋਂ ਵੱਧ ਇਹ ਰੈਡੀਕਲ ਕਾਰਵਾਈਆਂ ਦੇ ਨਾਮ ਉੱਤੇ ਮੋਮਬੱਤੀ ਮਾਰਚ ਕੱਢਣ ਜਿਹੀਆਂ ਠੁੱਸ ਕਾਰਵਾਈਆਂ ਕਰਦੀਆਂ ਹਨ। ਇਹਨਾਂ ਦੇ ਆਗੂ, ਕਾਰਕੁੰਨ ਸੁਰੱਖਿਅਤ ਖੁੱਡਾਂ ਵਿੱਚ ਪਲਦੇ ਹੋਏ ਸਮਾਜਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਭਰਮ ਪਾਲਦੇ ਹਨ। ਇਹ ਸੁਧਾਰਵਾਦੀ ਸਿਆਸਤ ਇੱਕੋ ਤੀਰ ਨਾਲ ਕਈ ਸ਼ਿਕਾਰ ਕਰਕੇ ਮੌਜੂਦਾ ਲੁਟੇਰੇ ਹਾਕਮਾਂ ਦੀ ਸੇਵਾ ਕਰਦੀਆਂ ਹਨ।

ਸਭ ਤੋਂ ਪਹਿਲਾਂ ਤਾਂ ਇਹ ਸੁਧਾਰਵਾਦੀ ਸਿਆਸਤ ਸਮਾਜ ਦੀਆਂ ਗੰਭੀਰ ਹੋ ਰਹੀਆਂ ਸਮੱਸਿਆਵਾਂ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਜੜਾਂ ਤੋਂ ਖਤਮ ਕਰਨ ਦੀ ਥਾਂ ਸਿਰਫ ਕੁੱਝ ਸੁਧਾਰਾਂ ਤੱਕ ਸੀਮਤ ਰਹਿੰਦੀਆਂ ਹਨ। ਇਸ ਤਰ੍ਹਾਂ ਇਹ ਮੌਜੂਦਾ ਲੋਟੂ ਢਾਂਚੇ ਦੇ ਨੰਗੇ ਹੋ ਰਹੇ ਚਰਿੱਤਰ ਉੱਤੇ ਮੱਲਮ-ਪੱਟੀ, ਟਾਕੀਬਾਜੀ ਕਰਕੇ ਅਤੇ ਲੋਕਾਂ ਦੇ ਢਾਂਚੇ ਖਿਲਾਫ ਗੁੱਸੇ ਉੱਪਰ ਠੰਡੇ ਪਾਣੀ ਦੇ ਛਿੱਟੇ ਮਾਰਕੇ ਇਸਨੂੰ ਸ਼ਾਂਤ ਕਰਨ ਦੇ ਰੂਪ ਵਿੱਚ ਇਸ ਮਨੁੱਖਦੋਖੀ ਢਾਂਚੇ ਦੀ ਉਮਰ ਵਧਾਉਣ ਦਾ ਕੰਮ ਕਰਦੀਆਂ ਹਨ। ਦੂਜਾ ਇਹ ਸਮਾਜ ਦੇ ਊਰਜਾਵਾਨ, ਸੰਵੇਦਨਸ਼ੀਲ, ਇਮਾਨਦਾਰ ਤੇ ਬਹਾਦਰ ਨੌਜਵਾਨਾਂ ਨੂੰ ਇਨਕਲਾਬੀ ਵਿਰਾਸਤ, ਸਮਾਜ ਦੀ ਵਿਗਿਆਨਕ ਸੂਝ ਤੇ ਸਮੁੱਚੇ ਲੁਟੇਰੇ ਪ੍ਰਬੰਧ ਨੂੰ ਬਦਲਣ ਦੀ ਲੜਾਈ ਨਾਲ ਜੋੜਨ ਦੀ ਥਾਂ ਉਹਨਾਂ ਨੂੰ ਕੁੱਝ ਸੁਧਾਰ ਦੇ ਕੰਮਾਂ ਰਾਹੀਂ ਇਸ ਢਾਂਚੇ ਨੂੰ ਟਾਕੀਆਂ ਲਾਉਣ ਦੇ ਪਿਛਾਖੜੀ ਸਿਆਸਤ ਦਾ ਹਿੱਸਾ ਬਣਾ ਲੈਂਦੀ ਹੈ। ਇਸ ਤਰ੍ਹਾਂ ਇਹਨਾਂ ਨੌਜਵਾਨਾਂ ਦੀ ਊਰਜਾ ਨੂੰ ਨਾਕਸ ਕਰਕੇ ਉਹਨਾਂ ਨੂੰ ਨਖਿੱਧ, ਕੈਰੀਅਰਵਾਦੀ, ਮੌਕਾਪ੍ਰਸਤ, ਫੈਸ਼ਨਪ੍ਰਸਤ, ਬੁਜਦਿਲਾ ਬਣਾ ਦਿੰਦੀਆਂ ਹਨ। ਤੀਜਾ ਨੁਕਸਾਨ ਇਹ ਲੋਕਾਂ ਨੂੰ ਲਾਮਬੰਦ ਹੋਣ, ਸਿਆਸੀ ਤੌਰ 'ਤੇ ਸਿੱਖਿਅਤ ਹੋਣ ਤੇ ਆਪਣੀ ਪਹਿਲਕਦਮੀ ਜਗਾਉਣ ਦੀ ਥਾਂ ਉਹਨਾਂ ਨੂੰ ਮਸੀਹਿਆਂ ਦੀ ਉਡੀਕ ਕਰਨ ਦਾ ਸੁਨੇਹਾ ਦਿੰਦੀਆਂ ਹਨ, ਕਿ ਤੁਸੀਂ ਆਪਣੇ ਰੋਜਾਨਾ ਦੇ ਕੰਮਾਂ-ਕਾਰਾਂ ਵਿੱਚ ਲੱਗੇ ਰਹੋ, ਸਰਕਾਰਾਂ ਕੋਲੋਂ ਆਪਣੇ

ਹੱਕ ਨਾ ਮੰਗੋ ਸਗੋਂ ਕੁੱਝ ਮਸੀਹਿਆਂ, ਸੰਸਥਾਵਾਂ ਨੂੰ ਉਡੀਕੋ ਜੋ ਤੁਹਾਨੂੰ ਵਕਤੀ ਤੌਰ 'ਤੇ ਕੁੱਝ ਸਹੂਲਤਾਂ, ਸਾਧਨ ਦੇਣਗੇ। ਇਸ ਤਰ੍ਹਾਂ ਇਹ ਧਾਰਾ ਊਰਜਾਵਾਨ ਨੌਜਵਾਨਾਂ ਤੇ ਆਮ ਕਿਰਤੀ ਲੋਕਾਂ ਨੂੰ ਨਖਿੱਧ ਬਣਾ ਕੇ ਸਮੁੱਚੇ ਢਾਂਚੇ ਨੂੰ ਬਦਲਣ ਦੇ ਸਵਾਲ ਨੂੰ ਹੀ ਅੱਖੋਂ ਪਰੋਖੇ ਕਰ ਦਿੰਦੀ ਹੈ। ਵਿੱਦਿਅਕ ਅਦਾਰਿਆਂ ਵਿੱਚ ਵੀ ਇਹ ਧਾਰਾ ਤੇਜੀ ਨਾਲ ਵਧੀ-ਫੁੱਲੀ ਹੈ। ਅੱਜਕੱਲ ਪਛਾਣ ਦੀ ਸਿਆਸਤ ਦੇ ਇੱਕ ਨਵੇਂ ਨਾਂ ਹੇਠ ਵੀ ਇਹ ਧਾਰਾ ਪਲਦੀ ਜਾ ਰਹੀ ਹੈ। ਇਸ ਮੁਤਾਬਕ ਲੋਕ ਆਪਣੀਆਂ ਜਾਤ, ਧਰਮ, ਫਿਰਕੇ, ਨਸਲ, ਜੈਂਡਰ, ਭਾਸ਼ਾ ਜਿਹੀਆਂ ਪਛਾਣਾਂ ਦੇ ਅਧਾਰ 'ਤੇ ਹੀ ਕੁੱਝ ਰਸਮੀ ਕਾਰਵਾਈਆਂ ਤੇ ਕੁੱਝ "ਸੰਘਰਸ਼" ਕਰਦੇ ਰਹਿਣ, ਪਰ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਛੋਹਦੀਂ ਤੇ ਸਮੁੱਚੇ ਲੁਟੇਰੇ ਢਾਂਚੇ ਨੂੰ ਬਦਲਣ ਦੀ ਜਮਾਤੀ ਲੜਾਈ ਵਿੱਚ ਸ਼ਾਮਲ ਨਾ ਹੋਣ।

ਇਹਨਾਂ ਦੋਵਾਂ ਧਾਰਾਵਾਂ ਵਿੱਚ ਫਰਕ ਇਹ ਹੈ ਕਿ ਜਿੱਥੇ ਵੋਟ ਪਾਰਟੀਆਂ ਦੇ ਨੌਜਵਾਨ-ਵਿਦਿਆਰਥੀ ਵਿੰਗ ਜਾਂ ਗੁੰਡਾ ਗਰੁੱਪ ਆਮ ਨੌਜਵਾਨਾਂ-ਵਿਦਿਆਰਥੀਆਂ ਦੇ ਬੇਚੈਨ ਤੇ ਅਸੁਰੱਖਿਤ ਮਹਿਸੂਸ ਕਰ ਰਹੇ ਤੇ ਰਾਤੋ-ਰਾਤ ਅਮੀਰ ਬਣਨ ਤੇ ਸਿਆਸੀ ਚੌਧਰ ਹਾਸਲ ਕਰਨ ਦੇ ਸੁਪਨੇ ਦੇਖਣ ਵਾਲੇ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਉੱਤੇ ਆਪਣਾ ਸ਼ਿਕੰਜਾ ਕਸਦੀ ਹੈ ਉੱਥੇ ਦੂਜੀ ਸੁਧਾਰਵਾਦੀ ਕਿਸਮ ਦੀ ਸਿਆਸਤ ਆਮ ਨੌਜਵਾਨਾਂ-ਵਿਦਿਆਰਥੀਆਂ ਦੇ ਸੰਵੇਦਨਸ਼ੀਲ ਤੇ ਮਨੁੱਖਤਾ ਦੀ ਬਿਹਤਰੀ ਚਾਹੁਣ ਵਾਲੇ ਨੌਜਵਾਨਾਂ-ਵਿਦਿਆਰਥੀਆਂ ਨੂੰ ਆਪਣੇ ਮੱਕੜਜਾਲ ਵਿੱਚ ਫਸਾਉਂਦੀ ਹੈ। ਇਹਨਾਂ ਦੋਵਾਂ ਵਿੱਚ ਸਾਂਝ ਇਹ ਹੈ ਕਿ ਇਹ ਦੋਵੇਂ ਧਾਰਾਵਾਂ ਵਿਦਿਆਰਥੀਆਂ ਨੂੰ ਉਹਨਾਂ ਦੀ ਸਿੱਖਿਆ ਤੇ ਰੁਜਗਾਰ ਨਾਲ ਜੁੜੇ ਫੌਰੀ ਤੇ ਦੂਰ ਰਸ ਮੁੱਦੇ ਚੱਕਣ, ਉਹਨਾਂ ਲਈ ਸੰਘਰਸ਼ ਕਰਨ ਤੋਂ ਰੋਕਦੀਆਂ ਹਨ। ਦੋਵੇਂ ਖੁਦ ਨੂੰ ਸਮੁੱਚੀ ਕਿਰਤੀ ਅਬਾਦੀ ਨਾਲ ਜੋੜਨ ਤੇ ਸਮੁੱਚੇ ਲੁਟੇਰੇ ਢਾਂਚੇ ਨੂੰ ਬਦਲਣ ਦੀ ਜੱਦੋ-ਜਹਿਦ ਵਿੱਚ ਸ਼ਾਮਲ ਹੋਣ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੀਆਂ ਹਨ। ਇਸ ਤਰ੍ਹਾਂ ਦੋਵੇਂ ਧਾਰਾਵਾਂ ਵਿਦਿਆਰਥੀਆਂ ਦੀ ਸਿਆਸੀ ਚੇਤਨਾ ਨੂੰ ਖੁੰਢਿਆਂ ਕਰਦੀਆਂ ਹਨ ਤੇ ਉਹਨਾਂ ਨੂੰ ਕੁਰਾਹੇ ਪਾਉਂਦੀਆਂ ਹਨ। ਇਸ ਲਈ ਇਹਨਾਂ ਵਿੱਚੋਂ ਕੋਈ ਵੀ ਧਾਰਾ ਕਦੇ ਵੀ ਵਿਦਿਆਰਥੀਆਂ ਦੀਆਂ ਫੀਸਾਂ, ਸਹੂਲਤਾਂ, ਜਮਹੂਰੀ ਹੱਕਾਂ ਆਦਿ ਨਾਲ ਜੁੜੇ ਮੁੱਦੇ ਨਹੀਂ ਚੁੱਕਦੀ। ਹਾਂ, ਕਦੇ ਕਦਾਈਂ ਲੋਕ-ਲੁਭਾਊ ਸਿਆਸਤ ਦੀ ਮਜਬੂਰੀ ਵਿੱਚ ਇਹਨਾਂ ਨੂੰ ਕੋਈ ਇੱਕਾ-ਦੁੱਕਾ ਮੰਗ-ਪੱਤਰ ਦੇਣ ਤੇ ਧਰਨੇ ਲਾਉਣ ਆਦਿ ਜਿਹੀ ਖੋਖਲੀ ਤੇ ਰਸਮੀ ਕਾਰਵਾਈ ਕਰਨੀ ਪੈ ਜਾਂਦੀ ਹੈ ਪਰ ਇਹ ਕਦੇਂ ਵੀ ਇਹਨਾਂ ਦੇ ਏਜੰਡੇ ਵਿੱਚ ਨਹੀਂ ਹੁੰਦਾ।

ਇਸ ਲਈ ਅੱਜ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਅੱਗੇ ਇਹਨਾਂ ਦੋਵਾਂ ਧਰਾਵਾਂ ਨੂੰ ਮਾਤ ਦੇਣ ਦੀ ਜਿੰਮੇਵਾਰੀ ਵੀ ਹੈ। ਵਿਦਿਆਰਥੀਆਂ ਵਿੱਚ ਇਹਨਾਂ ਦੋਵਾਂ ਧਾਰਾਵਾਂ ਦੀ ਸਿਆਸਤ ਤੇ ਉਦਸ਼ਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਤੇ ਇਹਨਾਂ ਦੇ ਜਾਲ ਵਿੱਚ ਫਸਣੋਂ ਬਚਾਉਣਾ ਸਮੇਂ ਦੀ ਅਣਸਰਦੀ ਲੋੜ ਹੈ। ਇਹਨਾਂ ਧਾਰਾਵਾਂ ਦੀਆਂ ਜੜਾਂ ਹਿਲਾਉਣ ਦੀ ਸ਼ਰਤ ਇਹੋ ਹੈ ਕਿ ਇਨਕਲਾਬੀ ਵਿਦਿਆਰਥੀ ਲਹਿਰ ਖੁਦ ਮਜਬੂਤ ਹੋਵੇ, ਵਿਦਿਆਰਥੀਆਂ ਵਿੱਚ ਆਪਣੇ ਵਿਆਪਕ ਤੇ ਡੂੰਘਾ ਅਧਾਰ ਬਣਾਵੇ, ਜਿੱਥੇ ਇਨਕਲਾਬੀ ਵਿਦਿਆਰਥੀ ਲਹਿਰ ਹੋਵੇਗੀ ਉੱਥੇ ਇਹੋ ਜਿਹੇ ਪਰਾਏ ਰੁਝਾਨਾਂ ਦੇ ਕਿਲ੍ਹੇ ਕਮਜੋਰ ਹੋਣਗੇ ਤੇ ਢਾਹ ਦਿੱਤੇ ਜਾਣਗੇ। ਕਿਉਂਕਿ ਇਨਕਲਾਬੀ ਵਿਦਿਆਰਥੀ ਲਹਿਰ ਦਾ ਉਦੇਸ਼ ਮਹਾਨ, ਵਿਦਿਆਰਥੀਆਂ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਨੇੜਿਓਂ ਜੁੜਿਆ ਹੋਣ, ਉਹਨਾਂ ਦੇ ਫੌਰੀ ਤੇ ਦੂਰਰਸ ਮਸਲਿਆਂ ਨੂੰ ਸੰਬੋਧਨ ਹੋਣ ਕਾਰਨ ਇਹ ਵੋਟ ਸਿਆਸਤ ਤੇ ਸੁਧਾਰਵਾਦ ਨਾਲੋਂ ਵਧੇਰੇ ਮਜਬੂਤੀ ਤੇ ਵਧੇਰੇ ਡੂੰਘਾਈ ਨਾਲ ਵਿਦਿਆਰਥੀਆਂ 'ਚ ਆਪਣੀਆਂ ਜੜ੍ਹਾਂ ਜਮਾ ਸਕਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਵਿਦਿਆਰਥੀਆਂ ਨੂੰ ਉਹਨਾਂ ਦੇ ਮੰਗਾਂ-ਮਸਲਿਆਂ 'ਤੇ ਲਗਾਤਾਰ ਲਾਮਬੰਦ ਤੇ ਜਥੇਬੰਦ ਕਰਦੇ ਰਹਿਣ ਦਾ ਕਾਰਜ ਤਾਂ ਅਟੱਲ ਹੈ। ਪਰ ਇਸਦੇ ਨਾਲ-ਨਾਲ ਵਿਦਿਆਰਥੀਆਂ ਦੀ ਸਿਆਸੀ ਸਿੱਖਿਆ, ਉਹਨਾਂ ਨੂੰ ਸੂਝਵਾਨ ਬਣਾਉਣ ਅਤੇ ਸਮਾਜ ਨੂੰ ਸਮਝਣ ਤੇ ਬਦਲਣ ਦੇ ਵਿਗਿਆਨਕ ਨਜਰੀਏ ਨਾਲ ਲੈੱਸ ਕਰਨਾ ਜਰੂਰੀ ਹੈ। ਇਹਦੇ ਲਈ ਵਿਦਿਆਰਥੀਆਂ ਵਿੱਚ ਲਗਾਤਾਰ ਵਿਚਾਰ-ਚਰਚਾਵਾਂ, ਅਧਿਐਨ ਮੰਡਲ, ਸੈਮੀਨਾਰ, ਕਿਤਾਬਾਂ, ਮੈਗਜੀਨਾਂ ਦੇ ਰੂਪ ਵਿੱਚ ਸਿੱਖਿਆ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਨਾ ਸਿਰਫ ਵਿਰੋਧੀ ਰੁਝਾਨਾ ਦੇ ਟਾਕਰੇ ਲਈ ਜਰੂਰੀ ਹੈ ਸਗੋਂ ਇਹ ਵਿਦਿਆਰਥੀ ਲਹਿਰ ਦੀ ਮਜਬੂਤੀ ਤੇ ਵਿਸਥਾਰ ਦੀ ਇੱਕ ਲਾਜਮੀ ਸ਼ਰਤ ਵੀ ਹੈ।

ਜਥੇਬੰਦੀਆਂ ਦਾ ਢਾਂਚਾ ਤੇ ਕਾਰਜਸ਼ੈਲੀ ਵੀ ਜਮਹੂਰੀ-ਕੇਂਦਰਵਾਦ 'ਤੇ ਅਧਾਰਤ ਹੋਣੀ ਚਾਹੀਦੀ ਹੈ। ਇਸਦਾ ਕਾਰਨ ਇਹ ਕਿ ਉੱਨਤ ਤੱਤ ਲਈ ਉਸਦੇ ਅਨੁਸਾਰੀ ਉੱਨਤ ਰੂਪ ਵੀ ਅਹਿਮ ਲੋੜ ਹੁੰਦੀ ਹੈ। ਇੱਕ ਵਾਰ ਜਦੋਂ ਤੱਤ ਹਾਸਲ ਕਰ ਲਿਆ ਜਾਂਦਾ ਹੈ ਤਾਂ ਉਸਨੂੰ ਰੂਪ ਦੇਣਾ ਲਾਜਮੀ ਹੋ ਜਾਂਦਾ ਹੈ ਨਹੀਂ ਤਾਂ ਤੱਤ ਪ੍ਰਭਾਵਸ਼ਾਲੀ ਨਹੀਂ ਰਹਿੰਦਾ ਜਦੋਂ ਇਹ ਖਾਤਮੇ ਵੱਲ ਵਧਣ ਲੱਗ ਪੈਂਦਾ ਹੈ। ਜੇ ਕਿਸੇ ਜਥੇਬੰਦੀ ਦਾ ਤੱਤ ਇਨਕਲਾਬੀ, ਅਗਾਂਹਵਧੂ ਹੈ ਤਾਂ ਉਸਨੂੰ ਆਪਣੇ ਢਾਂਚਾ ਨੂੰ ਵੀ ਜਮਹੂਰੀ-ਕੇਂਦਰਵਾਦ ਦਾ ਅਤਿ-ਉੱਨਤ ਰੂਪ ਦੇਣਾ ਚਾਹੀਦਾ ਹੈ। ਇਹ ਜਥੇਬੰਦੀ ਦੇ ਟਿਕੇ ਰਹਿਣ, ਉਸਦੇ ਵਿਕਾਸ, ਕਾਰਕੁੰਨਾਂ ਦੀ ਸਿਖਲਾਈ ਤੇ ਜਥੇਬੰਦੀ ਅੰਦਰ ਪੈਦਾ ਹੋ ਰਹੇ ਗਲਤ ਰੁਝਾਨਾਂ ਨੂੰ ਸਮੇਂ ਸਿਰ ਠੱਲ ਪਾਉਣ ਵਿੱਚ ਵੀ ਮਦਦਗਾਰ ਹੁੰਦਾ ਹੈ। ਇਸ ਜਮਹੂਰੀ-ਕੇਂਦਰਵਾਦ ਨੂੰ ਵੀ ਰਸਮੀ ਤੋਂ ਅਸਲ ਵੱਲ ਦੀ ਯਾਤਰਾ ਕਰਨੀ ਚਾਹੀਦੀ ਹੈ। ਰੂਪ ਕਦੇ ਵੀ ਤੱਤ ਤੋਂ ਬਿਨਾਂ ਨਹੀਂ ਹੋ ਸਕਦਾ। ਇਸੇ ਲਈ ਕਿਉਂਕਿ ਵੋਟ ਪਾਰਟੀਆਂ ਤੇ ਐਨ.ਜੀ.ਓ. ਦਾ ਤੱਤ, ਉਹਨਾਂ ਦੀ ਵਿਚਾਰਧਾਰਾ ਤੇ ਉਦੇਸ਼ ਉੱਨਤ, ਅਗਾਹਵਧੂ ਨਹੀਂ ਸਗੋਂ ਪਿਛਾਖੜੀ ਹੁੰਦੇ ਹਨ ਇਸ ਲਈ ਉਹਨਾਂ ਦਾ ਰੂਪ ਕਦੇ ਵੀ ਉੱਨਤ ਨਹੀਂ ਹੋ ਸਕਦਾ, ਉਹ ਚਾਹ ਕੇ ਵੀ ਆਪਣੀ ਜਥੇਬੰਦੀ ਨੂੰ ਜਮਹੂਰੀ-ਕੇਂਦਰਵਾਦ ਦੇ ਰੂਪ ਵਿੱਚ ਢਾਲ ਨਹੀਂ ਸਕਦੀਆਂ। ਇਸੇ ਕਾਰਨ ਇਹਨਾਂ ਵਿੱਚ ਹਿੱਤਾਂ ਦਾ ਟਕਰਾਅ, ਆਪਸੀ ਖਿੱਚੋਤਾਣ, ਗੁੱਟਬੰਦੀ, ਭ੍ਰਿਸ਼ਟਾਚਾਰ, ਨੌਕਰਸ਼ਾਹੀ, ਮੌਕਾਪ੍ਰਸਤੀ ਤੇ ਕੈਰੀਅਰਵਾਦ ਆਦਿ ਲਾਜਮੀ ਰੂਪ ਵਿੱਚ ਪੈਦਾ ਹੁੰਦਾ

ਰਹਿੰਦਾ ਹੈ। ਇਸ ਮਾਮਲੇ ਵਿੱਚ ਵੀ ਖਰੀ ਇਨਕਲਾਬੀ ਵਿਦਿਆਰਥੀ ਲਹਿਰ ਵੋਟ ਸਿਆਸਤ ਤੇ ਸੁਧਾਰਵਾਦ ਨਾਲੋਂ ਭਾਰੂ ਹਾਲਤ ਵਿੱਚ ਹੁੰਦੀ ਹੈ।

ਜਿਵੇਂ ਕਿ ਅਸੀਂ ਜਿਕਰ ਕੀਤਾ ਹੈ ਕਿ ਵੋਟ ਪਾਰਟੀਆਂ ਦੀਆਂ ਜਥੇਬੰਦੀਆਂ ਤੇ ਗੁੰਡਾ ਗਰੁੱਪਾਂ ਨਾਲ ਵਿਦਿਆਰਥੀਆਂ-ਨੌਜਵਾਨਾਂ ਦੇ ਜੁੜਨ ਪਿੱਛੇ ਇੱਕ ਵੱਡਾ ਕਾਰਨ ਭਾਰੂ ਸੱਭਿਆਚਾਰ ਵੀ ਹੈ। ਇਸ ਲਈ ਵਿਦਿਆਰਥੀਆਂ-ਨੌਜਵਾਨਾਂ ਨੂੰ ਇੱਕ ਸੱਭਿਆਚਾਰਕ ਬਦਲ ਦੇਣਾ ਵੀ ਅੱਜ ਦੀ ਨੌਜਾਵਨ-ਵਿਦਿਆਰਥੀ ਲਹਿਰ ਦਾ ਅਹਿਮ ਕੰਮ ਹੈ। ਇਹ ਬਦਲਵਾਂ ਤੇ ਅਗਾਂਹਵਧੂ ਸੱਭਿਆਚਾਰ ਪੁਰਾਣੀਆਂ ਮੱਧਯੁਗੀ ਕਦਰਾਂ-ਕੀਮਤਾਂ, ਪਛੜੇਵੇਂ, ਔਰਤ ਵਿਰੋਧੀ ਮਾਨਸਿਕਤਾ, ਜਾਤ-ਪਾਤੀ ਮਾਨਸਿਕਤਾ ਅਤੇ ਆਧੁਨਿਕ ਖਪਤਵਾਦ, ਕੈਰੀਅਰਵਾਦ, ਮੌਕਾਪ੍ਰਸਤੀ ਆਦਿ ਦੇ ਵਿਰੁੱਧ ਸੰਘਰਸ਼ ਚਲਾ ਕੇ ਇਹਨਾਂ ਦੇ ਬਖੀਏ ਉਧੇੜਦੇ ਹੋਏ ਹੀ ਉੱਸਰ ਸਕਦਾ ਹੈ। ਇਹ ਨਵਾਂ ਤੇ ਉੱਨਤ ਸੱਭਿਆਚਾਰ ਵਿਦਿਆਰਥੀਆਂ ਦੇ ਵੱਡੇ ਹਿੱਸੇ ਨੂੰ ਵੋਟ ਪਾਰਟੀਆਂ ਨਾਲੋਂ ਦੂਰ ਤੇ ਇਨਕਲਾਬੀ ਵਿਦਿਆਰਥੀ ਲਹਿਰ ਦੇ ਨੇੜੇ ਲਿਆਉਣ ਵਿੱਚ ਅਹਿਮ ਕਾਰਕ ਸਾਬਤ ਹੋਵੇਗਾ। ਅਕਸਰ ਅਜਿਹਾ ਵੀ ਹੁੰਦਾ ਹੈ ਕਿ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੇ ਕਾਰਕੁੰਨ ਵੀ ਹਾਕਮ ਜਮਾਤ ਦੇ ਸੱਭਿਆਚਾਰ ਦੀ ਭਾਰੂ ਗ੍ਰਿਫਤ ਵਿੱਚ ਹੁੰਦੇ ਹਨ ਜਿੱਥੋਂ ਉਹਨਾਂ ਦੇ ਹਾਕਮ ਜਮਾਤਾਂ ਦੇ ਸਿਆਸੀ ਤੇ ਵਿਚਾਰਧਾਰਕ ਪੈਂਤੜੇ ’ਤੇ ਪੁੱਜਣ ਦਾ ਰਾਹ ਵੀ ਨੇੜੇ ਹੁੰਦਾ ਹੈ। ਉਂਝ ਵੀ ਨਵਾਂ ਸਮਾਜ ਵੀ ਪੁਰਾਣੇ ਸਮਾਜ ਦੀਆਂ ਰੂੜੀਆਂ, ਸੱਭਿਆਚਾਰ ਦੇ ਚਿੱਕੜ ਵਿੱਚ ਡੁੱਬੀਆਂ ਤਾਕਤਾਂ ਦੀ ਨਹੀਂ ਸਗੋਂ ਆਧੁਨਿਕ ਮਜਦੂਰ ਜਮਾਤੀ ਸੱਭਿਆਚਾਰ ਨਾਲ ਲੈੱਸ ਇਨਕਲਾਬੀ ਤਾਕਤਾਂ ਦੀ ਅਗਵਾਈ ਵਿੱਚ ਹੀ ਉਸਾਰਿਆ ਜਾ ਸਕਦਾ ਹੈ।

ਇੱਥੇ ਇਹ ਗੱਲ ਵੀ ਸਪੱਸ਼ਟ ਕਰਨੀ ਜਰੂਰੀ ਹੈ ਕਿ ਸੁਧਾਰਵਾਦੀ ਜਾਂ ਐੱਨ.ਜੀ.ਓ. ਸਿਆਸਤ ਦਾ ਵਿਰੋਧ ਕਰਨ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਸੁਧਾਰ ਦੇ ਕੰਮਾਂ ਨੂੰ ਮੂਲੋਂ ਹੀ ਰੱਦਿਆ ਜਾਣਾ ਚਾਹੀਦਾ ਹੈ। ਇੱਥੇ ਮੁੱਖ ਸਵਾਲ ਇਹ ਹੈ ਕਿ ਇਹ ਸੁਧਾਰ ਦੇ ਕੰਮ ਕਿਸ ਉਦੇਸ਼ ਤਹਿਤ ਤੇ ਕਿਸ ਤਾਕਤ ਵੱਲੋਂ ਕੀਤੇ ਜਾ ਰਹੇ ਹਨ। ਬਾਕੀ ਇਨਕਲਾਬੀ ਲਹਿਰਾਂ ਵਾਂਗ ਵਿਦਿਆਰਥੀ-ਨੌਜਵਾਨ ਲਹਿਰ ਲਈ ਵੀ ਸੁਧਾਰ ਦੇ ਕੰਮ ਬੜੀ ਅਹਿਮੀਅਤ ਰੱਖਦੇ ਹਨ। ਇਹਨਾਂ ਰਾਹੀਂ ਨਾ ਸਿਰਫ ਲੋਕ ਇਸ ਢਾਂਚੇ ਵਿੱਚ ਸੰਭਵ ਫੌਰੀ ਰਾਹਤਾਂ ਹਾਸਲ ਕਰਦੇ ਹਨ ਸਗੋਂ ਸੁਧਾਰ ਦੇ ਕੰਮਾਂ ਜਰੀਏ ਲੋਕਾਂ ਵਿੱਚ ਪਛਾਣ ਬਣਾਉਂਦੇ ਹੋਏ ਲੋਕਾਂ ਵਿੱਚ ਮੌਜੂਦਾ ਢਾਂਚੇ ਤੇ ਸਰਕਾਰਾਂ ਦਾ ਪਾਜ ਉਘੇੜਨਾ ਤੇ ਇਨਕਲਾਬੀ ਵਿਚਾਰਾਂ ਨੂੰ ਫੈਲਾਉਣ ਦਾ ਅਹਿਮ ਕਾਰਜ ਕੀਤਾ ਜਾ ਸਕਦਾ ਹੈ ਤੇ ਲਾਜਮੀ ਕੀਤਾ ਜਾਣਾ ਚਾਹੀਦਾ ਹੈ। ਮਿਸਾਲ ਵਜੋਂ ਕਿਸੇ ਥਾਂ ਮੈਡੀਕਲ ਕੈਂਪ ਲਾਉਣ ਵੇਲੇ ਨਾਲੋ-ਨਾਲ ਲੋਕਾਂ ਵਿੱਚ ਇਹ ਗੱਲ ਵੀ ਪ੍ਰਚਾਰੀ ਜਾ ਸਕਦੀ ਹੈ ਕਿ ਕਿਵੇਂ ਸਿਹਤ ਸਹੂਲਤਾਂ ਦੇਣਾ ਸਰਕਾਰ ਦਾ ਫਰਜ ਹੈ ਪਰ ਸਰਕਾਰ ਇਸ ਖੇਤਰ ਵਿੱਚ ਬਹੁਤ ਹੀ ਘੱਟ ਰਾਸ਼ੀ ਖਰਚ ਕੇ ਆਪਣੀ ਜਿੰਮੇਵਾਰੀ ਤੋਂ ਭੱਜ ਰਹੀ ਹੈ ਤੇ ਇਸ ਖੇਤਰ ਨੂੰ ਸਰਮਾਏਦਾਰਾਂ ਨੂੰ ਨਿੱਜੀ ਹਸਪਤਾਲਾਂ, ਮਹਿੰਗੀਆਂ ਦਵਾਈਆਂ, ਟੈਸਟਾਂ ਆਦਿ ਰਾਹੀਂ ਲੋਕਾਂ ਦੀ ਖੁੱਲ੍ਹੀ ਲੁੱਟ ਕਰਕੇ ਮੁਨਾਫੇ ਕਮਾਉਣ ਲਈ ਛੱਡ ਦਿੱਤਾ ਗਿਆ ਹੈ। ਇਸਦੇ ਨਾਲ ਹੀ ਮੌਜੂਦਾ ਸਿਹਤ ਢਾਂਚੇ ਦੇ ਬਦਲ ਵਜੋਂ ਸਮੁੱਚੇ ਸਮਾਜਿਕ ਢਾਂਚੇ ਨੂੰ ਬਦਲਣ ਦੀ ਲਾਜਮੀਅਤਤਾ ਵੀ ਲੋਕਾਂ ਸਾਹਮਣੇ ਪੇਸ਼ ਕੀਤੀ ਜਾ ਸਕਦੀ ਹੈ। ਜਦਕਿ ਐਨ.ਜੀ.ਓ. ਸਿਆਸਤ ਇਹ ਗੱਲ ਕਦੇ ਵੀ ਨਹੀਂ ਕਹੇਗੀ ਸਗੋਂ ਉਹ ਸਿਰਫ ਮੈਡੀਕਲ ਕੈਂਪ ਲਾਉਣ, ਕੁੱਝ ਲੋਕਾਂ ਨੂੰ ਪੁੰਨ-ਦਾਨ ਕਰਨ ਤੇ ਕੁੱਝ ਨੂੰ ਮਸੀਹਿਆਂ ਨੂੰ ਉਡੀਕਣ ਦੀਆਂ ਮੱਤਾਂ ਦਿੰਦੀ ਰਹੇਗੀ।

ਅੱਜ ਭਾਰਤ ਵਿੱਚ ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦੀ ਉਸਾਰੀ ਇਸ ਦੂਜੇ ਗੇੜ ਦੀ ਨਵੀਂ ਸ਼ੁਰੂਆਤ ਦਾ ਹੀ ਇੱਕ ਹਿੱਸਾ ਹੈ। ਇਸਦੀਆਂ ਵੱਖ-ਵੱਖ ਚੁਣੌਤੀਆਂ, ਉਹਨਾਂ ਨਾਲ ਸਿੱਝਣ ਦੀਆਂ ਯੁੱਧਨੀਤੀਆਂ ਤੇ ਬੀਤੇ ਦੀ ਮਹਾਨ ਸਿੱਖਿਆਦਾਈ ਵਿਰਾਸਤ ਬਾਰੇ ਅਸੀਂ ਵੱਖ-ਵੱਖ ਲੇਖਾਂ ਵਿੱਚ ਚਰਚਾ ਕਰਦੇ ਰਹੇ ਹਾਂ। ਸਾਡੇ ਪੁਰਖਿਆਂ ਦੇ ਤਜਰਬਿਆਂ ਤੇ ਉਹਨਾਂ ਤੋਂ ਹਾਸਲ ਹੁੰਦੀ ਸੂਝ ਦੇ ਅਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਅੱਜ ਸਾਡੇ ਕੋਲ ਵਿਦਿਆਰਥੀ ਲਹਿਰ ਉਸਾਰਨ ਦੇ ਨਾ ਤਾਂ ਪਹਿਲਾਂ ਵਾਂਗ ਵੱਡੇ ਸਿਧਾਂਤਕ ਅੜਿੱਕੇ ਹਨ ਤੇ ਨਾ ਹੀ ਅਸੀਂ ਕੋਈ ਖਲਾਅ ਵਿੱਚੋਂ ਸ਼ੁਰੂਆਤ ਕਰਨੀ ਹੈ। ਅੱਜ ਜੇ ਲੋੜ ਹੈ ਤਾਂ ਬੱਸ ਉਹਨਾਂ ਬਹਾਦਰ, ਅਣਖੀ, ਸੰਵੇਦਨਸ਼ੀਲ ਤੇ ਕੁਰਬਾਨੀਆਂ ਲਈ ਤਿਆਰ ਨੌਜਵਾਨਾਂ ਦੀ ਜੋ ਆਖਦੇ ਹੋਣ ਕਿ “ਅਸੀਂ ਇਸ ਧਰਤੀ ’ਤੇ ਜੀਵਨ ਨੂੰ ਨਵਾਂ ਰੂਪ ਦਿਆਂਗੇ।” •

“ਕਲਪਨਾ ਕਰੋ ਕਿ ਲੋਹੇ ਦੀਆਂ ਮੋਟੀਆਂ ਕੰਧਾਂ ਵਾਲ਼ਾ ਮਕਾਨ ਹੈ। ਨਾ ਕੋਈ ਦਰਵਾਜ਼ਾ ਹੈ ਅਤੇ ਨਾ ਕੋਈ ਖਿੜਕੀ ਜਾਂ ਰੌਸ਼ਨਦਾਨ। ਹਵਾ ਲਈ ਕੋਈ ਰਾਹ ਨਹੀਂ ਹੈ। ਕੰਧਾਂ ਬਿਲਕੁਲ ਅਭੇਦ ਹਨ। ਘਰ ਵਿੱਚ ਬਹੁਤ ਸਾਰੇ ਲੋਕ ਬੇਸੁੱਧ ਸੁੱਤੇ ਹੋਏ ਹਨ। ਲਾਜ਼ਮੀ ਹੀ ਉਹ ਲੋਕ ਦਮ ਘੁੱਟਣ ਕਾਰਨ ਮਰ ਜਾਣਗੇ। ਪਰ ਬੇਸੁੱਧ ਹਾਲਤ ਵਿੱਚ ਮਰਨਗੇ ਇਸ ਲਈ ਉਹਨਾਂ ਨੂੰ ਕੋਈ ਤਕਲੀਫ ਨਹੀਂ ਹੋਵੇਗੀ। ਤੁਸੀਂ ਚੀਕ-ਚਿਹਾੜੇ ਨਾਲ਼ ਉਹਨਾਂ ਨੂੰ ਜਗਾਉਣਾ ਚਾਹੋ ਤਾਂ ਸੰਭਵ ਹੈ ਕਿ ਕੁੱਝ ਕੁ ਦੀ ਨੀਂਦ ਭੰਗ ਹੋ ਜਾਵੇ। ਸਾਹ ਘੁੱਟਣ ਨਾਲ਼ ਉਹਨਾਂ ਦੀ ਮੌਤ ਲਾਜ਼ਮੀ ਹੈ। ਜੇ ਕੁੱਝ ਲੋਕ ਬਦਕਿਸਮਤ ਜਾਗ ਜਾਣ ਅਤੇ ਲਾਜ਼ਮੀ ਮੌਤ ਦੀ ਤਕਲੀਫ ਨੂੰ ਮਹਿਸੂਸ ਕਰਨ ਤਾਂ ਇਸ ਨਾਲ਼ ਉਹਨਾਂ ਦਾ ਕੀ ਭਲਾ ਹੋਵੇਗਾ? ਜੇ ਕੁੱਝ ਦੀ ਨੀਂਦ ਭੰਗ ਹੋ ਸਕਦੀ ਹੈ, ਤਾਂ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹਨਾਂ ਲੋਹੇ ਦੀਆਂ ਕੰਧਾਂ ਨੂੰ ਤੋੜਨ ਦੀ ਕੋਈ ਉਮੀਦ ਵੀ ਨਹੀਂ ਹੈ?”

• ਲੂ ਸ਼ੁਨ

# ਨਸ਼ਿਆਂ ਦੀ ਦਲਦਲ ਵਿੱਚ ਖੁੱਭਾ ਪੰਜਾਬ

*• ਛਿੰਦਰਪਾਲ*

ਨਸ਼ੇ ਅੱਜ ਦੇ ਸਾਡੇ ਸਮਾਜ ਅੰਦਰ ਇੱਕ ਵੱਡੀ ਸਮਾਜਿਕ ਸਮੱਸਿਆ ਦੇ ਤੌਰ ਤੇ ਸਿਰ ਚੁੱਕੀ ਖੜੇ ਹਨ। ਜਿਸ ਸਿਹਤਮੰਦੀ ਲਈ ਪੰਜਾਬ ਕਦੇ ਜਾਣਿਆ ਜਾਂਦਾ ਸੀ, ਅੱਜ ਉਸ ਪੰਜਾਬ ਦੀ ਹਾਲਤ ਤਰਸਯੋਗ ਹੈ। ਨਸ਼ਿਆਂ ਨੇ ਪੰਜਾਬ ਨੂੰ ਘੁਣ ਵਾਂਗੂੰ ਖਾ ਲਿਆ ਹੈ। ਪੰਜਾਬ ਦੀ 70 ਫੀਸਦੀ ਨੌਜਵਾਨੀ ਨਸ਼ਿਆਂ ਦੀ ਇਸ ਪਰਲੋ ਚ ਵਲੇਟੀ ਗਈ ਹੈ। ਜਿਸ ਖਿੱਤੇ, ਸੂਬੇ ਜਾਂ ਮੁਲਕ ਦੀ ਨੌਜਵਾਨੀ ਦਾ ਏਨਾ ਵੱਡਾ ਹਿੱਸਾ ਅੰਦਰੋਂ ਖੋਖਲਾ ਹੋ ਚੁੱਕਿਆ ਹੋਵੇ, ਸਰੀਰਕ ਤੇ ਮਾਨਸਿਕ ਤੌਰ ਤੇ ਅਪੰਗ ਹੋ ਚੁੱਕਿਆ ਹੋਵੇ, ਉਸ ਖਿੱਤੇ ਦੇ ਆਉਣ ਵਾਲੇ ਭਵਿੱਖ ਬਾਰੇ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਉਹ ਕਿੰਨਾ ਹਨੇਰਮਈ ਹੋਵੇਗਾ। ਤਹਿਲਕਾ ਰਸਾਲੇ ਦੁਆਰਾ ਪਿੱਛੇ ਜਿਹੇ ਹੀ ਕੀਤੇ ਇੱਕ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਸੂਬੇ ਦੇ 73.5 ਫੀਸਦੀ ਨੌਜਵਾਨ, 65 ਫੀਸਦੀ ਪਰਿਵਾਰ ਤੇ ਹਰੇਕ ਤੀਜਾ ਵਿਦਿਆਰਥੀ ਅੱਜ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਿਆਂ ਦੀ ਗ੍ਰਿਫਤ ਚ ਫਸਿਆ ਹੋਇਆ ਹੈ। ਨਸ਼ੇ ਦੀ ਇਸ ਕ੍ਰੋਪੀ ਨੇ ਕਈ ਪਿੰਡ ਵਿਧਵਾਵਾਂ ਤੇ ਯਤੀਮਾਂ ਨਾਲ ਭਰ ਦਿੱਤੇ ਹਨ। ਪੰਜਾਬ ਅੰਦਰ ਵਗਦਾ ਨਸ਼ਿਆਂ ਦਾ ਇਹ ਦਰਿਆ ਸਾਡੇ ਨੌਜਵਾਨ ਮੋਢਿਆਂ ਤੇ ਟਿਕੇ ਭਵਿੱਖੀ ਚਾਵਾਂ ਨੂੰ ਵਹਾਕੇ ਲੈ ਗਿਆ ਹੈ ਤੇ ਵਸਦੇ ਘਰਾਂ ਚ ਸੱਥਰ ਵਿਛਾ ਗਿਆ ਹੈ। ਅੱਖਾਂ ਦੇ ਤਾਰੇ ਨਸ਼ਿਆਂ ਦੇ ਭੇਂਟ ਚੜ ਗਏ ਜਾਂ ਨਸ਼ਿਆਂ ਨੇ ਉਹਨਾਂ ਦੀ ਜਿੰਦਗੀ ਨੂੰ ਹਾਲ-ਵਰਾਨ ਕਰ ਦਿੱਤਾ ਹੈ। ਉੱਪਰ ਦਿੱਤਾ ਅੰਕੜਾ ਪੰਜਾਬ ਸਰਕਾਰ ਦੁਆਰਾ ਖੁਦ 2009 ਵਿੱਚ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ ਜਮਾਂ ਕਰਵਾਇਆ ਗਿਆ ਸੀ। ਪੰਜਾਬ ਅੰਦਰ ਨਸ਼ਿਆਂ ਦਾ ਮੁੱਦਾ ਇੱਕ ਪ੍ਰਮੁੱਖ ਸਿਆਸੀ ਮੁੱਦ ਬਣ ਚੁੱਕਿਆ ਹੈ। ਭਾਂਤ-ਸੁਭਾਂਤੀਆਂ ਵੋਟ ਬਟੋਰੂ ਪਾਰਟੀਆਂ ਆਪਣੇ ਵੋਟ ਬੈਂਕ ਨੂੰ ਵਧਾਉਣ ਲਈ ਨਸ਼ਿਆਂ ਖਿਲਾਫ ਕੋਈ ਨਾ ਕੋਈ ਕਵਾਇਦ ਕਰਦੀਆਂ ਰਹਿੰਦੀਆਂ ਹਨ। ਕਿਤੇ ਕਾਂਗਰਸ ਦਾ ਰਵਨੀਤ ਬਿੱਟੂ, ਕਿਤੇ ਕੈਪਟਨ ਅਮਰਿੰਦਰ ਸਿੰਘ ਨਸ਼ਿਆਂ ਦੇ ਮਸਲੇ ਤੇ ਅਕਾਲੀ ਭਾਜਪਾ ਸਰਕਾਰ ਵਿਰੁੱਧ ਬਿਆਨ ਦਾਗਦੇ ਹਨ ਤੇ ਕਿਤੇ ਭਗਵੰਤ ਮਾਨ ਵਰਗੇ ਸਿਆਸਤਦਾਨ ਭੰਡਪੁਣੇ ਰਾਹੀਂ ਅਕਾਲੀਆਂ ਦੀ ਸਰਕਾਰ ਨੂੰ ਭੰਡਦੇ ਹਨ, ਪਰ ਸਾਰੀਆਂ ਹੀ ਸਿਆਸੀ ਪਾਰਟੀਆਂ ਸਿਰਫ ਤੇ ਸਿਰਫ ਸਰਹੱਦ ਪਾਰੋਂ ਆਉਂਦੇ ਨਸ਼ਿਆਂ ਦੀ ਗੱਲ ਕਰਦੀਆਂ ਹਨ, ਤੇ ਪੰਜਾਬ ਚ ਚੋਖੇ ਵਧਦੇ ਸ਼ਰਾਬ ਦੇ ਕਾਰੋਬਾਰ ਬਾਰੇ ਲਗਭਗ ਸਾਰੇ ਹੀ ਚੁੱਪ ਹਨ। ਪਰ ਨਸ਼ਿਆਂ ਦੀ ਇਸ ਸਮਾਜਿਕ ਅਲਾਮਤ ਦੇ ਵਿਰੋਧ ਵਿੱਚ ਇੱਕਾ-ਦੁੱਕਾ ਥਾਵਾਂ ਨੂੰ ਛੱਡਕੇ ਲੋਕਾਂ ਦੀ ਸਰਗਰਮ ਸ਼ਮੂਲੀਅਤ ਕਿਤੇ ਵੀ ਦਿਖਾਈ ਨਹੀਂ ਦਿੰਦੀ ਤੇ ਨਾ ਹੀ ਨਸ਼ਿਆਂ ਦੇ ਸਮਾਜਿਕ-ਆਰਥਕ ਕਾਰਨਾਂ ਦੀ ਕਿਤੇ ਕੋਈ ਚਰਚਾ ਕੀਤੀ ਜਾਂਦੀ ਹੈ ਕਿ ਆਖਰਕਾਰ ਕੀ ਕਾਰਨ ਹੈ ਕਿ ਇਹ ਮਹਾਂਮਾਰੀ ਦਿਨੋਂ ਦਿਨ ਹੋਰ ਵਧੇਰੇ ਗੰਭੀਰ ਹੁੰਦੀ ਜਾ ਰਹੀ ਹੈ।

ਅਸੀਂ ਆਪਣੇ ਇਸ ਲੇਖ ਚ ਨਸ਼ਿਆਂ ਦੀ ਗੰਭੀਰਤਾ ਤੇ ਸਮੁੱਚਤਾ 'ਚ ਚਰਚਾ ਕਰਦੇ ਹੋਏ ਇਸਦੇ ਸਮਾਜਿਕ ਵਿਗਿਆਨਕ ਕਾਰਨਾਂ ਤੇ ਇਸ ਅਲਾਮਤ ਨਾਲ ਨਜਿੱਠਣ ਲਈ ਸੰਭਵ ਹੱਲਾਂ ਬਾਰੇ ਚਰਚਾ ਕਰਾਂਗੇ। ਵੈਸੇ ਤਾਂ ਪੰਜਾਬ ਅੰਦਰ ਅਗਾਂਹਵਧੂ ਤਾਕਤਾਂ ਜਾਂ ਜਥੇਬੰਦੀਆਂ ਦਾ ਸ਼ੁਰੂ ਤੋਂ ਹੀ ਮੰਨਣਾ ਰਿਹਾ ਕਿ ਨਸ਼ਿਆਂ ਦੇ ਇਸ ਰੋਗ ਨੂੰ ਹੱਲਾਸ਼ੇਰੀ ਦੇਣ ਵਾਸਤੇ ਸੂਬਾ ਸਰਕਾਰਾਂ ਦੇ ਮੰਤਰੀਆਂ ਤੋਂ ਲੈਕੇ ਅਫਸਰਸ਼ਾਹੀ ਆਪਸ ਵਿੱਚ ਘਿਓ-ਖਿਚੜੀ ਹਨ, ਪਰ ਪਿੱਛੇ ਜਿਹੇ ਬਠਿੰਡਾ ਪੁਲੀਸ ਦੇ ਡਿਪਟੀ ਐਡੀਸ਼ਨਲ ਜਰਨਲ ਸ਼ਸ਼ੀ ਕਾਂਤ ਦੇ ਕੀਤੇ ਖੁਲਾਸਿਆਂ ਤੋਂ ਇਹ ਗੱਲ ਸ਼ਰੇਆਮ ਸਭ ਦੇ ਸਾਹਮਣੇ ਹੈ ਕਿ ਕਿਸ ਤਰਾਂ ਸਰਕਾਰ ਦੇ ਥਾਪੜੇ ਨਾਲ ਨਸ਼ਾ ਮਾਫੀਆ ਪੰਜਾਬ ਅੰਦਰ ਵਧ ਫੁੱਲ ਰਿਹਾ ਹੈ। ਕੌਮਾਂਤਰੀ ਪਹਿਲਵਾਨ ਤੇ ਬਰਖਾਸਤ ਡਿਪਟੀ ਸੁਪਰਟੈਂਡੈਂਟ ਜਗਦੀਸ਼ ਭੋਲਾ, ਜੋ 6000 ਕਰੋੜ ਦੇ ਡਰੱਗ ਰੈਕੇਟ ਵਿੱਚ ਫਸਿਆ ਹੋਇਆ ਹੈ, ਨੇ ਵੀ ਮੰਨਿਆ ਹੈ ਕਿ ਡਰੱਗ ਮਾਫੀਆ ਦੀ ਸਲਤਨਤ ਵਿੱਚ ਉਹ ਤਾਂ ਇੱਕ ਛੋਟਾ ਜਿਹਾ ਸਿਪਾਹੀ ਹੈ, ਇਸ ਸਲਤਨਤ ਦੇ ਅਸਲ ਵਜੀਰ ਤੇ ਰਾਜੇ ਤਾਂ ਸਿਆਸਤਦਾਨ ਹਨ। ਸ਼੍ਰੋਮਣੀ ਅਕਾਲੀ ਦਲ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਵੀ ਨਸ਼ਿਆਂ ਦੇ ਇਸ ਧੰਦੇ ਵਿੱਚ ਬੋਲਦਾ ਹੈ। ਹੌਲੀ ਹੌਲੀ ਨਸ਼ਾ ਤਸਕਰਾਂ ਤੇ ਵੋਟ ਬਟੋਰੂਆਂ ਦੇ ਇਸ ਗੰਦੇ ਗੱਠਜੋੜ ਦੇ ਕਈ ਹੋਰ ਪੁਲੰਦੇ ਵੀ ਖੁੱਲ੍ਹ ਰਹੇ ਹਨ। ਖਾਸਕਰ ਮੌਕੇ ਦੀ ਬਾਦਲ ਸਰਕਾਰ ਦੀ ਇਸ ਮਸਲੇ ਨੂੰ ਲੈਕੇ ਕਾਫੀ ਥੂ ਥੂ ਹੋਈ ਹੈ। ਆਪਣੀ ਮਿੱਟੀ ਪਲੀਤ ਹੁੰਦੀ ਦੇਖਕੇ ਕੁਝ ਕੁਝ ਕਵਾਇਦਾਂ ਕਰਨ ਦੀ ਵੀ ਬਾਦਲ ਸਰਕਾਰ ਨੇ ਕੋਸ਼ਿਸਿ ਕੀਤੀ ਹੈ। ਤਸਕਰਾਂ ਤੇ ਲਗਾਮ ਕਸਣ ਦੇ ਹੁਕਮ ਪੰਜਾਬ ਪੁਲਸ ਤੇ ਨਾਰਕੋਟਿਕਸ ਕੰਟਰੋਲ ਬੋਰਡ ਨੂੰ ਚਾੜੇ ਗਏ ਹਨ। ਇਸ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਪਿੱਛਲੇ ਥੋੜੇ ਸਮੇਂ ਵਿੱਚ ਹੀ ਹਜਾਰਾਂ ਦੀ ਗਿਣਤੀ ਕਈ ਗ੍ਰਿਫਤਾਰੀਆਂ ਵੀ ਕੀਤੀਆਂ ਹਨ। ਪਰ ਕੀਤੀਆਂ ਗ੍ਰਿਫਤਾਰੀਆਂ ਚੋਂ ਜਿਆਦਾਤਰ ਜਾਅਲੀ ਸਨ ਤੇ ਨਸ਼ਾਂ ਤਸਕਰਾਂ ਨੂੰ ਫੜਨ ਦੀ ਬਜਾਏ ਪੰਜਾਬ ਪੁਲਸ ਨਸ਼ਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਦੀ ਰਹੀ ਤੇ ਉਹਨਾਂ ਤੇ ਝੂਠੇ ਕੇਸ ਬਣਾਉਂਦੀ ਰਹੀ ਤੇ ਅਸਲੀ ਮੁਜਰਮ ਜੇਲ੍ਹਾਂ ਤੋਂ ਬਾਹਰ ਸਿਆਸੀ ਸਰਪ੍ਰਸਤੀ ਤੇ ਪੈਸੇ ਦੀ ਤਾਕਤ ਹੇਠ ਸ਼ਰੇਆਮ ਢੋਲੇ ਦੀਆਂ ਲਾਉਂਦੇ ਰਹੇ।

ਨਾਰਕੋਟਿਕਸ ਕੰਟਰੋਲ ਬੋਰਡ ਮੁਤਾਬਕ ਪੰਜਾਬ ਅੰਦਰ ਸ਼ਰਾਬ, ਭੁੱਕੀ, ਅਫੀਮ, ਡੋਡੇ ਵਰਗੇ ਰਵਾਇਤੀ ਨਸ਼ਿਆਂ ਦੇ ਨਾਲ ਨਾਲ ਸਿੰਥੈਟਿਕ ਤੇ ਮੈਡੀਕਲ ਨਸ਼ਿਆਂ ਜਿਵੇਂ ਕਿ ਗੋਲੀਆਂ,ਕੈਪਸੂਲ, ਟੀਕੇ, ਹੈਰੋਇਨ, ਸਮੈਕ ਅਤੇ ਚਰਸ ਵਰਗੇ ਨਸ਼ਿਆਂ ਦਾ ਇਸਤੇਮਾਲ

ਵਧਿਆ ਹੈ।

ਸਰਹੱਦ ਪਾਰੋਂ ਹੁੰਦੀ ਨਸ਼ਿਆਂ ਦੀ ਤਸਕਰੀ ਦਾ ਗ੍ਰਾਫ ਅੱਜ ਬਹੁਤ ਉੱਪਰ ਤੱਕ ਜਾ ਪਹੁੰਚਿਆ ਹੈ। ਪੰਜਾਬ ਨਸ਼ਿਆਂ ਦੀ ਬੰਦਰਗਾਹ ਬਣ ਗਿਆ ਹੈ। ਅੱਜ ਪੰਜਾਬ ਅੰਦਰ ਹਰ ਰੋਜ਼ ਹੈਰੋਇਨ ਦੇ 355 ਪੈਕੇਟ ਆਉਂਦੇ ਹਨ, ਜਿਹਨਾਂ ਦੀ ਕੀਮਤ ਤਕਰੀਬਨ 2000 ਕਰੋੜ ਬਣਦੀ ਹੈ। ਨਸ਼ਿਆਂ ਦਾ ਏਨਾ ਵੱਡਾ ਕਾਰੋਬਾਰ ਹੁਣ ਦੇਖੀਏ ਤਾਂ ਇਹ ਕਿਸੇ ਵੀ ਤਰਾਂ ਸਰਕਾਰ, ਅਫਸਰਸ਼ਾਹੀ, ਸਰਹੱਦੀ ਸੁਰੱਖਿਆ ਕਰਮੀਆਂ ਦੀ ਮਿਲੀਭੁਗਤ ਤੋਂ ਬਿਨਾਂ ਕਿਸੇ ਤਰਾਂ ਵੀ ਸੰਭਵ ਨਹੀਂ। ਸਰਹੱਦ ਪਾਰੋਂ ਆਉਂਦੇ ਸਾਰੇ ਨਸ਼ੇ ਅਫਗਾਨਿਸਤਾਨ ਤੋਂ ਸ਼ੁਰੂ ਹੋਕੇ ਪਾਕਿਸਤਾਨ ਰਾਹੀਂ ਪੰਜਾਬ ਅੰਦਰ ਦਾਖਲ ਹੁੰਦੇ ਹੋਏ ਪੂਰੇ ਭਾਰਤ ਵਿੱਚ ਸਪਲਾਈ ਹੁੰਦੇ ਹਨ। ਇੱਕ ਪਾਸੇ ਜਿੱਥੇ ਪੰਜਾਬ ਨਸ਼ਿਆਂ ਦਾ ਪੂਰੇ ਭਾਰਤ ਅੰਦਰ ਇੱਕ ਸਪਲਾਇਰ ਬਣਕੇ ਉੱਭਰਿਆ ਹੈ ਤਾਂ ਦੂਜੇ ਹੱਥ ਇਹੀ ਨਸ਼ਾ ਪੰਜਾਬ ਦੀ ਆਵਦੀ ਜਾਨ ਦਾ ਵੀ ਖੌਅ ਬਣ ਗਿਆ ਹੈ। ਪੰਜਾਬ ਦੀ ਜਵਾਨੀ ਤੜਪ ਰਹੀ ਹੈ ਤੇ ਪੰਜਾਬ ਦੇ ਨੀਰੋ ਸਿਆਸਤਦਾਨ-ਵੱਡੇ ਅਫਸਰ ਨਸ਼ਿਆਂ ਦੀ ਤਸਕਰੀ ਤੋਂ ਆਉਂਦੀ ਮੋਟੀ ਕਮਾਈ ਨੂੰ ਹਜ਼ਮ ਕਰਕੇ ਬੰਸਰੀ ਬਜਾ ਰਹੇ ਹਨ।

ਜਿੱਥੇ ਇੱਕ ਪਾਸੇ ਸਿੰਥੈਟਿਕ ਤੇ ਆਧੁਨਿਕ ਨਸ਼ਿਆਂ ਦੀ ਗੱਲ਼ ਹੋ ਰਹੀ ਹੈ ਤਾਂ ਨਾਲ ਨਾਲ ਇਹ ਵੀ ਨਹੀਂ ਭੁੱਲ਼ਣਾ ਚਾਹੀਦਾ ਕਿ ਪੰਜਾਬ ਅੰਦਰ ਸ਼ਰਾਬ ਦਾ ਧੰਦਾ ਵੀ ਕਾਫੀ ਵਧਿਆ-ਫੁੱਲਿਆ ਹੈ। 2009 ਵਿੱਚ ਪੰਜਾਬੀਆਂ ਨੇ 29 ਕਰੋੜ ਬੋਤਲਾਂ ਸ਼ਰਾਬ ਪੀਤੀ। ਪੰਜਾਬ ਸਰਕਾਰ ਨੂੰ ਸ਼ਰਾਬ ਤੋਂ ਹਰ ਸਾਲ ਚੋਖੀ ਕਮਾਈ ਹੁੰਦੀ ਹੈ ਤੇ ਇਸ ਕਮਾਈ ਵਾਸਤੇ ਪੰਜਾਬ ਸਰਕਾਰ ਜਵਾਨੀਆਂ ਗਾਲਣ ਤੋਂ ਵੀ ਕੋਈ ਪ੍ਰਹੇਜ਼ ਨਹੀਂ ਕਰਦੀ। 2011-12 ਚ ਸ਼ਰਾਬ ਰਾਹੀਂ 2597.6 ਕਰੋੜ ਰੁਪਏ ਸਰਕਾਰ ਦੀ ਝੋਲੀ ਪਏ। 2012-13 ਵਿੱਚ ਇਹ ਕਮਾਈ 3324.33 ਕਰੋੜ ਹੋ ਗਈ, ਜਦਕਿ 2006-07 ਵਿੱਚ ਸ਼ਰਾਬ ਦੀ ਵਿਕਰੀ 1363.37 ਕਰੋੜ ਤੇ 2008-09 ਵਿੱਚ 1810.99 ਕਰੋੜ ਰੁਪਏ ਦੀ ਹੋਈ ਸੀ। ਮਤਲਬ ਸ਼ਰਾਬ ਦੀ ਵਿਕਰੀ ਸਰਕਾਰ ਲਈ ਲਾਹੇਵੰਦਾ ਧੰਦਾ ਹੈ। ਸਰਕਾਰ ਨੇ 2013-14 ਵਿੱਚ 400 ਕਰੋੜ ਦੀ ਸ਼ਰਾਬ ਵੇਚਕੇ ਖਜਾਨਾ ਭਰਨ ਦਾ ਟੀਚਾ ਮਿਥਿਆ ਸੀ ਤੇ ਉਸਨੂੰ ਬਖੂਬੀ ਪੂਰਾ ਵੀ ਕੀਤਾ। ਨਸ਼ਾ ਤਸਕਰਾਂ ਦੇ ਨਾਲ ਨਾਲ ਸ਼ਰਾਬ ਉਤਪਾਦਕਾਂ ਤੇ ਵੀ ਸਰਕਾਰ ਦਾ ਮਿਹਰ ਭਰਿਆ ਹੱਥ ਹੈ। ਸ਼ਰਾਬ ਉਤਪਾਦਕਾਂ ਨੂੰ ਪੰਜਾਬ ਅੰਦਰ ਟੈਕਸਾਂ ਤੇ ਵੱਡੀਆਂ ਵੱਡੀਆਂ ਛੋਟਾਂ ਦਿੱਤੀਆਂ ਜਾਂਦੀਆਂ ਹਨ। ਸੂਬੇ ਅੰਦਰ 2004 ਵਿੱਚ ਸ਼ਰਾਬ ਬਨਾਉਣ ਵਾਲੀਆਂ ਸਿਰਫ 4 ਫੈਕਟਰੀਆਂ ਸਨ। 2011 ਵਿੱਚ ਇਹਨਾਂ ਦੀ ਗਿਣਤੀ 11 ਹੋ ਗਈ ਅਤੇ 2014 ਵਿੱਚ 19 ਹੋਰ ਨਵੀਆਂ ਫੈਕਟਰੀਆਂ ਦੇ ਲਾਉਣ ਦੇ ਮਤੇ ਪਾਸ ਕੀਤੇ ਗਏ ਹਨ। 2011 ਵਿੱਚ 11 ਫੈਕਟਰੀਆਂ ਆਪਣੀ ਸਮਰੱਥਾ ਮੁਤਾਬਕ 143.18 ਕਰੋੜ ਬੋਤਲਾਂ ਬਣਾਉਂਦੀਆਂ ਹਨ, ਯਾਨਿ ਰੋਜਾਨਾ ਦੀਆਂ 39.23 ਲੱਖ ਬੋਤਲਾਂ। ਉਸਾਰੀ ਅਧੀਨ ਸ਼ਰਾਬ ਫੈਕਟਰੀਆਂ ਚੱਲ਼ਣ ਨਾਲ ਪੈਦਾਵਾਰ ਦੀ ਇਹ ਸਮਰੱਥਾ 216.65 ਕਰੋੜ ਹੋ ਜਾਵੇਗੀ। ਯਾਨਿ ਰੋਜਾਨਾ 59.35 ਲੱਖ ਬੋਤਲਾਂ, ਭਾਵ ਹਰੇਕ ਪਿੰਡ ਹਿੱਸੇ 488 ਬੋਤਲਾਂ। ਬਾਕੀ ਇਹ ਅੰਕੜੇ ਸਿਰਫ ਦੇਸ਼ੀ ਸ਼ਰਾਬ ਦੇ ਹਨ। ਇਸਤੋਂ ਬਿਨਾਂ ਜੇ ਬਾਕੀ ਸ਼ਰਾਬ ਦੀ ਮਾਤਰਾ ਨੂੰ ਵੀ ਜੋੜ ਲਿਆ ਜਾਵੇ ਤਾਂ ਸੂਬੇ ਦੇ ਹਰੇਕ ਵਸਨੀਕ (2.5 ਕਰੋੜ) ਲਈ ਹਰ ਰੋਜ ਇੱਕ ਬੋਤਲ ਦਾ ਪ੍ਰਬੰਧ ਸੂਬਾ ਸਰਕਾਰ ਨੇ ਕੀਤਾ ਹੋਇਆ ਹੈ। ਸ਼ਰਾਬ ਦਾ ਇਹ ਮੁਨਾਫਾਖੋਰਾ ਧੰਦਾ ਦਿਨੋਂ ਦਿਨ ਤਰੱਕੀ ਕਰ ਰਿਹਾ ਹੈ। ਕਈ ਸਿਆਸਤਦਾਨ ਵੀ ਇਸ ਧੰਦੇ ਚ ਨਿਵੇਸ਼ ਕਰਨ ਲਈ ਕੁੱਦ ਪਏ ਹਨ। ਮੌਜੂਦਾ ਸਰਕਾਰ ਦੇ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਦਾ ਵੀ ਉੱਤਰ ਪ੍ਰਦੇਸ਼ ਵਿੱਚ ਖੁਦ ਦਾ ਸ਼ਰਾਬ ਦਾ ਕਾਰਖਾਨਾ ਹੈ। ਇਸਤੋਂ ਬਿਨਾਂ ਸਾਬਕਾ ਅਕਾਲੀ ਮੰਤਰੀ ਜਗਦੀਸ਼ ਸਿੰਘ ਗਰਚਾ ਵੀ ਕਈ ਠੇਕਿਆ ਦਾ ਮਾਲਕ ਹੈ। ਫਰੀਦਕੋਟ ਦੇ ਅਕਾਲੀ ਵਿਧਾਇਕ ਦੀਪ ਮਲਹੋਤਰਾ ਦਾ ਵੀ ਪੰਜਾਬ ਤੋਂ ਇਲਾਵਾ ਕਈ ਸੂਬਿਆਂ ਵਿੱਚ ਸ਼ਰਾਬ ਦਾ ਕਾਰੋਬਾਰ ਹੈ।

ਪਹਿਲਾਂ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਬੋਲੀ ਰਾਹੀਂ ਕੀਤੀ ਜਾਂਦੀ ਸੀ, ਪਰ ਹੁਣ ਸੂਬਾ ਸਰਕਾਰ ਇਸਤੋਂ ਹੁੰਦੀ ਕਮਾਈ ਨੂੰ ਦੇਖਕੇ ਠੇਕਿਆਂ ਨੂੰ ਲਾਟਰੀ ਸਿਸਟਮ ਦੇ ਹਿਸਾਬ ਨਾਲ ਅਲਾਟ ਕਰਦੀ ਹੈ, ਤਾਂ ਕਿ ਵੱਧ ਤੋਂ ਵੱਧ ਠੇਕੇ ਸਰਕਾਰ ਦੇ ਮੰਤਰੀਆਂ ਜਾਂ ਹੋਰਾਂ ਨੇੜਲਿਆਂ ਦੀ ਪਹੁੰਚ ਵਿੱਚ ਹੀ ਰਹਿਣ, ਇਸਦਾ ਪ੍ਰਤੱਖ ਸਬੂਤ ਇਹੀ ਹੈ ਕਿ ਪੰਜਾਬ ਅੰਦਰ ਇੱਕ ਤਿਹਾਈ ਠੇਕਿਆ ਦਾ ਮਾਲਕ ਸਿਰਫ ਦੀਪ ਮਲਹੋਤਰਾ ਹੈ। ਪੰਜਾਬ ਅੰਦਰ 2012 ਵਿੱਚ ਠੇਕਿਆ ਦੀ ਗਿਣਤੀ 12,188 ਜੋ ਕਿ 2006 ਵਿੱਚ 4192 ਹੁੰਦੀ ਸੀ। ਅੱਜ ਦੀ ਤਰੀਕ ਚ ਇਹ ਗਿਣਤੀ ਹੋਰ ਵੀ ਜਿਆਦਾ ਟੱਪ ਚੁੱਕੀ ਹੈ। ਯਾਨਿ ਸੂਬੇ ਦੇ ਪਿੰਡਾ ਅੰਦਰ ਠੇਕਿਆਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ ਤੇ ਇਸਦੇ ਸਮਾਂਤਰ ਜੇ ਸਕੂਲਾਂ, ਡਿਸਪੈਂਸਰੀਆਂ ਤੇ ਨਜ਼ਰ ਮਾਰੀ ਜਾਵੇ ਤਾਂ ਇਹਨਾਂ ਸੁਵਿਧਾਵਾਂ ਦਾ ਗ੍ਰਾਫ ਲਗਾਤਾਰ ਹੇਠਾਂ ਆ ਰਿਹਾ ਹੈ।

ਜਿੱਥੇ ਇੱਕ ਪਾਸੇ ਸਰਕਾਰ ਨਸ਼ੇ ਦੇ ਇਸ ਕਾਰੋਬਾਰ 'ਚ ਪੂਰੀ ਤਰਾਂ ਸ਼ਾਮਲ ਹੈ, ਭਾਵੇਂ ਉਹ ਸਰਹੱਦ ਪਾਰੋਂ ਤਸਕਰੀ ਕੀਤੇ ਜਾਂਦੇ ਨਸ਼ੇ ਦੀ ਗੱਲ਼ ਹੋਵੇ, ਚਾਹੇ ਪੰਜਾਬ ਅੰਦਰ ਪੈਦਾ ਹੁੰਦੀ ਸ਼ਰਾਬ, ਸਭ ਸਰਕਾਰੇ ਦਰਬਾਰੇ ਦੀ ਮਿਲੀਭੁਗਤ ਨਾਲ ਚੱਲ਼ਦਾ ਹੈ ਤੇ ਉਪਰੋਕਤ ਤੱਥ-ਅੰਕੜੇ ਇਸਦੀ ਬਖੂਬੀ ਗਵਾਹੀ ਭਰਦੇ ਹਨ। ਦੂਜੇ ਪਾਸੇ ਬਦਨਾਮੀ ਤੋਂ ਬਚਣ ਤੇ ਵਿਰੋਧੀ ਪਾਰਟੀਆਂ ਨੂੰ ਜਵਾਬ ਦੇਣ ਵਾਸਤੇ ਮੌਕੇ ਦੇ ਅਕਾਲੀ-ਭਾਜਪਾ ਸਰਕਾਰ ਵੇਲੇ ਵੇਲੇ ਤੇ ਕੁਝ ਰਸਮੀ ਕਵਾਇਦਾਂ ਵੀ ਕਰਦੀ ਰਹਿੰਦੀ ਹੈ। ਜਿਵੇਂ ਨਾਰਕੋਟਿਕਸ ਕੰਟਰੋਲ ਬੋਰਡ ਮੁਤਾਬਕ ਜੁਲਾਈ 2014 ਤੱਕ ਪੰਜਾਬ ਪੁਲੀਸ ਨੇ 10,538 ਜਣਿਆਂ ਨੂੰ ਨਸ਼ਾ ਤਸਕਰੀ ਦੇ ਜੁਰਮ ਹੇਠ ਗ੍ਰਿਫਤਾਰ ਕੀਤਾ, ਪਰ ਸੂਤਰਾਂ ਮੁਤਾਬਕ ਜਾਣਕਾਰੀ ਮਿਲੀ ਹੈ ਕਿ ਅਸਲ ਚ ਇਹ ਗ੍ਰਿਫਤਾਰੀਆਂ ਬਸ ਇੱਕ ਕਵਾਇਦ ਹਨ ਤੇ ਫੜੇ ਗਏ ਲੋਕ ਅਸਲ ਚ ਕੁਝ ਨਸ਼ੇੜੀ ਵਗੈਰਾ ਹਨ।

ਪੰਜਾਬ ਅੰਦਰ ਇਸ ਵੇਲੇ 88 ਨਸ਼ਾ ਛੁਡਾਓ ਕੇਂਦਰ ਹਨ, ਜਿਹਨਾਂ ਚੋਂ ਸਿਰਫ 23 ਹੀ ਸਰਕਾਰ ਤੋਂ ਮਨਜੂਰਸ਼ੁਦਾ ਹਨ। ਤਹਿਲਕਾ ਦੁਆਰਾ ਕੀਤੇ ਇੱਕ ਸਰਵੇਖਣ ਮੁਤਾਬਕ ਇਹ ਗੱਲ਼ ਵੀ ਸਾਹਮਣੇ

ਆਈ ਹੈ ਕਿ ਇਹਨਾਂ ਨਸ਼ਾ ਛੁਡਾਓ ਕੇਂਦਰਾਂ ਚ ਮਰੀਜਾਂ ਨਾਲ ਹਮਦਰਦੀ ਭਰੇ ਵਿਵਹਾਰ ਬਜਾਏ ਬੇਹੱਦ ਅਣ-ਮਨੁੱਖੀ ਤਰੀਕੇ ਅਪਣਾਏ ਜਾਂਦੇ ਹਨ। ਕਹਿਣ ਦਾ ਮਤਲਬ ਨਸ਼ਾ ਛੁਡਾਓ ਕੇਂਦਰਾਂ ਪ੍ਰਤੀ ਸਰਕਾਰ ਭੋਰਾ ਵੀ ਸੰਜੀਦਗੀ ਨਾਲ ਨਹੀਂ ਸੋਚਦੀ। ਆਖਰ ਸੋਚੇ ਵੀ ਕਿਉਂ, ਕਿਉਂਕਿ ਨਸ਼ੇ ਦਾ ਕਾਰੋਬਾਰ ਸੂਬਾ ਸਰਕਾਰ ਦਾ ਖਜਾਨੇ ਤੋਂ ਲੈਕੇ ਉਹਨਾਂ ਦੀਆਂ ਜੇਬਾਂ ਤੱਕ ਦੀ ਪੌਂ-ਬਾਰਾਂ ਕਰ ਰਿਹਾ ਹੈ। ਡਰੱਗ ਮਾਫੀਆ-ਠੇਕੇਦਾਰਾਂ ਤੇ ਸਰਕਾਰਾਂ ਦੀ ਗੰਢ-ਤੁੱਪ ਹੁਣ ਪੰਜਾਬ ਦਾ ਬੇੜਾ ਗਰਕ ਕਰਨ ਨੂੰ ਲੱਗੀ ਹੋਈ ਹੈ। ਵੋਟ-ਬਟੋਰੂ ਪਾਰਟੀਆਂ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਪਤਾ ਇਸ ਤੱਥ ਤੋਂ ਵੀ ਲੱਗ ਜਾਂਦਾ ਹੈ ਕਿ ਲੰਘੀਆਂ ਲੋਕ ਸਭਾ ਚੋਣਾ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਪੰਜਾਬ ਅੰਦਰੋਂ 8000 ਕਰੋੜ ਰੁਪਏ ਦੇ ਨਸ਼ਿਆਂ ਦੀ ਜਬਤੀ ਕੀਤੀ ਜੋ ਵੋਟਾਂ ਬਦਲੇ ਲੋਕਾਂ ਨੂੰ ਵੰਡੇ ਜਾਣੇ ਸਨ।

ਸੂਬੇ ਅੰਦਰ ਹੀ ਤਕਰੀਬਨ 200 ਦੇ ਕਰੀਬ ਪੰਚਾਇਤਾਂ ਨੇ ਮਤਾ ਪਾਕੇ ਪੰਜਾਬ ਦੇ ਆਬਕਾਰੀ ਮਹਿਕਮੇ ਨੂੰ ਪਿੰਡ ਵਿੱਚ ਠੇਕਾ ਨਾ ਖੋਲਣ ਦੀ ਅਰਜੋਈ ਕੀਤੀ। ਪਰ ਮਹਿਕਮੇ ਨੇ ਇਹ ਬਹਾਨਾ ਬਣਾਕੇ ਉਹਨਾਂ ਦੇ ਮਤੇ ਰੱਦ ਕਰ ਦਿੱਤੇ ਕਿ ਇਹਨਾਂ ਪਿੰਡਾਂ ਵਿੱਚ ਸ਼ਰਾਬ ਦੀ ਤਸਕਰੀ ਦਾ ਖਦਸ਼ਾ ਹੈ। ਕਈ ਥਾਵਾਂ ਤੇ ਹੋਰ ਵੀ ਇਸ ਤਰਾਂ ਨਸ਼ਿਆਂ ਦੀ ਮਾਰ ਖਿਲਾਫ ਲੋਕ ਰੋਹ ਉੱਠੇ, ਪਰ ਲਹਿਰ ਬਣਨ ਚ ਅਸਫਲ ਰਹੇ। ਅਸਲ ਵਿੱਚ ਨਸ਼ਿਆਂ ਦੇ ਇਸ ਮਾਰੂ ਹੱਲ਼ੇ ਵਿਰੁੱਧ ਜੂਝਣ ਲਈ ਇਸਦੀ ਸਮਾਜਿਕ ਆਰਥਕ ਜੜ ਤਾਈਂ ਪੁੱਜਣਾ ਬਹੁਤ ਜ਼ਰੂਰੀ ਹੈ। ਉੱਪਰ ਕਾਫੀ ਸਾਰੇ ਤੱਥਾਂ ਤੋਂ ਅਸੀਂ ਇਹ ਸਪੱਸ਼ਟ ਕਰ ਹੀ ਆਏ ਹਾਂ ਨਸ਼ਿਆਂ ਦਾ ਕਾਰੋਬਾਰ ਇੱਕ ਚੋਖੇ ਮੁਨਾਫੇ ਵਾਲਾ ਧੰਦਾ ਹੈ। ਜਿਸ ਵਿੱਚ ਸਰਕਾਰ, ਮੰਤਰੀ, ਫੌਜ ਤੇ ਪੁਲੀਸ ਦੇ ਛੋਟੇ ਵੱਡੇ ਅਫਸਰ ਉੱਤੇ ਤੋਂ ਲੈਕੇ ਹੇਠਾਂ ਤੱਕ ਆਪਸ ਵਿੱਚ ਘਿਓ ਖਿਚੜੀ ਹਨ। ਅਜੋਕੇ ਸਮਾਜ ਵਿੱਚ ਜਿਸ ਵਿੱਚ ਪੈਦਾਵਾਰ ਦੇ ਸੰਦ ਮੁੱਠੀਭਰ ਸਰਮਾਏਦਾਰਾਂ ਦੇ ਹੱਥਾਂ ਚ ਹਨ ਤੇ ਦੂਜੇ ਬਹੁਗਿਣਤੀ ਕਿਰਤੀ ਅਬਾਦੀ ਜੋ ਦਿਨ-ਰਾਤ ਉਹਨਾਂ ਪੈਦਾਵਾਰ ਦੇ ਸਾਧਨਾਂ ਤੇ ਆਪਣੀ ਕਿਰਤ ਸ਼ਕਤੀ ਲਾਕੇ ਦੇਸ਼-ਦੁਨੀਆਂ ਦੀਆਂ ਸਾਰੀਆਂ ਚੀਜਾਂ ਦੀ ਪੈਦਾਵਾਰ ਕਰਦੀ ਹੈ। ਪੈਦਾਵਾਰ ਦੇ ਇਸ ਢਾਂਚੇ ਵਿੱਚ ਸਾਰੀ ਪੈਦਾਵਾਰ ਸਿਰਫੇ ਤੇ ਸਿਰਫ ਮੁਨਾਫੇ ਵਾਸਤੇ ਹੁੰਦੀ ਹੈ ਤੇ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਨਾ ਇਸਦਾ ਮਕਸਦ ਕਦੇ ਵੀ ਨਹੀਂ ਰਹਿੰਦਾ। ਐਸੇ ਢਾਂਚੇ ਵਿੱਚ ਮੁਨਾਫਾ ਚਾਹੇ ਉਹ ਕਿਵੇਂ ਵੀ ਹਾਸਲ ਕੀਤਾ ਗਿਆ ਹੋਵੇ, ਮੁੱਖ ਬਣ ਜਾਂਦਾ ਹੈ। ਚਾਹੇ ਇਸ ਵਾਸਤੇ ਲੱਖਾਂ ਕਰੋੜਾਂ ਜਾਨਾਂ ਦੀ ਕੁਰਬਾਨੀ ਹੀ ਕਿਉਂ ਨਾ ਕਰਨੀ ਪਵੇ, ਜਿਵੇਂ ਅੱਜ ਨਸ਼ਾ ਤਸਕਰ ਜਾਂ ਸਰਕਾਰ ਸੂਬੇ ਦੇ ਨੌਜਵਾਨਾਂ ਦੀ ਕੁਰਬਾਨੀ ਦੇਕੇ ਕਰ ਰਹੀ ਹੈ। ਮੁਨਾਫਾ ਪੈਦਾਵਾਰ ਦਾ ਕੇਂਦਰੀ ਨੁਕਤਾ ਹੋਣ ਕਰਕੇ ਜਿੱਥੇ ਇੱਕ ਪਾਸੇ ਪੈਦਾਵਾਰ ਦੇ ਸੰਦਾ ਤੇ ਕਾਬਜ ਧਨਾਢਾਂ ਦੀ ਸੰਪੱਤੀ ਦਿਨੋਂ ਦਿਨ ਵਧਦੀ ਜਾਂਦੀ ਹੈ, ਉੱਥੇ ਦੂਜੇ ਪਾਸੇ ਕਿਰਤੀਆਂ ਦੀ ਹਾਲਤ ਉਹਨਾਂ ਦਾ ਜਿਉਣਾ ਦਿਨ ਬ ਦਿਨ ਹੋਰ ਜਿਆਦਾ ਦੁੱਭਰ ਹੁੰਦਾ ਜਾਂਦਾ ਹੈ, ਗੁਜਾਰੇ ਜੋਗਾ ਹਾਸਲ ਕਰਨਾ ਵੀ ਉਹਨਾਂ ਲਈ ਮੁਸ਼ਕਲ ਹੋ ਜਾਂਦਾ ਹੈ। ਗਰੀਬੀ ਦੇ ਮਹਾਂਸਾਗਰ ਵਿੱਚ ਜਿਉਂਦੇ ਇਹ ਕਿਰਤੀ ਧਨ-ਦੌਲਤ ਸਿਰਜਦੇ ਹਨ, ਪਰ ਖੁਦ ਕਾਰਖਾਨਿਆਂ, ਖੇਤਾਂ ਚ ਹੱਡ ਖਪਾਈ ਕਰਨ ਮਗਰੋਂ ਵੀ ਢਿੱਡ ਭਰ ਭੋਜਨ ਉਹਨਾਂ ਨੂੰ ਨਹੀਂ ਮਿਲਦਾ। ਇਸ ਕਰਕੇ ਇੱਕ ਸੰਤੁਲਿਤ ਭੋਜਨ ਦੀ ਕਮੀ ਤੋਂ ਬਿਨਾਂ ਲਗਾਤਾਰ ਸਰੀਰ ਨੂੰ ਕੰਮ ਤੇ ਲਾਈ ਰੱਖਣ ਵਾਸਤੇ, ਤਾਂਕਿ ਉਹ ਅੱਕੇ-ਥੱਕੇ ਨਾ-ਜਿਆਦਾਤਰ ਕਿਰਤੀ ਨਸ਼ੇ ਦਾ ਇਸਤੇਮਾਲ ਕਰਦੇ ਹਨ। ਪਰ ਨਸ਼ੇ ਦਾ ਇਸਤੇਮਾਲ ਕਿਤੇ ਵੀ ਉਹਨਾਂ ਦਾ ਸ਼ੌਂਕ ਨਹੀਂ, ਸਗੋਂ ਭੁੱਖਾਂ ਮਾਰੇ ਢਿੱਡਾਂ ਦੀ ਮਜਬੂਰੀ ਬਣਦਾ ਹੈ। ਜਿੱਥੇ ਇੱਕ ਮਿਹਨਤ ਮੁਸ਼ੱਕਤ ਕਰਨ ਵਾਲਾ ਤਬਕਾ ਦੁੱਖਾਂਹਾਰੀ ਜਿੰਦਗੀ ਕੱਟਦਾ ਹੈ, ਉੱਥੇ ਦੂਜੇ ਪਾਸੇ ਬੇਰੁਜਗਾਰਾਂ ਦੀ ਇੱਕ ਵੱਡੀ ਫੌਜ ਵੀ ਇਸੇ ਹੀ ਢਾਂਚੇ ਦਾ ਅੰਗ ਬਣੀ ਰਹਿੰਦੀ ਹੈ। ਮੁਨਾਫੇ ਤੇ ਟਿਕਿਆ ਇਹ ਢਾਂਚਾ ਜਿੱਥੇ ਇੱਕ ਪਾਸੇ ਲੋਕਾਂ ਨੂੰ ਭੁੱਖੇ ਮਰਨ ਲਈ ਸੁੱਟ ਦਿੰਦਾ ਹੈ, ਉੱਥੇ ਦੂਜੇ ਪਾਸੇ ਅਸੰਵੇਦਨਸ਼ੀਲਤਾ, ਨੈਤਿਕ ਨਿਘਾਰ ਤੇ ਫੋਕੀ ਸ਼ਾਨ ਦੇ ਮੀਨਾਰ ਵੀ ਲਗਾਤਾਰ ਹੋਰ ਉੱਚੇ ਹੁੰਦੇ ਜਾਂਦੇ ਹਨ ਤੇ ਧਨਾਢਾਂ ਦਾ ਇੱਕ ਹਿੱਸਾ ਆਪਣੇ ਫੋਕੇ ਸਮਾਜਕ ਰੁਤਬੇ ਦੇ ਵਿਖਾਵੇ ਲਈ ਇਹਨਾਂ ਨਸ਼ਿਆਂ ਦੀ ਵਰਤੋਂ ਕਰਦਾ ਹੈ। ਚਾਰੇ ਪਾਸੇ ਫੈਲੀ ਗਰੀਬੀ, ਬੇਰੁਜਗਾਰੀ, ਭ੍ਰਿਸ਼ਟਾਚਾਰ, ਮਹਿੰਗਾਈਆਦਿ ਵਰਗੀਆਂ ਸਮੱਸਿਆਵਾਂ ਲਗਾਤਾਰ ਸਮਾਜ ਦੀ ਨੌਜਵਾਨ ਪੀੜੀ ਨੂੰ ਨਿਰਾਸ਼ਾ ਦੀ ਦਲਦਲ ਚ ਧਕਦੀਆਂ ਰਹਿੰਦੀਆਂ ਹਨ। ਕਿਸੇ ਬਦਲ ਦੀ ਘਾਟ ਤੋਂ ਬਿਨਾਂ ਨਿਰਾਸ਼ਾ ਦੇ ਗੇੜ ਚ ਆਏ ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿੱਚ ਆਉਂਦੇ ਜਾਂਦੇ ਹਨ।

ਨਸ਼ਿਆਂ ਦੀ ਮਹਾਂਮਾਰੀ ਦੇ ਖਾਤਮੇ ਲਈ ਅਸਲ ਚ ਮੁਨਾਫੇ ਤੇ ਟਿਕੇ ਇਸ ਸਮੁੱਚੇ ਢਾਂਚੇ ਨੂੰ ਢਹਿਢੇਰੀ ਕਰਨਾ ਬਹੁਤ ਲਾਜਮੀ ਹੈ। ਕਿਉਂਕਿ ਨਸ਼ਿਆ ਦੇ ਭੌਤਿਕ ਅਧਾਰ ਦੇ ਖਾਤਮੇ ਤੋਂ ਬਿਨਾਂ ਇਹਨਾਂ ਦਾ ਨਾਸ਼ ਕਰਨਾ ਨਿਰੋਲ ਖਿਆਲੀ ਗੱਲ਼ ਹੈ। ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਅੱਜ ਦੇ ਵੇਲੇ ਨਸ਼ਿਆਂ ਦਾ ਵਿਰੋਧ ਕਰਨਾ ਬਿਲਕੁਲ ਛੱਡ ਦੇਣਾ ਚਾਹੀਦਾ ਹੈ। ਅਸਲ ਚ ਨਸ਼ਿਆਂ ਦੇ ਖਾਤਮੇ ਦਾ ਮਸਲਾ ਨੌਜਵਾਨ ਲਹਿਰ ਦਾ ਇੱਕ ਅਹਿਮ ਮਸਲਾ ਹੈ। ਅੱਜ ਦੇ ਸਮੇਂ ਨਸ਼ਿਆਂ ਦੇ ਫੈਲੇ ਇਸ ਕਾਰੋਬਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਦਿਆਂ ਸਰਕਾਰਾਂ ਤੇ ਨਸ਼ੇ ਦੇ ਕਾਰੋਬਾਰੀਆਂ ਦੇ ਗੰਦੇ ਗਠਜੋੜ ਨੂੰ ਜੱਗਜਾਹਿਰ ਕਰਨਾ ਚਾਹੀਦਾ ਹੈ, ਨਸ਼ੇ ਦੇ ਕਾਰੋਬਾਰੀਆਂ ਦਾ ਸਮਾਜਕ ਬਾਈਕਾਟ ਕਰਨਾ ਚਾਹੀਦਾ ਹੈ, ਨਸ਼ਿਆਂ ਵਿਰੁੱਧ ਨੌਜਵਾਨਾਂ ਅੰਦਰ ਇੱਕ ਜਾਗਰੂਕਤਾ ਲਹਿਰ ਚਲਾਉਣੀ ਚਾਹੀਦੀ ਹੈ, ਨੌਜਵਾਨਾਂ ਨੂੰ ਅਗਾਂਹਵਧੂ ਸਾਹਿਤ ਨਾਲ ਜੁੜਨ ਲਈ ਪ੍ਰੇਰਣ ਦੇ ਨਾਲ-ਨਾਲ ਨੌਜਵਾਨਾਂ ਨੂੰ ਉਹਨਾਂ ਦੇ ਅਸਲ ਮਕਸਦ, ਇਸ ਮੁਨਾਫਾਖੋਰ ਮਨੁੱਖਦੋਖੀ ਢਾਂਚੇ ਨੂੰ ਢਹਿਢੇਰੀ ਕਰਕੇ ਇੱਕ ਮਨੁੱਖ ਕੇਂਦਰਿਤ ਢਾਂਚੇ ਦੀ ਉਸਾਰੀ ਲਈ ਅੱਗੇ ਆਉਣਾ-ਜਿਸ ਵਿੱਚ ਹਰ ਇੱਕ ਕਿਰਤ ਕਰਨ ਵਾਲਿਆਂ ਨੂੰ ਚੰਗਾ ਜੀਵਨ, ਨੌਜਵਾਨਾਂ ਨੂੰ ਰੁਜਗਾਰ ਦੇ ਬਿਹਤਰ ਮੌਕੇ ਤੇ ਅਮੀਰ ਗਰੀਬ ਦਾ ਪਾੜਾ ਨਾ ਹੋਵੇ। ਐਸੇ ਸਮਾਜ ਵਿੱਚ ਹੀ ਨਸ਼ਿਆਂ ਦਾ ਕੁੱਲ ਖਾਤਮਾ ਸੰਭਵ ਹੈ।

♦ ♦ ♦ ♦ ♦ ♦

# ਅਮਰੀਕਾ ਨਾਲ਼ ਇਸਲਾਮਿਕ ਸਟੇਟ ਦੇ ਸਬੰਧਾਂ ਦੀ ਕਹਾਣੀ ਹੋਈ ਜੱਗ-ਜ਼ਾਹਰ

• *ਕੁਲਦੀਪ*

ਅਫ਼ਗਾਨਿਸਤਾਨ ਵਿੱਚ ਮੁਜਾਹੁਦੀਨਾਂ ਅਤੇ ਅਲਕਾਇਦਾ, ਤਾਲਿਬਾਨ ਆਦਿ ਦਹਿਸ਼ਤੀ ਗੁੱਟਾਂ ਨਾਲ਼ ਅਮਰੀਕਾ (ਆਪਣੇ ਨਾਟੋ ਸੰਗੀਆਂ ਸਮੇਤ) ਪਿਛਲੇ ਲੰਬੇ ਸਮੇਂ ਤੋਂ ਜੋੜ-ਤੋੜ, ਪੈਂਤੜੇਬਾਜ਼ੀ, ਹਥਿਆਰ ਸਪਲਾਈ, ਲੜਾਈਆਂ, ਸੁਲਾ-ਸਫ਼ਾਈਆਂ ਆਦਿ ਵਿੱਚ ਮਸ਼ਰੂਫ਼ ਹੈ ਜੋ ਅਮਰੀਕਾ ਨੇ ਰੂਸ ਦੇ ਪ੍ਰਭਾਵ ਨੂੰ ਟੱਕਰ ਦੇਣ ਅਤੇ ਅਫ਼ਗਾਨਿਸਤਾਨ ਵਿੱਚ ਅਫ਼ੀਮ ਦੀ ਖੇਤੀ ਦਾ ਸਾਰਾ ਕਾਰੋਬਾਰ ਆਪਣੇ ਹੱਥ ਲੈਣ (ਕਿਉਂਕਿ ਅਫ਼ਗਾਨਿਸਤਾਨ ਸੰਸਾਰ ਦਾ ਸਭ ਤੋਂ ਵੱਡਾ ਅਫ਼ੀਮ ਪੈਦਾਕਾਰ ਦੇਸ਼ ਹੈ) ਲਈ ਕੀਤਾ ਸੀ। ਮੁਜਾਹੂਦੀਨਾਂ ਤੋਂ ਹੀ ਨਿਕਲਿਆ ਇਸਲਾਮਿਕ ਸਟੇਟ (ਇਸੇ ਨੂੰ ਪਹਿਲਾਂ ਆਈਐਸਆਈਐਲ ਭਾਵ ਇਸਲਾਮਿਕ ਸਟੇਟ ਆਫ਼ ਈਰਾਕ ਐਂਡ ਲੇਵਾਂਤ ਵੀ ਕਹਿੰਦੇ ਸਨ ਜਾਂ ਆਈਐਸਆਈਐਸ ਭਾਵ ਇਸਲਾਮਿਕ ਸਟੇਟ ਆਫ਼ ਈਰਾਕ ਐਂਡ ਸੀਰੀਆ ਵੀ) ਦਹਿਸ਼ਤੀ ਗਰੁੱਪ ਇਸ ਸਮੇਂ ਸੰਸਾਰ ਦੀ ਸਭ ਤੋਂ ਖ਼ਤਰਨਾਕ ਦਹਿਸ਼ਤਗਰਦ ਜਥੇਬੰਦੀ ਦੇ ਰੂਪ ਵਿੱਚ ਉੱਭਰਿਆ ਹੈ ਜੋ ਈਰਾਕ, ਸੀਰੀਆ 'ਚ ਅਤੇ ਹੁਣ ਲਿਬਿਆ 'ਚ ਵੀ ਹੜਦੁੰਗ ਮਚਾ ਰਿਹਾ ਹੈ। ਇਸਲਾਮਿਕ ਸਟੇਟ ਨਾਲ਼ ਸਬੰਧਾਂ ਨੂੰ ਲੈ ਕੇ ਅਮਰੀਕਾ ਇੱਕ ਵਾਰ ਫਿਰ ਚਰਚਾ 'ਚ ਹੈ, ਭਾਵੇਂ ਕੌਮਾਂਤਰੀ ਭਾਸ਼ਣਾਂ ਵਿੱਚ ਇਸਲਾਮਿਕ ਸਟੇਟ ਵਿਰੁੱਧ ਜੰਗ ਛੇੜਣ ਦੀਆਂ ਗਿੱਦੜ-ਚੀਕਾਂ ਹੁਣ ਤੱਕ ਮਾਰ ਰਿਹਾ ਹੈ। ਪਹਿਲਾਂ ਅਮਰੀਕਾ ਲੁਕਵੇਂ ਰੂਪ ਵਿੱਚ ਇਸਲਾਮਿਕ ਸਟੇਟ ਦੀ ਮਦਦ - ਖ਼ਾਸ ਤੌਰ 'ਤੇ ਸੀਰੀਆ ਵਿੱਚ - ਕਰਦਾ ਰਿਹਾ ਹੈ। ਪਰ ਹੁਣ ਸੀਰੀਆ ਵਿੱਚ ਚੱਲ ਰਹੀ ਜੰਗ ਵਿੱਚ ਆਈਐਸ ਦੇ ਪੱਖ ਵਿੱਚ ਆ ਚੁੱਕਾ ਹੈ ਇਹੀ ਅਮਰੀਕਾ ਈਰਾਕ ਵਿੱਚ ਇਸਦੇ ਵਿਰੁੱਧ ਰਿਹਾ ਹੈ ਜਿਵੇਂ ਅਲਕਾਇਦਾ ਦੀ ਸ਼ਾਖ ਅਲ-ਨੁਸਰਾ ਨਾਲ਼ ਮਿਲ ਕੇ ਸੀਰੀਆ ਵਿੱਚ ਲੜ ਰਿਹਾ ਹੈ ਅਤੇ ਸੰਸਾਰ ਪੱਧਰ 'ਤੇ ਅਲਕਾਇਦਾ ਵਿਰੁੱਧ ਜੰਗ ਛੇੜ ਰੱਖੀ ਹੈ। ਆਉ ਇਸਲਾਮਿਕ ਸਟੇਟ ਨਾਲ਼ ਅਮਰੀਕਾ ਦੇ ਸਬੰਧਾਂ ਦੀ ਚਰਚਾ ਹੁਣ ਥੋੜ੍ਹੀ ਵਿਸਥਾਰ 'ਚ ਕਰਦੇ ਹਾਂ

ਇਸਲਾਮਿਕ ਸਟੇਟ ਈਰਾਕ 'ਤੇ ਅਮਰੀਕੀ ਹਮਲੇ ਤੋਂ ਬਾਅਦ ਉੱਭਰੀ ਇੱਕ ਦਹਿਸ਼ਤਗਰਦ ਜਥੇਬੰਦੀ ਹੈ। 9/11 ਦੇ ਹਮਲੇ ਤੋਂ ਬਾਅਦ "ਦਹਿਸ਼ਤਗਰਦੀ ਵਿਰੁੱਧ ਜੰਗ" ਦੇ ਨਾਅਰੇ ਹੇਠ ਅਮਰੀਕਾ ਨੇ ਅਫ਼ਗਾਨਿਸਤਾਨ 'ਤੇ 2001 ਵਿੱਚ ਅਤੇ ਈਰਾਕ 'ਤੇ 2003 ਵਿੱਚ ਹਮਲੇ ਕੀਤੇ। ਭਾਵੇਂ ਕਿ ਅਫ਼ਗਾਨਿਸਤਾਨ ਵਿੱਚ ਮੁਜਾਹੁਦੀਨ ਨਾਮੀ ਦਹਿਸ਼ਤੀ ਗੁੱਟਾਂ ਨੂੰ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀਆਈਏ ਨੇ ਹੀ ਧਨ, ਹਥਿਆਰ ਤੇ ਸਿਖਲਾਈ ਦੇ ਕੇ ਸੋਵੀਅਤ ਯੂਨੀਅਨ ਦੇ ਵਿਰੁੱਧ ਤੇ ਚੀਨ ਪੱਖੀਆਂ ਨੂੰ ਖ਼ਤਮ ਕਰਵਾਉਣ ਲਈ ਤਿਆਰ ਕੀਤਾ ਸੀ ਜਿਹਨਾਂ ਵਿੱਚੋਂ ਹੀ ਬਾਅਦ ਵਿੱਚ ਅਲਕਾਇਦਾ ਅਤੇ ਤਾਲਿਬਾਨ ਨਾਮੀ ਦਹਿਸ਼ਤੀ ਗਰੁੱਪ ਨਿਕਲੇ। ਇਸੇ ਤਰ੍ਹਾਂ ਸੱਦਾਮ ਹੁਸੈਨ ਜੋ 1963 'ਚ ਸੱਤਾ 'ਚ ਆਇਆ ਸੀ, ਈਰਾਨ 'ਤੇ ਈਰਾਕ ਹਮਲੇ ਦੌਰਾਨ ਅਮਰੀਕਾ ਸੱਦਾਮ ਦੇ ਨਾਲ਼ ਸੀ ਪਰ ਜਦ ਸੱਦਾਮ ਨੇ ਅਮਰੀਕਾ ਦਾ ਵਿਰੋਧ ਸ਼ੁਰੂ ਕੀਤਾ ਤਾਂ "ਮਾਰੂ" ਪ੍ਰਮਾਣੂ ਹਥਿਆਰਾਂ ਦਾ ਬਹਾਨਾ ਬਣਾ ਕੇ ਅਮਰੀਕਾ ਨੇ ਈਰਾਕ 'ਤੇ ਹਮਲਾ ਕੀਤਾ ਅਤੇ ਸੱਦਾਮ ਨੂੰ ਮਾਰ ਕੇ ਨੌਰੀ-ਅਲ-ਮਲੀਕੀ ਦੀ ਅਗਵਾਈ ਹੇਠ ਆਪਣੀ ਕਠਪੁਤਲੀ ਸਰਕਾਰ ਸਥਾਪਿਤ ਕੀਤੀ। ਇਸ ਸਮੇਂ ਦੌਰਾਨ ਫਿਰਕੂ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ ਜਿਵੇਂ ਵੱਧ ਰਸੂਖ਼ਦਾਰ ਅਹੁਦਿਆਂ 'ਤੇ ਸ਼ੀਆ ਅਤੇ ਘੱਟ ਮਹੱਤਵਪੂਰਨ 'ਤੇ ਸੁੰਨੀ ਤੇ ਕੁਰਦ। ਖ਼ਾਸ ਤੌਰ 'ਤੇ ਸੱਦਾਮ ਦੀ ਮੌਤ ਬਾਅਦ ਸੁੰਨੀਆਂ ਨਾਲ਼ ਪੱਖਪਾਤ ਵੱਧਦਾ ਹੀ ਗਿਆ। ਦੂਜਾ ਲੰਬੀ ਜੰਗ ਨੇ ਦੇਸ਼ ਨੂੰ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਤਬਾਹ ਕੀਤਾ ਜਿਸ ਵਿੱਚ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ। ਈਰਾਕ ਦਾ ਜੰਗ ਦਾ ਖ਼ਰਚ ਲੱਗਭਗ 3 ਟ੍ਰਿਲੀਅਨ ਡਾਲਰ ਸੀ ਅਤੇ ਜੰਗ ਵਿੱਚ 6,00,000 ਲੋਕ ਮਾਰੇ ਗਏ। ਅਰਥਚਾਰਾ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਸੀ। ਬੇਰੁਜ਼ਗਾਰੀ, ਗ਼ਰੀਬੀ, ਮਹਿੰਗਾਈ ਵਧੀ ਅਤੇ ਇਹਨਾਂ ਵਿਰੁੱਧ ਬਹੁਤ ਸਾਰੇ ਮੁਜ਼ਾਹਰੇ ਵੀ ਹੋਏ ਅਤੇ ਨਿੱਕੀਆਂ-ਮੋਟੀਆਂ ਸੁੰਨੀ ਬਗ਼ਾਵਤਾਂ ਵੀ ਹੋਈਆਂ। ਫਲੂਜਾ, ਮੌਸੂਲ, ਤਿਕਰਿਤ, ਬਗਦਾਦ ਆਦਿ ਸ਼ਹਿਰਾਂ ਵਿੱਚ ਮੁਜ਼ਾਹਰਿਆਂ ਨੂੰ ਅਮਰੀਕੀ ਕਠਪੁਤਲੀ ਮਲੀਕੀ ਸਰਕਾਰ ਨੇ ਬੁਰੀ ਤਰ੍ਹਾਂ ਕੁਚਲਿਆ ਅਤੇ ਸੁੰਨੀਆਂ 'ਤੇ ਬਹੁਤ ਜ਼ੁਲਮ ਕੀਤੇ। ਪਰ ਈਰਾਕ ਦੇ ਹਾਕਮਾਂ ਦੇ ਇਸ ਸੰਕਟ ਦੇ ਦੌਰ ਨੂੰ ਇਨਲਕਾਬੀ ਤਬਦੀਲੀ ਵਿੱਚ ਪਲਟ ਦੇਣ ਵਾਲ਼ੀ ਅਜਿਹੀ ਕੋਈ ਇਨਕਲਾਬੀ ਧਾਰਾ ਈਰਾਕ ਵਿੱਚ ਮੌਜੂਦ ਨਹੀਂ ਸੀ। ਹਾਕਮਾਂ ਦੇ ਇਸੇ ਖਹਿ-ਭੇੜ ਵਿੱਚੋਂ ਹੀ ਸ਼ੀਆ ਤੇ ਕੁਰਦ ਵਿਰੋਧੀ ਇਸਲਾਮਿਕ ਸਟੇਟ ਨਾਮੀ ਦਹਿਸ਼ਤਗਰਦ ਜਥੇਬੰਦੀ ਦਾ ਜਨਮ ਹੋਇਆ ਜੋ ਸੁੰਨੀ ਭਾਈਚਾਰੇ ਅਧਾਰਿਤ ਸੀ। ਕੁਝ ਵਿਦਵਾਨ ਇਹ ਵੀ ਅੰਦਾਜ਼ਾ ਲਾਉਂਦੇ ਹਨ ਕਿ ਇਸ ਜਥੇਬੰਦੀ ਦਾ ਖਲੀਫ਼ਾ ਅਲ-ਬਗਦਾਦੀ 2005-2009 ਦੌਰਾਨ ਅਮਰੀਕੀ ਜ਼ੇਲ੍ਹ ਵਿੱਚ ਰਿਹਾ ਸੀ ਅਤੇ ਉਸਦੀ ਅਮਰੀਕੀ ਖ਼ੁਫੀਆ ਏਜੰਸੀ ਨਾਲ਼ ਮੀਟਿੰਗ ਹੋਈ ਵੀ ਦੱਸੀ ਜਾ ਰਹੀ ਹੈ ਅਤੇ ਦੂਜੀ ਗੱਲ ਇਸਲਾਮਿਕ ਸਟੇਟ ਵੀ 2010 'ਚ ਹੀ ਉੱਭਰਨਾ ਸ਼ੁਰੂ ਹੋਇਆ ਅਤੇ 16 ਮਈ, 2010 'ਚ ਹੀ ਅਲ-ਬਗਦਾਦੀ ਇਸਲਾਮਿਕ ਸਟੇਟ ਦਾ ਆਗੂ ਬਣ ਕੇ ਉੱਭਰਿਆ। ਇਸ ਤੋਂ ਬਾਅਦ ਹੀ ਇਸਲਾਮਿਕ ਸਟੇਟ ਨੇ ਈਰਾਕ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। 2014 ਆਉਂਦੇ-

ਆਉਂਦੇ ਇਸ ਜਥੇਬੰਦੀ ਨੇ ਈਰਾਕ ਦੇ ਮੌਸੂਲ, ਤਿਕਰਿਤ ਤੇ ਰਿਮਾਦੀ ਸਮੇਤ ਤਿੰਨ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ। ਨਾਲ਼ ਹੀ ਇਸਨੇ ਇਹਨਾਂ ਸ਼ਹਿਰਾਂ ਵਿੱਚ ਅਮਰੀਕੀ ਹਥਿਆਰਾਂ ਦੀਆਂ ਵੱਡੀਆਂ ਖੇਪਾਂ 'ਤੇ ਕਬਜ਼ਾ ਕੀਤਾ। ਇੱਥੋਂ ਹੀ ਇਸ ਜਥੇਬੰਦੀ ਦਾ ਵਿਸਥਾਰ ਹੋਣਾ ਸ਼ੁਰੂ ਹੋਇਆ। ਇਸੇ ਵੇਲ਼ੇ ਹੀ ਇਸਲਾਮਿਕ ਸਟੇਟ ਦਾ ਬਗਦਾਦ ਦੀ ਸਰਕਾਰ ਨਾਲ਼ ਝਗੜਾ ਸ਼ੁਰੂ ਹੋਇਆ। ਈਰਾਕ 'ਚ ਆਈਐਸ ਦੇ ਉਭਾਰ ਨੂੰ ਕੁਝ ਵਿਦਵਾਨ ਮਲੀਕੀ ਦੀਆਂ ਨੀਤੀਆਂ ਦਾ ਹੀ ਨਤੀਜਾ ਮੰਨਦੇ ਹਨ ਪਰ ਇਹ ਇੱਕੋ-ਇੱਕ ਕਾਰਨ ਨਹੀਂ ਹੈ ਭਾਵੇਂ ਕਿ ਇਹ ਵੀ ਇੱਕ ਕਾਰਨ ਹੈ।ਅਸਲ ਕਾਰਨ ਤਾਂ ਈਰਾਕੀ ਸਮਾਜ ਦੀ ਅੰਦਰੂਨੀ ਗਤੀ ਤੇ ਕੁਝ ਹੱਦ ਤੱਕ ਅਮਰੀਕੀ ਦਖਲ ਸੀ। ਕਿਉਂਕਿ ਈਰਾਕੀ ਅਰਥਚਾਰਾ ਜੰਗ ਤੇ ਖਾਨਾਜੰਗੀ ਦੇ 7 ਸਾਲਾਂ 'ਚ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ, ਈਰਾਕ ਦੀ ਹਾਕਮ ਜਮਾਤ ਬਹੁਤ ਕਮਜ਼ੋਰ, ਅਮਰੀਕਾ ਲਗਾਤਾਰ ਦਬਾਅ ਬਣਾ ਰਿਹਾ ਸੀ, ਦੂਜਾ ਕੋਈ ਇਨਕਲਾਬੀ ਬਦਲ ਮੌਜੂਦ ਨਹੀਂ ਸੀ ਜੋ ਇਸ ਸੰਕਟ ਦਾ ਇਲਕਲਾਬੀ ਹੱਲ ਪੇਸ਼ ਕਰਦਾ, ਲੋਕ ਗਰੀਬੀ, ਬੇਰੁਜਗਾਰੀ, ਮਾੜੀਆਂ ਸਹੂਲਤਾਂ 'ਚ ਵਿਲਕ ਰਹੇ ਸਨ 'ਤੇ ਉੱਤੋਂ ਮਲੀਕੀ ਹਕੂਮਤ ਦੁਆਰਾ ਸੁੰਨੀਆਂ ਨਾਲ਼ ਵਿਤਕਰੇਬਾਜ਼ੀ ਨੇ ਫਿਰਕਾਪ੍ਰਸਤੀ ਦੀ ਧੁਖਦੀ ਧੂਣੀ 'ਤੇ ਤੇਲ ਪਾਇਆ ਜੋ ਬਾਅਦ ਵਿੱਚ ਆਈਐਸ ਨਾਮੀ ਭਾਂਬੜ ਬਣ ਕੇ ਉੱਭਰੀ।

ਸ਼ੁਰੂ ਵਿੱਚ ਭਾਵੇਂ ਅਮਰੀਕਾ ਇਸਲਾਮਿਕ ਸਟੇਟ 'ਤੇ ਹਮਲਾ ਕਰਨ ਦੇ ਵਾਅਦੇ ਕਰਦਾ ਰਿਹਾ ਅਤੇ ਕੌਮਾਂਤਰੀ ਪੱਧਰ 'ਤੇ ਜੋਸ਼ੀਲੇ ਭਾਸ਼ਣ ਉਬਾਮਾ ਨੇ ਦਿੱਤੇ। ਉੱਤੋਂ-ਉੱਤੋਂ ਭਾਵੇਂ ਨਕਲੀ ਵਿਰੋਧ ਅਮਰੀਕਾ ਨੇ ਕੀਤਾ ਪਰ ਅੰਦਰੋਂ ਹੌਲ਼ੀ-ਹੌਲ਼ੀ ਅਮਰੀਕਾ ਨੇ ਆਪਣੇ ਨਾਟੋ ਜੋਟੀਦਾਰਾਂ ਦੀ ਮਦਦ ਨਾਲ਼ ਇਸਲਾਮਿਕ ਸਟੇਟ ਨਾਲ਼ – ਆਪਣੇ ਹਿੱਤਾਂ ਅਨੁਸਾਰ – ਗੰਢ-ਤੁਪ ਦਾ ਪੈਂਤੜਾ ਖੇਡਿਆ ਅਤੇ ਇਸ ਤੂਫ਼ਾਨ ਨੂੰ ਸੀਰੀਆ ਵੱਲ਼ ਮੋੜਨ ਦੀ ਚਾਲ ਚੱਲੀ ਜੋ ਕਾਫ਼ੀ ਹੱਦ ਤੱਕ "ਸਫ਼ਲ" ਵੀ ਹੋਈ ਹੈ। ਇਸੇ ਕਰਕੇ ਅੱਜ ਇਸਲਾਮਿਕ ਸਟੇਟ ਦੇ ਜ਼ਬਰਾਂ ਦੀ ਹਨ੍ਹੇਰੀ ਸੀਰੀਆ ਵਿੱਚ ਝੁੱਲ ਰਹੀ ਹੈ ਤਾਂ ਉਸ 'ਚ ਇਹ ਵੀ ਇੱਕ ਕਾਰਨ ਹੈ। ਅਮਰੀਕਾ ਇਹਨਾਂ ਦਹਿਸ਼ਤੀ ਗੁਟਾਂ ਨੂੰ ਆਪਣੇ ਹਿਤਾਂ 'ਚ ਵਰਤਦਾ ਆਇਆ ਹੈ।

ਸੀਰੀਆ ਦੀ ਘਰੇਲੂ ਜੰਗ ਬਾਰੇ 'ਲਲਕਾਰ' ਮੈਗਜ਼ੀਨ ਦੇ ਜੁਲਾਈ, 2013 ਅੰਕ ਵਿੱਚ ਬਹੁਤ ਵਿਸਥਾਰ ਵਿੱਚ ਚਰਚਾ ਹੋਈ ਹੈ। ਪਰ ਸੰਖੇਪ ਵਿੱਚ ਅਸੀਂ ਇੰਨਾ ਦੱਸ ਦਿੰਦੇ ਹਾਂ ਕਿ ਸੀਰੀਆ ਵਿੱਚ ਵੀ ਅਰਬ ਦੇ ਦੂਜੇ ਦੇਸ਼ਾਂ ਵਾਂਗ ਰੈਡੀਕਲ ਬੁਰਜੂਆ ਜਮਾਤ ਹੀ ਸੱਤਾ ਵਿੱਚ ਆਈ ਅਤੇ ਸੀਰੀਆ ਦੇ ਹਾਫ਼ੇਜ਼ ਅਲ-ਅਸਦ ਨੇ ਮਿਸਰ ਦੇ ਨਾਸੇਰ, ਟੁਨੀਸ਼ੀਆ ਦੇ ਬਿਲ ਬੇਲਾ ਅਤੇ ਲੀਬੀਆ ਦੇ ਗੱਦਾਫ਼ੀ ਵਾਂਗ ਅਮਰੀਕੀ ਸਾਮਰਾਜ ਵਿਰੋਧੀ ਪੈਂਤੜਾ ਅਪਣਾਇਆ ਪਰ ਦੇਸ਼ ਦੇ ਵਿਕਾਸ ਦਾ ਰਾਹ ਸਰਮਾਏਦਾਰਾ ਹੀ ਚੁਣਿਆ। ਜਿਸਦੇ ਨਤੀਜੇ ਸੰਸਾਰ 2007 ਦੇ ਸੰਸਾਰ ਆਰਥਕ ਸੰਕਟ ਤੋਂ ਬਾਅਦ ਸਾਹਮਣੇ ਆਉਣ ਲੱਗੇ। ਸੀਰੀਆ ਵਿੱਚ ਵੀ ਬੇਰੁਜਗਾਰੀ, ਗਰੀਬੀ ਵਧੀ, ਲੋਕਾਂ ਦੇ ਜਮਹੂਰੀ ਹੱਕਾਂ ਦਾ ਦਾਇਰਾ ਸੁੰਗੜਿਆ ਅਤੇ ਸਰਕਾਰ ਵਿਰੁੱਧ ਲੋਕਾਂ ਦਾ ਗੁੱਸਾ ਵੀ ਭੜਕਿਆ। ਇਸ ਤੋਂ ਬਿਨਾਂ ਸੀਰੀਆ ਵਿੱਚ ਸ਼ੀਆ ਤੇ ਸੁੰਨੀ ਦੇ ਝਗੜੇ ਦੀ ਧੂਣੀ ਵੀ ਧੁਖਦੀ ਰਹੀ ਜੋ ਸੰਕਟ ਵਿੱਚ ਆ ਕੇ ਹੋਰ ਤੇਜ਼ ਹੋ ਗਈ। ਸੀਰੀਆ ਵਿੱਚ ਸੁੰਨੀ ਮੁਸਲਮਾਨ ਬਹੁਤ ਗਿਣਤੀ ਵਿੱਚ ਹਨ ਜਿਹਨਾਂ ਨੇ ਸਮੇਂ-ਸਮੇਂ 'ਤੇ ਅਸਦ ਸਰਕਾਰ ਵਿਰੁੱਧ ਬਗ਼ਾਵਤਾਂ ਨੂੰ ਅੰਜਾਮ ਦਿੱਤਾ। ਦੂਜਾ ਸੀਰੀਆ ਦੀ ਕੁਰਦ ਵਸੋਂ (ਕੁਰਦ ਸੀਰੀਆ, ਈਰਾਕ ਤੇ ਤੁਰਕੀ ਦੇਸ਼ਾਂ ਵਿੱਚ ਹਨ) ਵੀ ਸਮੇਂ-ਸਮੇਂ 'ਤੇ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਵਿਰੁੱਧ ਸ਼ੰਘਰਸ਼ ਕਰਦੀ ਰਹੀ ਹੈ ਜਿਸਨੂੰ ਕਦੇ-ਕਦੇ ਅਮਰੀਕਾ ਵੀ ਵਰਤਦਾ ਰਿਹਾ ਹੈ। ਜਦ ਹੜਤਾਲਾਂ, ਲੋਕ-ਸ਼ੰਘਰਸ਼ਾਂ ਦਾ ਸਿਲਸਿਲਾ ਅਸਦ ਸਰਕਾਰ ਵਿਰੁੱਧ ਤੇਜ਼ ਹੋਇਆ ਤਾਂ ਪਹਿਲਾਂ ਅਸਦ ਸਰਕਾਰ ਨੇ 1971 ਤੋਂ ਚੱਲਦੇ ਆਉਂਦੇ ਕਾਨੂੰਨਾਂ ਵਿੱਚ ਕੁਝ ਛੋਟਾਂ, ਰੁਜ਼ਗਾਰ, ਪ੍ਰੈਸ ਅਜ਼ਾਦੀ ਦੇ ਵਾਅਦੇ ਆਦਿ ਕੀਤੇ, ਪਰ ਜਦ ਰੱਫੜ ਵਧਿਆ ਤਾਂ ਆਪਣੇ ਲੋਕਾਂ 'ਤੇ ਜ਼ੁਲਮ ਢਾਉਣੇ ਸ਼ੁਰੂ ਕੀਤੇ ਜਿਸਦਾ ਵਿਆਪਕ ਵਿਰੋਧ ਅਸਦ ਸਰਕਾਰ ਵਿਰੁੱਧ ਉੱਠ ਖੜ੍ਹਾ ਹੋਇਆ।

ਅਮਰੀਕਾ ਤਾਂ ਜਿਵੇਂ ਅਜਿਹੇ ਮੌਕੇ ਦੀ ਭਾਲ ਵਿੱਚ ਸੀ ਕਿਉਂਕਿ ਅਸਦ ਸਰਕਾਰ ਰੂਸ ਪੱਖੀ ਹੈ। ਇਸ ਕਰਕੇ ਅਮਰੀਕਾ ਨੇ ਸੀਰੀਆਈ ਬਾਗ਼ੀਆਂ 'ਸੀਰੀਆ ਮੁਕਤੀ ਫ਼ੌਜ' ਅਤੇ ਅਲ-ਨੁਸਰਾ ਨੂੰ ਮੱਦਦ ਦੇਣੀ ਸ਼ੁਰੂ ਕਰ ਦਿੱਤੀ। ਤੁਰਕੀ ਰਾਹੀਂ ਬਾਗ਼ੀਆਂ ਨੂੰ ਟ੍ਰੇਨਿੰਗ ਦਿੱਤੀ। ਸ਼ੁਰੂ ਵਿੱਚ ਇਹ ਲੋਕਾਂ ਦੀ ਮਦਦ ਦੇ ਨਾਂ 'ਤੇ ਕੀਤਾ ਗਿਆ ਪਰ ਬਾਅਦ ਵਿੱਚ ਜਲਦ ਹੀ ਸਾਹਮਣੇ ਆ ਗਿਆ ਕਿ ਅਮਰੀਕਾ ਸੀਰੀਆ ਨੂੰ ਇੱਕ ਹੋਰ ਲੀਬੀਆ ਬਣਾਉਣਾ ਚਾਹੁੰਦਾ ਹੈ। ਇਸੇ ਲਈ ਇਸਲਾਮਿਕ ਸਟੇਟ ਦਾ ਰੁਖ਼ ਅਮਰੀਕਾ ਸੀਰੀਆ ਵੱਲ ਕਰਨਾ ਚਾਹੁੰਦਾ ਹੈ। ਕਿਉਂਕਿ ਇਸ ਸਭ ਦੇ ਬਾਵਜੂਦ ਅਸਦ ਸਰਕਾਰ ਨੂੰ ਲਿਬਨਾਨ ਦੀ ਜਥੇਬੰਦੀ ਹਿਜ਼ਬੁੱਲਾ, ਰੂਸ, ਈਰਾਨ ਆਦਿ ਦੇਸ਼ਾਂ ਦੀ ਮਦਦ ਮਿਲ ਰਹੀ ਹੈ। ਦੂਜਾ ਫਿਲਿਸਤੀਨ ਵਿਰੁੱਧ ਜੰਗ ਵਿੱਚ ਅਰਬ ਵਿੱਚੋਂ ਸੀਰੀਆ ਤੇ ਈਰਾਨ ਨੇ ਹੀ ਫਿਲਸਤੀਨ ਦੀ ਮਦਦ ਕੀਤੀ ਸੀ ਜਦ ਸਾਰਾ ਅਰਬ ਇਜ਼ਰਾਈਲ ਤੇ ਅਮਰੀਕਾ ਅੱਗੇ ਹਾਰ ਮੰਨ ਚੁੱਕਿਆ ਸੀ। ਇਸ ਕਰਕੇ ਅਮਰੀਕਾ ਲਈ ਹਾਲੇ ਵੀ ਅਸਦ ਸਰਕਾਰ ਨੂੰ ਡੇਗਣਾ ਵੱਡੀ ਸਮੱਸਿਆ ਬਣਿਆ ਹੋਇਆ ਹੈ। ਇਸੇ ਲਈ ਹੁਣ ਅਮਰੀਕਾ ਸ਼ਰੇਆਮ ਇਸਲਾਮਿਕ ਸਟੇਟ ਨੂੰ ਹਥਿਆਰ ਤੇ ਪੈਸਾ ਮੁਹੱਈਆ ਕਰਵਾ ਰਿਹਾ ਹੈ। ਇਸ ਵਿੱਚ ਅਮਰੀਕਾ ਦੇ ਜੋ ਹਿੱਤ ਹਨ ਉਹਨਾਂ 'ਤੇ ਅਸੀਂ ਬਾਅਦ ਵਿੱਚ ਆਉਂਦੇ ਹਾਂ ਚੱਲਦੇ-ਚੱਲਦੇ ਤੱਥਾਂ ਰਾਹੀਂ ਸਮਝਣ ਦਾ ਯਤਨ ਕਰਦੇ ਹਾਂ ਕਿ ਅਮਰੀਕਾ ਕਿਵੇਂ ਇਸਲਾਮਿਕ ਸਟੇਟ ਦੀ ਮਦਦ ਕਰ ਰਿਹਾ ਹੈ।

ਕਤਰ ਇਸਲਾਮਿਕ ਸਟੇਟ ਨੂੰ 2.5 ਮਿਲੀਅਨ ਡਾਲਰ ਦੀ ਸਹਾਇਤਾ ਦੇ ਚੁੱਕਾ ਹੈ। 18 ਅਪ੍ਰੈਲ, 2015 ਦੇ ਨਿਊ ਯਾਰਕ ਅਖ਼ਬਾਰ ਨੇ ਦੱਸਿਆ ਕਿ ਸਾਊਦੀ ਅਰਬ ਨੇ ਯਮਨ 'ਤੇ ਜੋ ਹਮਲੇ ਕੀਤੇ ਸਨ ਅਤੇ ਆਈਐਸ ਜੋ ਸੀਰੀਆ, ਈਰਾਕ ਤੇ ਤੁਰਕੀ ਦੀ ਸ਼ੀਆ, ਈਸਾਈ ਤੇ ਕੁਰਦ ਵੱਸੋਂ 'ਤੇ ਹਮਲੇ ਕਰ ਰਿਹਾ ਹੈ ਉਹ ਹਥਿਆਰ, ਹਵਾਈ ਜਹਾਜ਼, ਟੈਂਕ ਆਦਿ ਅਮਰੀਕਾ ਦੀਆਂ ਹਥਿਆਰ ਨਿਰਮਾਤਾ ਕੰਪਨੀਆਂ ਬੋਇੰਗ ਤੇ ਲਾਕਹੀਡ ਮਾਰਟਿਨ ਤੋਂ ਸਪਲਾਈ ਹੋ ਰਹੇ ਹਨ। ਇਸੇ ਅਖ਼ਬਾਰ ਨੇ ਲਿਖਿਆ ਕਿ ਅਰਬ ਜੰਗ ਨੇ

ਅਮਰੀਕੀ ਹਥਿਆਰ ਤੇ ਜੰਗੀ ਸਮਾਨ ਦੀ ਸੱਨਅਤ ਨੂੰ ਹੁਲਾਰਾ ਦਿੱਤਾ ਹੈ ਜੋ ਪਿਛਲੇ ਬਹੁਤ ਸਮੇਂ ਤੋਂ "ਸੰਕਟ" ਦਾ ਸ਼ਿਕਾਰ ਸੀ। ਹਥਿਆਰ ਸੱਨਅਤ ਦੇ ਅਫ਼ਸਰਾਂ ਨੇ ਕਾਂਗਰਸ ਨੂੰ ਦੱਸਿਆ ਕਿ ਸੀਰੀਆ, ਈਰਾਕ, ਯਮਨ, ਸਾਊਦੀ ਅਰਬ, ਕਤਰ, ਬਹਿਰੀਨ ਆਦਿ ਦੇਸ਼ਾਂ ਨੇ ਹਜ਼ਾਰਾਂ ਅਮਰੀਕੀ ਮਿਜ਼ਾਇਲਾਂ ਖਰੀਦੀਆਂ ਹਨ ਅਤੇ ਹਥਿਆਰ ਸੱਨਅਤ ਨੂੰ ਉਗਾਸਾ ਦਿੱਤਾ ਹੈ ਜੋ ਪਿਛਲੇ ਸਮੇਂ ਤੋਂ ਖੜੋਤ ਦਾ ਸ਼ਿਕਰ ਸੀ। ਸਾਊਦੀ ਅਰਬ ਨੇ 80 ਬਿਲੀਅਨ ਡਾਲਰ ਤੇ ਯੂਏਈ ਨੇ 23 ਬਿਲੀਅਨ ਡਾਲਰ ਅਮਰੀਕੀ ਹਥਿਆਰਾਂ 'ਤੇ ਖ਼ਰਚੇ ਹਨ। ਬੋਇੰਗ ਤੇ ਲਾਕਹੀਡ ਮਾਰਟਿਨ ਨੇ ਦੋਹਾ ਤੇ ਕਤਰ ਵਿੱਚ ਆਪਣੇ ਦਫ਼ਤਰ ਖੋਲ੍ਹੇ ਹਨ। ਲਾਕਹੀਡ ਮਾਰਟਿਨ ਦੇ ਚੀਫ਼ ਐਗਜ਼ੀਕਿਊਟਿਵ ਮੈਰੀਲਿਨ ਹੈਵਸਨ ਨੇ ਦੱਸਿਆ ਕਿ ਕੰਪਨੀ ਆਪਣਾ ਬਿਜ਼ਨਸ ਅਰਬ ਵਿੱਚ 25 ਤੋਂ 30 ਫੀਸਦੀ ਤੱਕ ਵਧਾਉਣਾ ਚਾਹੁੰਦੀ ਹੈ। ਯੂਏਈ ਅਮਰੀਕੀ ਡਰੋਨ ਖਰੀਦਣ ਦਾ ਸੌਦਾ ਕਰ ਚੁੱਕਾ ਹੈ। ਇਸੇ ਤਰ੍ਹਾਂ ਸਟਾਲਹੋਲਮ ਕੌਮਾਂਤਰੀ ਪੀਸ ਰਿਸਰਚ ਇੰਸਟੀਚਿਊਟ ਅਨੁਸਾਰ 2014 'ਚ ਅਮਰੀਕੀ ਹਥਿਆਰਾਂ ਦਾ ਖ਼ਰਚ 3.1 ਫੀਸਦੀ ਵਧਿਆ ਹੈ। ਅਮਰੀਕਾ ਨੇ ਈਰਾਕ ਨੂੰ 175 ਐਮ1ਏ1 ਐਬਰਾਮਜ਼ ਟੈਂਕ, 5500 ਟੈਂਕ ਬੰਦੂਕਾਂ ਜਿਹਨਾਂ ਦੀ ਕੀਮਤ 600 ਮਿਲੀਅਨ ਹੈ ਅਤੇ 700 ਮਿਲੀਅਨ ਦੀਆਂ ਮਿਜ਼ਾਇਲਾਂ ਅਤੇ 2000 ਏਂਟੀ ਰਾਕੇਟ ਵੀ ਵੇਚੇ ਹਨ।

ਜਦ ਇਸਲਾਮਿਕ ਸਟੇਟ ਦੇ ਦਹਿਸ਼ਤਗਰਦਾਂ ਨਾਲ਼ ਤੁਰਕੀ ਦੇ ਸ਼ਹਿਰ ਕੋਬਾਨੀ ਦੇ ਲੋਕ ਲੜ ਰਹੇ ਸਨ ਤਾਂ ਪਹਿਲਾਂ ਤਾਂ ਅਮਰੀਕੀ ਸ਼ਹਿ 'ਤੇ ਤੁਰਕੀ ਦੀ ਸਰਕਾਰ ਨੇ ਉਹਨਾਂ ਦੀ ਮਦਦ ਕਰਨ ਤੋਂ ਨਾਂਹ ਕੀਤੀ ਅਤੇ ਬਾਅਦ ਵਿੱਚ ਜਦ ਸੰਸਾਰ ਪੱਧਰ 'ਤੇ ਅਮਰੀਕਾ ਤੇ ਤੁਰਕੀ ਦੀ ਥੂਹ-ਥੂਹ ਹੋਣ ਲੱਗੀ ਤਾਂ ਅਮਰੀਕਾ ਨੇ ਕੁਝ ਹਥਿਆਰ ਕੋਬਾਨੀ ਦੇ ਲੜਾਕਿਆਂ ਨੂੰ ਦਿੱਤੇ ਪਰ ਨਾਲ਼ ਹੀ ਆਈਐਸ ਨੂੰ ਵੀ ਹਥਿਆਰ ਸਪਲਾਈ ਕੀਤੇ। ਮੱਧ-ਪੂਰਬ ਦੀ ਇਸ ਆਈਐਸ ਵਿਰੋਧੀ ਲਹਿਰ 'ਚੋਂ ਅਮਰੀਕੀ ਹਥਿਆਰ ਤੇ ਜੰਗੀ ਸਮਾਨ ਦੀਆਂ ਕੰਪਨੀਆਂ ਨੇ ਦੋਵੇਂ ਹੱਥੀ ਮੁਨਾਫ਼ੇ ਕੁੱਟੇ। ਇੱਕ ਪਾਸੇ ਸਾਊਦੀ ਅਰਬ, ਯੂਏਈ, ਕਤਰ, ਈਰਾਕ ਤੇ ਤੁਰਕੀ ਆਦਿ ਨੂੰ ਆਈਐਸ ਨਾਲ਼ ਟੱਕਰ ਲੈਣ ਲਈ ਹਥਿਆਰ ਦਿੱਤੇ ਅਤੇ ਦੂਜੇ ਪਾਸੇ ਆਈਐਸ ਨੂੰ ਵੀ ਵੱਡੀਆਂ ਖੇਪਾਂ ਹਥਿਆਰਾਂ ਦੀਆਂ ਸਪਲਾਈ ਕੀਤੀਆਂ। 2010 ਤੋਂ 2014 ਤੱਕ ਸਾਊਦੀ ਅਰਬ ਨੇ 90 ਬਿਲੀਅਨ ਦੇ ਹਥਿਆਰ ਅਮਰੀਕਾ ਤੋਂ ਖਰੀਦੇ ਅਤੇ ਇਜ਼ਰਾਇਲ ਨੇ 1.9 ਬਿਲੀਅਨ ਦੇ ਹਥਿਆਰ ਅਮਰੀਕਾ ਤੋਂ ਖਰੀਦੇ, ਇਹੀ ਹਥਿਆਰ ਇਜ਼ਰਾਇਲ ਨੇ ਫਿਲਿਸਤੀਨ ਜੰਗ 'ਚ ਵੀ ਵਰਤੇ।

ਹੁਣ ਅਮਰੀਕੀ ਹਥਿਆਰਾਂ ਦੀ ਸਭ ਤੋਂ ਵੱਡੀ ਕੰਪਨੀ ਲਾਕਹੀਡ ਮਾਰਟਿਨ ਨੇ ਨਿਊਯਾਰਕ ਦੀ ਵਿਚੋਲੀ ਕੰਪਨੀ ਰਾਹੀਂ ਆਈ ਐਸ ਨਾਲ਼ ਫਿਰ ਹਥਿਆਰਾਂ ਦਾ ਸੌਦਾ ਕੀਤਾ ਹੈ। ਇਹੀ ਨਹੀਂ ਅਮਰੀਕੀ ਹਥਿਆਰ ਨਿਰਮਾਤਾ ਕੰਪਨੀਆਂ ਲਾਕਹੀਡ ਮਾਰਟਿਨ, ਜਨਰਲ ਡਾਇਨਾਮਿਕਸ, ਰੇਥਿਔਨ ਆਦਿ ਦੇ ਸ਼ੇਅਰ ਪਿਛਲੇ ਪੰਜ ਸਾਲਾਂ ਵਿੱਚ ਲਗਪਗ 30% ਵਧੇ ਹਨ। ਆਉਣ ਵਾਲ਼ੇ ਦਿਨਾਂ ਵਿੱਚ ਇਹਨਾਂ ਹਥਿਆਰ ਨਿਰਮਾਤਾ ਕੰਪਨੀਆਂ ਦਾ 110 ਬਿਲੀਅਨ ਡਾਲਰ ਹਥਿਆਰ ਆਈਐਸ ਤੇ ਮੱਧ-ਪੂਰਬ ਨੂੰ ਸਪਲਾਈ ਕਰਨ ਦਾ ਇਰਾਦਾ ਹੈ।

ਮੱਧ-ਪੂਰਬ ਦੀ ਇਸ ਜੰਗ 'ਚੋਂ ਅਮਰੀਕਾ ਦੀ ਦੋਗਲੀ ਨੀਤੀ ਉੱਭਰ ਕੇ ਸਾਹਮਣੇ ਆਈ। ਈਰਾਕ ਤੇ ਸੀਰੀਆ ਦੀ ਜੰਗ ਵਿੱਚ ਹੁਣ ਤੱਕ ਲੱਗਪਗ 8 ਲੱਖ ਲੋਕ ਮਾਰੇ ਜਾ ਚੁੱਕੇ ਹਨ ਅਤੇ ਲੱਖਾਂ ਹੀ ਬੇਘਰ ਹੋ ਗਏ ਹਨ। ਪਰ ਹਾਲੇ ਵੀ ਜੰਗ ਚੱਲ ਰਹੀ ਹੈ। ਦੂਜੇ ਪਾਸੇ ਅਮਰੀਕੀ ਹਥਿਆਰ ਨਿਰਮਾਤਾ ਕੰਪਨੀਆਂ ਨੇ ਲੱਖਾਂ ਦਾ ਮੁਨਾਫ਼ਾ ਕਮਾਇਆ ਹੈ। ਇੱਥੇ ਅਮਰੀਕਾ ਨੇ ਜੇਕਰ ਤੁਰਕੀ ਨੂੰ ਹਥਿਆਰ ਦਿੱਤੇ ਤਾਂ ਨਾਲ਼ ਆਈਐਸ ਨੂੰ ਵੀ ਦਿੱਤੇ, ਈਰਾਕ ਦੇ ਨਾਲ਼ ਸਾਊਦੀ ਅਰਬ ਨੂੰ ਵੀ ਦਿੱਤੇ। ਭਾਵ ਅਮਰੀਕਾ ਨੇ ਆਪਣੇ ਮੁਨਾਫ਼ੇ ਦੇ ਹਿੱਤ ਪ੍ਰਧਾਨ ਰੱਖੇ। ਇੱਥੇ ਵੀ ਅਮਰੀਕਾ ਦੀ ਦੋਗਲੀ ਨੀਤੀ ਪ੍ਰਧਾਨ ਰਹੀ।

ਪਰ ਹੁਣ ਅਮਰੀਕਾ ਇਹ ਸਾਰੀ ਜੰਗ ਸੀਰੀਆ 'ਚ ਥੋਪਣੀ ਚਾਹੁੰਦਾ ਹੈ ਕਿਉਂਕਿ ਇਸ ਨਾਲ਼ ਅਮਰੀਕਾ ਜੇਕਰ ਅਸਦ ਸਰਕਾਰ ਨੂੰ ਡੇਗਣ ਵਿੱਚ ਕਾਮਯਾਬ ਹੋਇਆ ਤਾਂ ਰੂਸ ਦਾ ਬਹੁਤ ਨੁਕਸਾਨ ਕਰ ਸਕਦਾ ਹੈ ਕਿਉਂਕਿ ਅਸਦ ਰੂਸ ਪੱਖੀ ਹੈ। ਦੂਜਾ ਸੀਰੀਆ 'ਚ ਆਪਣੀ ਕਠਪੁਤਲੀ ਸਰਕਾਰ ਬਣਾ ਕੇ ਸੀਰੀਆ ਦੇ ਤੇਲ ਅਤੇ ਕੁਦਰਤੀ ਭੰਡਾਰਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਤੀਜਾ ਸੀਰੀਆ ਵਿੱਚ ਇਸ ਤਰ੍ਹਾਂ ਆਪਣਾ ਮਿਲਟਰੀ ਅੱਡਾ ਸਥਾਪਿਤ ਕਰਨ ਵਿੱਚ ਮਦਦ ਮਿਲੇਗੀ ਜਿਸ ਨਾਲ਼ ਜੇਕਰ ਇੱਕ ਪਾਸੇ ਉਸਨੂੰ ਈਰਾਨ ਨਾਲ਼ ਉਲਝਣਾ ਸੌਖਾ ਹੋ ਜਾਵੇਗਾ ਤਾਂ ਦੂਜੇ ਪਾਸੇ ਇਜ਼ਰਾਈਲ ਫਿਲਿਸਤੀਨ 'ਚ ਖੁੱਲ੍ਹੀ ਖੇਡ ਖੇਡਣ ਲਈ ਅਜ਼ਾਦ ਹੋਵੇਗਾ ਕਿਉਂਕਿ ਪੂਰੇ ਅਰਬ ਵਿੱਚ ਸੀਰੀਆ ਤੇ ਈਰਾਨ ਨੇ ਹੀ ਫਿਲਸਤੀਨ ਜੰਗ ਦਾ ਵਿਰੋਧ ਕੀਤਾ ਸੀ। ਚੌਥਾ ਇਸ ਜੰਗ ਨੇ ਅਮਰੀਕੀ ਹਥਿਆਰ ਸੱਨਅਤ ਨੂੰ ਵੀ ਉਗਾਸਾ ਦਿੱਤਾ ਹੈ ਜੋ ਪਿਛਲੇ ਬਹੁਤ ਸਮੇਂ ਤੋਂ ਖੜੋਤ ਦੀ ਸ਼ਿਕਰ ਸੀ, ਕਿਉਂਕਿ ਇਸ ਜੰਗ ਵਿੱਚ ਅਮਰੀਕੀ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਲੱਗ ਰਹੀਆਂ ਹਨ। ਇਹਨਾਂ ਸਾਰੇ ਕਾਰਨਾਂ ਕਰਕੇ ਅਮਰੀਕਾ ਨੇ ਮੱਧ-ਪੂਰਬ ਨੂੰ ਪਿਛਲੇ ਬਹੁਤ ਸਮੇਂ ਤੋਂ ਜੰਗਾਂ-ਯੁੱਧਾਂ ਦਾ ਅਖਾੜਾ ਬਣਾ ਰੱਖਿਆ ਹੈ ਅਤੇ ਹੁਣ ਤਾਂ ਇਹ ਵੀ ਸੁਣਨ ਨੂੰ ਮਿਲ ਰਿਹਾ ਹੈ ਕਿ ਨਾਟੋ ਦੇਸ਼ ਲੀਬੀਆ 'ਤੇ ਇੱਕ ਵਾਰ ਫਿਰ ਹਮਲੇ ਦੀਆਂ ਗੋਂਦਾਂ ਗੁੰਦ ਰਹੇ ਹਨ। ਕਿਉਂਕਿ ਗੱਦਾਫ਼ੀ ਸਰਕਾਰ ਦਾ ਰਾਜ-ਪਲਟਾ ਕਰਵਾਉਣ ਤੋਂ ਬਾਅਦ ਵੀ ਲੀਬੀਆ ਦੀ ਸਿਆਸਤ ਹਾਲੇ ਅਮਰੀਕਾ ਦੇ ਹੱਥ ਨਹੀਂ ਆਈ ਤਾਂ ਫਿਰ ਇਹ ਸ਼ਾਇਦ ਇੱਕ ਵਾਰ ਫਿਰ "ਲੀਬੀਆ 'ਚ ਜਮਹੂਰੀਅਤ ਬਹਾਲੀ" ਦਾ ਨਾਟਕ ਖੇਡੇ। ਦੂਜੇ ਪਾਸੇ ਰੂਸ ਤੇ ਚੀਨ ਨੇ ਵੀ ਆਪਣੀ ਜੰਗੀ ਸਮਾਨ ਦੀ ਸੱਨਅਤ ਦਾ ਵਿਕਾਸ ਕੀਤਾ ਹੈ ਅਤੇ ਅਮਰੀਕਾ ਨੂੰ ਟੱਕਰ ਦੇਣ ਲਈ ਆਪਣੇ ਪਰ ਤੋਲ ਰਹੇ ਹਨ। ਅਸਦ ਸਰਕਾਰ ਨੂੰ ਹਥਿਆਰ ਰੂਸ ਹੀ ਸਪਲਾਈ ਕਰ ਰਿਹਾ ਹੈ।

ਇਹਨਾਂ ਗੱਲਾਂ ਤੋਂ ਇਹ ਸਾਫ਼ ਹੈ ਕਿ ਲੋਟੂ ਸਾਮਰਾਜੀਆਂ

**(ਬਾਕੀ ਪੰਨਾ 26 'ਤੇ )**

# ਚੀਨ ਦੇ ਮਜ਼ਦੂਰਾਂ ਲਈ ਕੀ ਜ਼ਰੂਰੀ ?
# ਸਮਾਜਵਾਦ ਜਾਂ ਸਰਮਾਏਦਾਰੀ?

• ਲਖਵਿੰਦਰ

ਅੱਜ ਚੀਨ ਦੀ ਮਜ਼ਦੂਰ ਜਮਾਤ ਭਿਆਨਕ ਤੰਗੀਆਂ–ਤੁਰਸ਼ੀਆਂ ਦੀ ਸ਼ਿਕਾਰ ਹੈ। ਉੱਥੋਂ ਦਾ ਅਰਥਚਾਰਾ ਨਵੀਆਂ ਬੁਲੰਦੀਆਂ ਛੂਹ ਰਿਹਾ ਹੈ ਪਰ ਲੋਕ ਬੇਹਾਲ ਹਨ। ਪਰ ਹਮੇਸ਼ਾਂ ਅਜਿਹਾ ਨਹੀਂ ਸੀ। ਸੰਨ 1949 ਵਿੱਚ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਚੀਨ ਵਿੱਚ ਨਵ–ਜਮਹੂਰੀ ਇਨਕਲਾਬ ਹੋਇਆ ਅਤੇ ਅੱਗੇ ਚੱਲ ਕੇ ਕੁੱਝ ਸਾਲਾਂ ਬਾਅਦ ਉੱਥੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਕੀਤੀ ਗਈ। ਸਮਾਜਵਾਦੀ ਪ੍ਰਬੰਧ ਰਾਹੀਂ ਚੀਨ ਦੀ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਦੀ ਜਿੰਦਗੀ ਦੀ ਮੁੱਢੋਂ–ਸੁੱਢੋਂ ਕਾਇਆਪਲਟੀ ਹੋਈ। ਇਨਕਲਾਬ ਤੋਂ ਪਹਿਲਾਂ ਦੀ ਭੈੜੀ ਜਿੰਦਗੀ ਦੇ ਮੁਕਾਬਲੇ ਉਹਨਾਂ ਦੀ ਜਿੰਦਗੀ ਹਰ ਪੱਖੋਂ ਬਹੁਤ ਬੇਹਤਰ ਹੋ ਗਈ। ਪਰ ਚੀਨ ਅੰਦਰ ਜਮਾਤੀ ਵਿਰੋਧਤਾਈਆਂ ਖ਼ਤਮ ਨਹੀਂ ਹੋਈਆਂ ਸਨ। ਮਜ਼ਦੂਰ ਜਮਾਤ ਅਤੇ ਸਰਮਾਏਦਾਰ ਜਮਾਤ ਵਿਚਕਾਰ ਘੋਲ਼ ਨਵੇਂ ਧਰਾਤਲ ’ਤੇ ਲਗਾਤਾਰ ਜ਼ਾਰੀ ਸੀ। ਚੀਨ ਦੀ ਕਮਿਊਨਿਸਟ ਪਾਰਟੀ ਵਿੱਚ ਬੈਠੇ ਸਰਮਾਏਦਾਰਾ ਰਾਹੀਏ ਚੀਨ ਦੀ ਸੱਤਾ ’ਤੇ ਕਾਬਜ਼ ਹੋਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਸੰਨ 1976 ਵਿੱਚ ਕਾਮਰੇਡ ਮਾਓ ਦੀ ਮੌਤ ਤੋਂ ਬਾਅਦ ਸਰਮਾਏਦਾਰ ਜਮਾਤ ਚੀਨ ਦੀ ਸੱਤਾ ’ਤੇ ਕਾਬਜ਼ ਹੋਣ ਵਿੱਚ ਕਾਮਯਾਬ ਹੋ ਗਈ। ਕਮਿਊਨਿਸਟਾਂ ਦੇ ਭੇਸ ਵਿੱਚ ਸੱਤਾ ’ਤੇ ਕਾਬਜ਼ ਸਰਮਾਏਦਾਰਾ ਹਾਕਮ “ਮੰਡੀ ਸਮਾਜਵਾਦ” ਦੇ ਨਾਂ ਹੇਠ ਸਮਾਜਵਾਦੀ ਪ੍ਰਬੰਧ ਦੀ ਥਾਂ ਸਰਮਾਏਦਾਰਾ ਪ੍ਰਬੰਧ ਲਾਗੂ ਕਰਦੇ ਹੋਏ ਇਹ ਦਾਅਵਾ ਕਰਦੇ ਆਏ ਹਨ ਕਿ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਲਕੀਅਤ ਰਾਹੀਂ ਚੀਨ ਵਿੱਚ ਖੁਸ਼ਹਾਲ਼ੀ ਆਵੇਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੁਸ਼ਹਾਲੀ ਆਈ ਹੈ। ਪਰ ਇਹ ਖੁਸ਼ਹਾਲੀ ਮੁੱਠੀ ਭਰ ਧਨਾਢਾਂ ਦੀ ਖੁਸ਼ਹਾਲੀ ਹੈ। ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਲਈ ਸਰਮਾਏਦਾਰਾ ਪ੍ਰਬੰਧ ਦੀ ਮੁੜ ਬਹਾਲੀ ਭਿਆਨਕ ਤੰਗੀਆਂ–ਤੁਰਸ਼ੀਆਂ ਲੈ ਕੇ ਆਈ ਹੈ। ਸੰਸਾਰ ਦਾ ਸਰਮਾਏਦਾਰਾ ਮੀਡੀਆ ਅੱਡੀ–ਚੋਟੀ ਦਾ ਜ਼ੋਰ ਲਾ ਕੇ ਇਹ ਝੂਠਾ ਪ੍ਰਚਾਰ ਕਰਦਾ ਰਹਿੰਦਾ ਹੈ ਕਿ ਸਮਾਜਵਾਦੀ ਦੌਰ ਨਾਲ਼ੋਂ ਹੁਣ ਦਾ ਸਰਮਾਏਦਾਰਾ ਪ੍ਰਬੰਧ ਵਾਲ਼ਾ ਚੀਨ ਬੇਹਤਰ ਹਾਲਤ ਵਿੱਚ ਹੈ। ਇਸ ਵਾਸਤੇ ਕੁੱਲ ਘਰੇਲੂ ਪੈਦਾਵਾਰ ਦੇ ਅੰਕੜੇ ਦਿੱਤੇ ਜਾਂਦੇ ਹਨ ਤੇ ਹੋਰ ਬੇਸਿਰ–ਪੈਰ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਸੱਚ ਇਹ ਹੈ ਕਿ ਸਮਾਜਵਾਦੀ ਦੌਰ ਵਿੱਚ ਚੀਨ ਦੇ ਲੋਕ ਅੱਜ ਦੀ ਭੈੜੀ ਜ਼ਿੰਦਗੀ ਦੇ ਮੁਕਾਬਲੇ ਇੱਕ ਖੁਸ਼ਹਾਲ ਜਿੰਦਗੀ ਜਿਉਂ ਰਹੇ ਸਨ। ਚੀਨ ਦੀ ਮਜ਼ਦੂਰ ਜਮਾਤ ਦੀ ਸਮਾਜਵਾਦੀ ਦੌਰ ਵਿਚਲੀ ਹਾਲਤ ਅਤੇ ਸਰਮਾਏਦਾਰਾ ਪ੍ਰਬੰਧ ਵਿਚਲੀ ਮੌਜੂਦਾ ਹਾਲਤ ’ਤੇ ਨਜ਼ਰ ਮਾਰਿਆਂ ਇਸ ਗੱਲ ਨੂੰ ਬਾਖੂਬੀ ਸਮਝਿਆ ਜਾ ਸਕਦਾ ਹੈ।

ਸਮਾਜਵਾਦੀ ਦੌਰ ਵਿੱਚ ਕਾਰਖਾਨਿਆਂ ਦੀ ਮਾਲਕੀ ਨਿੱਜੀ ਹੱਥਾਂ ਵਿੱਚ ਨਾ ਹੋ ਕੇ ਮਜ਼ਦੂਰਾਂ ਦੀ ਸੱਤਾ ਦੇ ਹੱਥ ਵਿੱਚ ਸੀ। ਮਜ਼ਦੂਰ ਖ਼ੁਦ ਨੂੰ ਕਾਰਖਾਨਿਆਂ ਦੇ ਮਾਲਕ ਮਹਿਸੂਸ ਕਰਦੇ ਸਨ। ਉਹਨਾਂ ਨੂੰ ਅਨੇਕਾਂ ਪ੍ਰਕਾਰ ਦੇ ਆਰਥਿਕ ਅਤੇ ਸਿਆਸੀ ਹੱਕ ਪ੍ਰਾਪਤ ਸਨ। ਰੁਜ਼ਗਾਰ ਦੀ ਪੂਰੀ ਗਰੰਟੀ ਸੀ। ਕਾਰਖਾਨਿਆਂ ਵਿੱਚੋਂ ਮਜ਼ਦੂਰਾਂ ਦੀ ਛਾਂਟੀ ਦੀ ਮਨਾਹੀ ਸੀ। ਜੇਕਰ ਸਰਕਾਰ ਕਾਰਖਾਨਾ ਬੰਦ ਵੀ ਕਰਦੀ ਸੀ ਤਾਂ ਉਸ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਨੂੰ ਹੋਰ ਥਾਂ ’ਤੇ ਤੁਰੰਤ ਕੰਮ ’ਤੇ ਲਾ ਦਿੱਤਾ ਜਾਂਦਾ ਸੀ। ਮਜ਼ਦੂਰਾਂ ਦੀ ਆਮਦਨ ਕੌਮੀ ਤਨਖਾਹ ਪੈਮਾਨਿਆਂ ਮੁਤਾਬਿਕ ਤੈਅ ਸੀ ਅਤੇ ਘਟਾਈ ਨਹੀਂ ਜਾਂਦੀ ਸੀ। ਰਿਹਾਇਸ਼, ਸਿੱਖਿਆ, ਇਲਾਜ ਆਦਿ ਸਹੂਲਤਾਂ ਸਰਕਾਰ ਵੱਲੋਂ ਸਸਤੀਆਂ ਜਾਂ ਮੁਫ਼ਤ ਮੁਹੱਈਆ ਕੀਤੀਆਂ ਜਾਂਦੀਆਂ ਸਨ। ਔਰਤ ਮਜ਼ਦੂਰਾਂ ਨੂੰ ਨਾ ਸਿਰਫ਼ ਮਰਦ ਮਜ਼ਦੂਰਾਂ ਦੇ ਬਰਾਬਰ ਹੱਕ ਮਿਲਦੇ ਸਨ ਸਗੋਂ ਗਰਭ ਅਵਸਥਾ ਦੇ ਸਮੇਂ, ਬੱਚੇ ਸੰਭਾਲ਼ਣ ਆਦਿ ਸਬੰਧੀ ਉਹਨਾਂ ਨੂੰ ਵਿਸ਼ੇਸ਼ ਹੱਕ ਪ੍ਰਾਪਤ ਸਨ। ਚੀਨ ਵਿੱਚ ਹੋਏ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੀ ਇਹ ਮਹਾਨ ਨੀਤੀ ਸੀ – “ਜੋ ਇੱਕ ਮਰਦ ਕਰਦਾ ਹੈ, ਉਹ ਇੱਕ ਔਰਤ ਵੀ ਕਰ ਸਕਦੀ ਹੈ”।

ਜਿਵੇਂ ਜਿਵੇਂ ਪੈਦਾਵਾਰ ਸੁਧਰਦੀ ਜਾ ਰਹੀ ਤਿਵੇਂ ਤਿਵੇਂ ਮਜ਼ਦੂਰਾਂ ਦੀਆਂ ਹਾਲਤਾਂ ਵੀ ਹੋਰ ਬਿਹਤਰ ਬਣਦੀਆਂ ਜਾ ਰਹੀਆਂ ਸਨ। ਅਗਾਂਹ ਵੱਲ ਮਹਾਨ ਛਾਲ਼ ਲਹਿਰ ਤੋਂ ਬਾਅਦ ਚੀਨ ਵਿੱਚ ਸ਼ਹਿਰੀ ਅਬਾਦੀ ਲਈ ਮੁੱਢਲੀ ਜ਼ਰੂਰਤ ਦੀਆਂ ਚੀਜ਼ਾਂ ਦੀ ਪੂਰਤੀ ਲਈ ਰਾਸ਼ਨ ਪ੍ਰਣਾਲ਼ੀ ਲਾਗੂ ਕੀਤੀ। ਉਦਾਹਰਣ ਵਜੋਂ, ਭਾਰੀ ਮਿਹਨਤ–ਮੁਸ਼ੱਕਤ ਕਰਨ ਵਾਲ਼ਾ ਮਜ਼ਦੂਰ 20 ਤੋਂ 24.5 ਕਿਲੋਗ੍ਰਾਮ ਅਨਾਜ ਹਰ ਮਹੀਨੇ ਖਰੀਦ ਸਕਦਾ ਸੀ ਅਤੇ ਪ੍ਰਬੰਧਨ ਵਿਚਲਾ ਵਿਅਕਤੀ 13.5 ਤੋਂ 16 ਕਿਲੋਗ੍ਰਾਮ ਤੱਕ ਦਾਣੇ ਖਰੀਦ ਸਕਦਾ ਸੀ। ਮੁੱਢਲੀਆਂ ਜ਼ਰੂਰਤ ਦੀਆਂ ਚੀਜ਼ਾਂ ਦੀਆਂ ਕੀਮਤਾਂ ਮਾਓਵਾਦੀ ਦੌਰ ਵਿੱਚ ਕਦੇ ਵੀ ਵਧੀਆਂ ਨਹੀਂ ਸਨ।

ਸਰਮਾਏਦਾਰਾਂ ਦੀਆਂ ਸੰਸਥਾਵਾਂ ਨੂੰ ਵੀ ਮਾਓਵਾਦੀ ਦੌਰ ਦੇ ਚੀਨ ਵਿੱਚ ਲੋਕਾਂ ਦੀ ਉੱਚੇ ਉੱਠੇ ਜੀਵਨ ਪੱਧਰ ਦੀ ਸੱਚਾਈ ਨੂੰ ਮੰਨਣਾ ਪਿਆ। ਚੀਨ ਦੇ ਸਮਾਜਵਾਦੀ ਦੌਰ ਬਾਰੇ ਸੰਸਾਰ ਬੈਂਕ ਦੀ ਇੱਕ ਰਿਪੋਰਟ ਕਹਿੰਦੀ ਹੈ – “ਸਭ ਕੋਲ ਰੁਜ਼ਗਾਰ ਹੈ, ਸਾਂਝੇ ਸਵੈ–ਬੀਮੇ ਅਤੇ ਸਰਕਾਰੀ ਰਾਸ਼ਣ–ਪ੍ਰਣਾਲ਼ੀ ਦੇ ਮੇਲਜੋਲ ਰਾਹੀਂ ਅਨਾਜ–ਪ੍ਰਾਪਤੀ ਯਕੀਨੀ ਬਣਾ ਲਈ ਗਈ ਹੈ, ਉਹਨਾਂ ਦੇ ਬੱਚਿਆਂ ਦੀ ਵੱਡੀ ਭਾਰੀ ਗਿਣਤੀ ਨਾ

ਸਿਰਫ ਸਕੂਲ ਜਾਂਦੀ ਹੈ ਸਗੋਂ ਮੁਕਾਬਲਤਨ ਚੰਗੀ ਪੜ੍ਹਾਈ ਹਾਸਲ ਕਰ ਰਹੀ ਹੈ ਅਤੇ ਵੱਡੀ ਗਿਣਤੀ ਵਸੋਂ ਦੀ ਮੁਢਲੇ ਸਿਹਤ-ਸੰਭਾਲ ਅਤੇ ਪਰਿਵਾਰ ਵਿਉਂਤਬੰਦੀ ਸੇਵਾਵਾਂ ਤੱਕ ਰਸਾਈ ਹੈ। ਔਸਤ ਉਮਰ, ਜਿਹੜੀ ਕਿ ਹੋਰ ਅਨੇਕਾਂ ਆਰਥਿਕ ਅਤੇ ਸਮਾਜਕ ਅੰਸ਼ਾਂ 'ਤੇ ਨਿਰਭਰ ਕਰਦੀ ਹੋਣ ਕਰਕੇ ਕਿਸੇ ਮੁਲਕ ਵਿਚ ਹਕੀਕੀ ਗਰੀਬੀ ਦਾ ਸ਼ਾਇਦ ਸਭ ਤੋਂ ਵਧੇਰੇ ਉੱਤਮ ਇੱਕੋ ਸੂਚਕ ਹੈ- 64 ਸਾਲ ਹੈ ਅਤੇ ਇਹ ਚੀਨ ਜਿਹੇ ਪ੍ਰਤੀ ਜੀਅ ਆਮਦਨੀ ਵਾਲੇ ਕਿਸੇ ਵੀ ਮੁਲਕ ਲਈ ਉੱਭਰਵੇਂ ਰੂਪ ਵਿਚ ਆਉਂਦਾ ਹੈ।"

ਸਿਆਸੀ ਹੱਕ ਤੋਂ ਬਿਨਾਂ ਉਪਰੋਕਤ ਆਰਥਿਕ ਹੱਕਾਂ ਦੀ ਗਰੰਟੀ ਅਸੰਭਵ ਸੀ। ਮਜ਼ਦੂਰ ਕਾਰਖਾਨਾ ਪ੍ਰਬੰਧਨ ਵਿੱਚ ਸ਼ਾਮਿਲ ਹੁੰਦੇ ਸਨ ਅਤੇ ਪ੍ਰਬੰਧਨ ਅਮਲਾ ਸ਼ਰੀਰਕ ਕਿਰਤ ਵਿੱਚ। ਮਜ਼ਦੂਰਾਂ ਨੂੰ ਪ੍ਰਬੰਧਕ ਅਮਲੇ ਦੀ ਅਲੋਚਨਾ ਕਰਨ ਦਾ ਪੂਰਾ ਹੱਕ ਸੀ। ਉਹ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾ ਸਕਦੇ ਸਨ, ਆਪਣੇ ਵਿਚਾਰਾਂ ਦਾ ਖੁੱਲ੍ਹ ਕੇ ਪ੍ਰਚਾਰ ਕਰ ਸਕਦੇ ਸਨ, ਵੱਡੇ ਪੋਸਟਰ ਲਗਾ ਸਕਦੇ ਸਨ ਅਤੇ ਬਹਿਸਾਂ ਦਾ ਆਯੋਜਨ ਕਰ ਸਕਦੇ ਸਨ। ਸਮਾਜਵਾਦੀ ਦੌਰ ਵਿੱਚ ਮਜ਼ਦੂਰਾਂ ਦੀਆਂ ਤਾਕਤਵਰ ਯੂਨੀਅਨਾਂ ਸਨ ਅਤੇ ਇਨ੍ਹਾਂ ਦੇ ਨੁਮਾਇੰਦੇ ਮਜ਼ਦੂਰ ਖੁਦ ਚੁਣਦੇ ਸਨ।

ਪਰ ਹੁਣ ਹਾਲਤ ਬਦਲ ਚੁੱਕੀ ਹੈ। ਸਰਮਾਏਦਾਰਾ ਮੁੜਬਹਾਲੀ ਤੋਂ ਬਾਅਦ ਹੌਲ਼ੀ-ਹੌਲ਼ੀ ਮਜ਼ਦੂਰਾਂ ਦੇ ਸਿਆਸੀ ਅਤੇ ਆਰਥਿਕ ਹੱਕ ਖੋਹ ਲਏ ਗਏ ਹਨ। 1976 'ਚ ਕਾਮਰੇਡ ਮਾਓ ਦੀ ਮੌਤ ਤੋਂ ਬਾਅਦ ਕਮਿਊਨਿਸਟਾਂ ਦੇ ਭੇਸ ਵਿੱਚ ਸੱਤਾ 'ਤੇ ਕਾਬਜ਼ ਹੋਏ ਸਰਮਾਏਦਾਰਾ ਹਾਕਮਾਂ ਨੇ ਸੱਤਾ 'ਤੇ ਆਪਣੀ ਸਥਿਤੀ ਮਜ਼ਬੂਤ ਕੀਤੀ। ਅੱਸੀ 'ਵਿਆਂ ਦੇ ਅੰਤ ਤੱਕ ਮਜ਼ਦੂਰਾਂ ਦੇ ਹੱਕਾਂ 'ਤੇ ਕੋਈ ਵੱਡਾ ਆਰਥਿਕ ਹਮਲਾ ਨਹੀਂ ਕੀਤਾ ਗਿਆ। ਅਰਥਚਾਰੇ ਵਿੱਚ ਵੱਡੇ ਪੱਧਰ 'ਤੇ ਤਬਦੀਲੀਆਂ ਲਈ ਅਧਾਰ ਤਿਆਰ ਕੀਤਾ ਗਿਆ। ਮਜ਼ਦੂਰਾਂ ਨੂੰ ਮਾਓਵਾਦੀ ਦੌਰ ਵਿੱਚ ਪੈਦਾਵਾਰ ਵਧਾਉਣ ਲਈ ਨੈਤਿਕ ਪ੍ਰੇਰਣਾ ਦਿੱਤੀ ਜਾਂਦੀ ਸੀ। ਉਹਨਾਂ ਦੀ ਸਿਆਸੀ ਸਿੱਖਿਆ ਉੱਤੇ ਜ਼ੋਰ ਦਿੱਤਾ ਜਾਂਦਾ ਸੀ। ਮਜ਼ਦੂਰ ਜਮਾਤ ਦੇ ਲੰਮੇ ਦਾਅ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੈਦਾਵਾਰ ਵਧਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਪਰ 1976 ਤੋਂ ਬਾਅਦ ਇਸ ਸਮਾਜਵਾਦੀ ਲੀਹ ਦਾ ਤਿਆਗ ਕਰਦੇ ਹੋਏ ਮਜ਼ਦੂਰਾਂ ਨੂੰ ਭੌਤਿਕ ਪ੍ਰੇਰਣਾ ਦਿੰਦੇ ਹੋਏ ਪੈਦਾਵਾਰ ਵਧਾਉਣ ਲਈ ਕਿਹਾ ਗਿਆ। ਸਮਾਜਵਾਦੀ ਸਿੱਖਿਆ ਦੀ ਪ੍ਰਕਿਰਿਆ ਰੋਕ ਦਿੱਤੀ ਗਈ। ਸਿਆਸੀ ਚੇਤਨਾ 'ਤੇ ਇਸ ਹਮਲੇ ਤੋਂ ਬਾਅਦ ਮਜ਼ਦੂਰਾਂ ਦੇ ਆਰਥਿਕ ਹਿੱਤਾਂ ਉੱਤੇ ਵੱਡਾ ਹਮਲਾ ਵਿੱਢਿਆ ਗਿਆ। 1990 'ਵਿਆਂ ਵਿੱਚ ਵੱਡੇ ਪੱਧਰ ਉੱਤੇ ਕੌਡੀਆਂ ਦੇ ਭਾਅ ਕਾਰਖਾਨਿਆਂ ਦਾ ਨਿੱਜੀਕਰਨ ਕੀਤਾ ਗਿਆ। ਸਰਕਾਰੀ ਅਧਿਕਾਰੀਆਂ, ਸਰਕਾਰੀ ਕਾਰੋਬਾਰਾਂ ਦੇ ਮੈਨੇਜਰਾਂ, ਨਿੱਜੀ ਖੇਤਰ ਦੇ ਸਰਮਾਏਦਾਰਾਂ, ਬਹੁਕੌਮੀ ਕਾਰਪੋਰੇਸ਼ਨਾਂ ਨੂੰ ਨਿੱਜੀਕਰਨ ਦਾ ਵਾਹਵਾ ਫਾਇਦਾ ਮਿਲਿਆ। ਚੀਨ ਵਿੱਚ ਹੁਣ ਸਰਕਾਰੀ ਖੇਤਰ ਦਾ ਸਨਅਤੀ ਪੈਦਾਵਾਰ ਵਿੱਚ ਹਿੱਸਾ 30 ਫੀਸਦੀ ਤੋਂ ਵੀ ਹੇਠਾਂ ਆ ਗਿਆ ਹੈ। ਸਮਾਜਵਾਦੀ ਦੌਰ ਵਿੱਚ ਜਿਆਦਾਤਰ ਮਜ਼ਦੂਰ ਸਰਕਾਰੀ ਖੇਤਰ ਦੇ ਕਾਰੋਬਾਰਾਂ ਵਿੱਚ ਕੰਮ ਕਰਦੇ ਸਨ ਪਰ ਹੁਣ ਨਿੱਜੀ ਸਨਅਤੀ ਖੇਤਰ ਵਿੱਚ ਸਰਕਾਰੀ ਖੇਤਰ ਦੇ ਮੁਕਾਬਲੇ 4 ਗੁਣਾ ਤੋਂ ਵੀ ਵਧੇਰੇ ਮਜ਼ਦੂਰ ਕੰਮ ਕਰਦੇ ਹਨ। ਨਿੱਜੀ ਕਾਰੋਬਾਰ ਲਗਾਤਾਰ ਵੱਧ-ਫੁੱਲ ਰਿਹਾ ਹੈ। ਸਰਕਾਰੀ ਕਾਰੋਬਾਰ ਵੀ ਸਮਾਜਵਾਦੀ ਢੰਗ ਨਾਲ਼ ਨਹੀਂ ਸਗੋਂ ਸਰਮਾਏਦਾਰਾ ਢੰਗ ਤਰੀਕਿਆਂ ਰਾਹੀਂ ਹੀ ਚਲਾਏ ਜਾ ਰਹੇ ਹਨ।

ਚੀਨ ਵਿੱਚ ਅੱਜ ਗੈਰ-ਖੇਤੀ ਅਬਾਦੀ 60 ਫੀਸਦੀ ਹੋ ਚੁੱਕੀ ਹੈ ਜੋ ਕਿ 1980 ਵਿੱਚ 31 ਫੀਸਦੀ ਸੀ। ਇਸ ਗੈਰ-ਖੇਤੀ ਅਬਾਦੀ ਦਾ 80 ਫੀਸਦੀ ਹਿੱਸਾ ਮਜ਼ਦੂਰ ਹਨ। 1980 ਵਿੱਚ ਕੁੱਲ ਘਰੇਲੂ ਪੈਦਾਵਾਰ ਵਿੱਚ ਮਜ਼ਦੂਰਾਂ ਦੀ ਆਮਦਨ ਦਾ ਹਿੱਸਾ 1990 ਤੋਂ ਲੈ ਕੇ 2005 ਤੱਕ 50 ਫੀਸਦੀ ਤੋਂ ਘੱਟ ਕੇ 37 ਫੀਸਦੀ ਰਹਿ ਗਿਆ।

ਮਾਓਵਾਦੀ ਦੌਰ ਵਿੱਚ ਸ਼ਰੀਰਕ ਕਿਰਤ ਅਤੇ ਮਾਨਸਿਕ ਕਿਰਤ ਵਿਚਲਾ ਪਾੜਾ ਲਗਾਤਾਰ ਘੱਟਦਾ ਜਾ ਰਿਹਾ ਸੀ। ਪਰ ਸਰਮਾਏਦਾਰਾ ਮੁੜਬਹਾਲੀ ਤੋਂ ਬਾਅਦ ਸ਼ਰੀਰਕ ਕਿਰਤ ਅਤੇ ਮਾਨਸਿਕ ਕਿਰਤ ਵਿਚਲਾ ਪਾੜਾ ਲਗਾਤਾਰ ਵੱਧਦਾ ਗਿਆ ਹੈ। ਸਮਾਜਵਾਦੀ ਚੀਨ ਵਿੱਚ ਮਜ਼ਦੂਰਾਂ ਅਤੇ ਪ੍ਰਬੰਧਕਾਂ ਵਿੱਚ ਆਰਥਿਕ ਗੈਰਬਰਾਬਰੀ ਬਹੁਤ ਘੱਟ ਸੀ ਜਾਂ ਕਈ ਮਾਮਲਿਆਂ ਵਿੱਚ ਪ੍ਰਬੰਧਕਾਂ ਨੂੰ ਮਜ਼ਦੂਰਾਂ ਤੋਂ ਘੱਟ ਮਿਲਦਾ ਸੀ। ਸਰਮਾਏਦਾਰਾ ਚੀਨ ਵਿੱਚ ਪ੍ਰਬੰਧਕਾਂ ਦੀਆਂ ਉਜ਼ਰਤਾਂ ਮਜ਼ਦੂਰਾਂ ਦੀਆਂ ਉਜ਼ਰਤਾਂ ਦੇ ਛੇ ਗੁਣਾ ਤੋਂ ਵੀ ਵਧੇਰੇ ਹੋ ਚੁੱਕੀਆਂ ਹਨ।

ਸ਼ਹਿਰਾਂ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ 70 ਫੀਸਦੀ ਦੇ ਲੱਗਭਗ ਪਹੁੰਚ ਗਈ ਹੈ। ਇਹਨਾਂ ਮਜ਼ਦੂਰਾਂ ਦੀ ਜਿੰਦਗੀ ਸਭ ਤੋਂ ਭੈੜੀ ਹਾਲਤ ਵਿੱਚ ਹੈ। 1980 ਦੇ ਸ਼ੁਰੂ ਤੋਂ 15 ਕਰੋੜ ਦੇ ਲਗਭਗ ਪ੍ਰਵਾਸੀ ਮਜ਼ਦੂਰ ਪਿੰਡਾਂ ਤੋਂ ਸ਼ਹਿਰਾਂ ਨੂੰ ਪ੍ਰਵਾਸ ਕਰ ਗਏ ਹਨ। ਇੱਕ ਰਿਪੋਰਟ ਮੁਤਾਬਿਕ ਦੋ-ਤਿਹਾਈ ਦੇ ਲੱਗਭਗ ਮਜ਼ਦੂਰ 8 ਘੰਟੇ ਤੋਂ ਵੱਧ ਸਮੇਂ ਲਈ ਕੰਮ ਕਰਦੇ ਹਨ ਅਤੇ ਕਦੇ ਵੀ ਹਫ਼ਤਾਵਾਰੀ ਛੁੱਟੀ ਨਹੀਂ ਕਰਦੇ। ਵੱਡੀ ਗਿਣਤੀ ਮਜ਼ਦੂਰਾਂ ਨੂੰ 16-16 ਘੰਟੇ ਕੰਮ ਕਰਨਾ ਪੈਂਦਾ ਹੈ। ਪ੍ਰਬੰਧਕਾਂ ਵੱਲੋਂ ਮਜ਼ਦੂਰਾਂ ਨੂੰ ਸ਼ਰੀਰਕ ਸਜਾਵਾਂ ਦੇਣੀਆਂ ਆਮ ਗੱਲ ਹੈ। 20 ਕਰੋੜ ਮਜ਼ਦੂਰ ਬੇਹੱਦ ਖਤਰੇ ਭਰੀਆਂ ਹਾਲਤਾਂ ਵਿੱਚ ਕੰਮ ਕਰਦੇ ਹਨ। ਇੱਕ ਅੰਕੜੇ ਮੁਤਾਬਿਕ ਸੱਤ ਲੱਖ ਦੇ ਲਗਭਗ ਮਜ਼ਦੂਰ ਕੰਮ ਦੌਰਾਨ ਗੰਭੀਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ ਜਿਹਨਾਂ ਵਿੱਚ ਇੱਕ ਲੱਖ ਦੀ ਜਾਨ ਚਲੀ ਜਾਂਦੀ ਹੈ, ਵੱਡੀ ਗਿਣਤੀ ਮਜ਼ਦੂਰ ਉਮਰ ਭਰ ਲਈ ਅਪਾਹਿਜ ਹੋ ਜਾਂਦੇ ਹਨ।

ਮਜ਼ਦੂਰਾਂ ਨੂੰ ਸਰਕਾਰ ਵੱਲੋਂ ਮਿਲਣ ਵਾਲ਼ੀਆਂ ਰਿਹਾਇਸ਼, ਭੋਜਨ, ਸਿੱਖਿਆ ਤੇ ਸਿਹਤ ਸਹੂਲਤਾਂ ਉੱਤੇ ਵੱਡੇ ਪੱਧਰ ਉੱਤੇ ਕਟੌਤੀ ਕੀਤੀ ਗਈ ਹੈ। ਦਵਾ-ਇਲਾਜ ਲਈ ਮਜ਼ਦੂਰਾਂ ਨੂੰ ਸਮਾਜਵਾਦੀ ਦੌਰ ਦੇ ਉਲ਼ਟ ਭਾਰੀ ਕੀਮਤਾਂ ਚੁਕਾਉਣੀਆਂ ਪੈਂਦੀਆਂ ਹਨ। ਵੱਡੀ ਗਿਣਤੀ ਮਜ਼ਦੂਰ ਪੈਸੇ ਦੀ ਘਾਟ ਕਾਰਨ ਇਲਾਜ ਨਹੀਂ ਕਰਵਾ ਪਾਉਂਦੇ ਅਤੇ ਮੌਤ ਦੇ ਮੂੰਹ ਵਿੱਚ ਜਾ ਡਿਗਦੇ ਹਨ।

ਮਜ਼ਦੂਰਾਂ ਦੀਆਂ ਰਿਹਾਇਸ਼ੀ ਹਾਲਤਾਂ ਕਿੰਨੀਆਂ ਭਿਅੰਕਰ ਹੋ ਚੁੱਕੀਆਂ ਹਨ ਇਸਦਾ ਅੰਦਾਜ਼ਾ ਪਰਲ ਰਿਵਰ ਡੈਲਟਾ ਇਲਾਕੇ ਦੇ ਮਜ਼ਦੂਰਾਂ ਦੀਆਂ ਹਾਲਤਾਂ ਤੋਂ ਲਗਾਇਆ ਜਾ ਸਕਦਾ ਹੈ। ਸੜਕਾਂ ਦੇ ਕਿਨਾਰੇ-ਕਿਨਾਰੇ ਫੈਕਟਰੀਆਂ ਦੀ ਕਤਾਰ ਹੈ। ਦੂਜੇ ਪਾਸੇ ਛੇ ਮੰਜ਼ਲਾਂ ਇਮਾਰਤਾਂ ਹਨ ਜਿਨ੍ਹਾਂ ਦੇ ਛੋਟੇ-ਛੋਟੇ ਕਮਰਿਆਂ ਵਿੱਚ ਮਜ਼ਦੂਰ ਰਹਿੰਦੇ

ਹਨ। ਇਸ ਇਲਾਕੇ 'ਚ ਸੈਂਕੜੇ ਕਿਲੋਮੀਟਰ ਤੱਕ ਅਜਿਹਾ ਹੀ ਦ੍ਰਿਸ਼ ਹੈ। ਇੱਕ-ਇੱਕ ਕਮਰੇ ਵਿੱਚ ਛੇ ਤੋਂ ਲੈ ਕੇ 12 ਮਜ਼ਦੂਰਾਂ ਨੂੰ ਰਹਿਣਾ ਪੈਂਦਾ ਹੈ। 12-12 ਘੰਟਿਆਂ ਦੀ ਸਖਤ ਮਿਹਨਤ ਤੋਂ ਬਾਅਦ ਉਹ ਇਹਨਾਂ ਖਚਾਖਚ ਭਰੇ ਕਮਰਿਆਂ ਵਿੱਚ ਨਾ ਚੰਗੀ ਤਰ੍ਹਾਂ ਸੌਂ ਸਕਦੇ ਹਨ, ਨਾ ਖਾਣਾ ਬਣਾ ਸਕਦੇ ਹਨ।

ਇਸ ਇਲਾਕੇ ਦੇ ਮਜ਼ਦੂਰਾਂ ਦੀਆਂ ਕੰਮ ਹਾਲਤਾਂ ਤੋਂ ਚੀਨ ਦੇ ਬਾਕੀ ਮਜ਼ਦੂਰਾਂ ਦੀਆਂ ਕੰਮ ਹਾਲਤਾਂ ਦਾ ਵੀ ਇੱਕ ਅੰਦਾਜ਼ਾ ਲਾਇਆ ਜਾ ਸਕਦਾ ਹੈ। ਲਗਾਤਾਰ ਸਖਤ ਮਿਹਨਤ ਤੋਂ ਬਾਅਦ ਵੀ ਉਹਨਾਂ ਨੂੰ ਬੇਹੱਦ ਘੱਟ ਉਜ਼ਰਤਾਂ ਹਾਸਿਲ ਹੁੰਦੀਆਂ ਹਨ। ਨਾਂਹ-ਨੁੱਕਰ ਤੋਂ ਬਿਨਾਂ ਇਸ ਲੁੱਟ ਦੀ ਚੱਕੀ ਵਿੱਚ ਪਿਸਣ ਲਈ ਪਹਿਲੀ ਭਰਤੀ ਸਮੇਂ ਮਜ਼ਦੂਰਾਂ ਨੂੰ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਂਦੀ ਹੈ, ਜਿਸਨੂੰ ਸੁਪਰਾਵਾਈਜ਼ਰਾਂ ਦੀ ਭਾਸ਼ਾ ਵਿੱਚ "ਫੌਜੀ ਟ੍ਰੇਨਿੰਗ" ਕਿਹਾ ਜਾਂਦਾ ਹੈ। ਕਾਰਖਾਨਿਆਂ ਵਿੱਚ ਮਜ਼ਦੂਰਾਂ ਦੇ ਆਪਸ ਵਿੱਚ ਗੱਲ ਕਰਨ ਉੱਤੇ ਮਨਾਹੀ ਹੁੰਦੀ ਹੈ। ਗੱਲ ਕਰਨ 'ਤੇ ਜਾਂ ਹਾਸਾ ਮਜ਼ਾਕ ਕਰਦੇ ਹੋਏ ਫੜੇ ਜਾਣ 'ਤੇ ਭਾਰੀ ਜ਼ੁਰਮਾਨਾ ਲਗਾਇਆ ਜਾਂਦਾ ਹੈ। ਛੁੱਟੀ ਕਰਨ 'ਤੇ ਪੈਸੇ ਕੱਟ ਲਏ ਜਾਂਦੇ ਹਨ। ਲਗਾਤਾਰ ਬੇਹੱਦ ਨੀਰਸ ਅਤੇ ਅਕਾਊ ਕੰਮ ਕਰਦੇ-ਕਰਦੇ ਉਹ ਡੂੰਘੀ ਮਾਨਸਿਕ ਥਕਾਵਟ ਅਤੇ ਨਿਰਾਸ਼ਾ ਦੇ ਸ਼ਿਕਾਰ ਹੋ ਜਾਂਦੇ ਹਨ ਜਿਹੜੀ ਡੂੰਘੀ ਮਾਨਸਿਕ ਬਿਮਾਰੀ ਦਾ ਰੂਪ ਲੈ ਲੈਂਦੀ ਹੈ।

ਔਰਤਾਂ ਵੱਡੇ ਪੱਧਰ 'ਤੇ ਵਿਤਕਰੇ ਦਾ ਸ਼ਿਕਾਰ ਹਨ। ਔਰਤ ਮਜ਼ਦੂਰਾਂ ਨੂੰ ਮਿਲਣ ਵਾਲ਼ੇ ਵਿਸ਼ੇਸ਼ ਹੱਕ ਵੀ ਖੋਹੇ ਜਾ ਰਹੇ ਹਨ। ਨਵ-ਵਿਆਹੀਆਂ, ਬੱਚੇ ਵਾਲ਼ੀਆਂ ਔਰਤਾਂ ਨੂੰ ਕੰਮ 'ਤੇ ਰੱਖਣ ਤੋਂ ਬਚਿਆ ਜਾਂਦਾ ਹੈ। ਔਰਤਾਂ ਦੀ ਛਾਂਟੀ ਆਮ ਗੱਲ ਹੋ ਗਈ ਹੈ। ਔਰਤਾਂ ਨੂੰ ਮਰਦਾਂ ਤੋਂ ਘੱਟ ਉਜ਼ਰਤਾਂ ਉੱਤੇ ਕੰਮ ਕਰਨਾ ਪੈਂਦਾ ਹੈ।

ਮਹਿੰਗਾਈ ਲਗਾਤਾਰ ਵੱਧ ਰਹੀ ਹੈ। ਚੀਨ ਦੀ ਨਕਲੀ ਕਮਿਊਨਿਸਟ ਪਾਰਟੀ ਕਹਿੰਦੀ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਮੰਡੀ 'ਚ ਤੈਅ ਹੋਣਗੀਆਂ। ਇਸਦੇ ਉਲ਼ਟ ਮਾਓਵਾਦੀ ਚੀਨ ਵਿੱਚ ਚੀਜ਼ਾਂ ਦੀਆਂ ਕੀਮਤਾਂ ਵੱਧਣ ਦੀ ਬਜਾਇ ਘੱਟਦੀਆਂ ਜਾ ਰਹੀਆਂ ਹਨ, ਲੋਕਾਂ ਦਾ ਜੀਵਨ ਪੱਧਰ ਲਗਾਤਾਰ ਉੱਪਰ ਉੱਠਦਾ ਜਾ ਰਿਹਾ ਸੀ।

ਚੀਨ ਦੀ ਮਜ਼ਦੂਰ ਜਮਾਤ ਦੀ ਆਰਥਿਕ ਬਦਹਾਲੀ ਨੂੰ ਸਮਝਣ ਲਈ ਇੱਥੋਂ ਦੇ ਅਮੀਰੀ-ਗਰੀਬੀ ਦੇ ਪਾੜੇ ਨੂੰ ਜਾਨਣਾ ਵੀ ਜ਼ਰੂਰੀ ਹੈ। ਸਮਾਜਵਾਦੀ ਦੌਰ ਵਿੱਚ ਚੀਨ ਸਭ ਤੋਂ ਵੱਧ ਆਰਥਿਕ ਬਰਾਬਰੀ ਵਾਲ਼ੇ ਦੇਸ਼ਾਂ ਵਿੱਚ ਸ਼ਾਮਲ ਸੀ। ਪਰ ਸਰਮਾਏਦਾਰਾ ਪ੍ਰਬੰਧ ਦੀ ਬਹਾਲੀ ਤੋਂ ਬਾਅਦ ਹੁਣ ਇੱਥੇ ਭਿਆਨਕ ਹੱਦ ਤੱਕ ਆਰਥਿਕ ਗੈਰਬਰਾਬਰੀ ਸਥਾਪਿਤ ਹੋ ਚੁੱਕੀ ਹੈ। ਸੰਸਾਰ ਬੈਂਕ ਦੀ ਇੱਕ ਰਿਪੋਰਟ ਮੁਤਾਬਿਕ ਸੰਨ 2005 ਵਿੱਚ ਚੀਨ ਵਿੱਚ ਸਭ ਤੋਂ ਵੱਧ ਅਮੀਰ ਦਸ ਫੀਸਦੀ ਪਰਿਵਾਰ ਕੁੱਲ ਘਰੇਲੂ ਆਮਦਨ ਦੇ 31 ਫੀਸਦੀ ਦੇ ਮਾਲਕ ਸਨ। ਹੇਠਲੇ ਸਭ ਤੋਂ ਗਰੀਬ ਦਸ ਫੀਸਦੀ ਲੋਕ ਦੋ ਫੀਸਦੀ ਦੇ ਮਾਲਕ ਸਨ। "ਸੰਸਾਰ ਦੀ ਦੌਲਤ ਬਾਰੇ ਰਿਪੋਰਟ" (2006) ਮੁਤਾਬਿਕ ਚੀਨ ਦੇ ਸਭ ਤੋਂ ਵੱਧ ਅਮੀਰ 0.4 ਫੀਸਦੀ ਪਰਿਵਾਰਾਂ ਕੋਲ਼ ਚੀਨ ਦੀ ਕੌਮੀ ਦੌਲਤ ਦੇ 70 ਫੀਸਦੀ ਉੱਪਰ ਕਬਜ਼ਾ ਹੈ। ਸੰਨ 2006 ਵਿੱਚ ਸਭ ਤੋਂ ਅਮੀਰ 3200 ਵਿਅਕਤੀਆਂ ਕੋਲ਼ 100 ਕਰੋੜ ਯੂਆਨ (ਲਗਭਗ ਡੇਢ ਕਰੋੜ ਅਮਰੀਕੀ ਡਾਲਰ) ਦੀ ਨਿੱਜੀ ਸੰਪੱਤੀ ਸੀ। ਇਹਨਾਂ ਵਿੱਚੋਂ 90 ਫੀਸਦੀ (2600) ਵੱਡੇ ਸਰਕਾਰੀ ਅਧਿਕਾਰੀਆਂ ਜਾਂ ਪਾਰਟੀ ਆਗੂਆਂ ਦੀਆਂ ਔਲਾਦਾਂ ਹਨ।

ਸਰਮਾਏਦਾਰਾ ਚੀਨ ਵਿੱਚ ਮਜ਼ਦੂਰਾਂ ਦੇ ਸਿਆਸੀ ਹੱਕਾਂ ਉੱਤੇ ਵੱਡਾ ਹਮਲਾ ਕੀਤਾ ਗਿਆ ਹੈ। ਮਜ਼ਦੂਰਾਂ ਦੀਆਂ ਹੜਤਾਲ਼ਾਂ, ਧਰਨਿਆਂ, ਮੁਜਾਹਰਿਆਂ ਉੱਤੇ ਸਖਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਮਜ਼ਦੂਰਾਂ ਵੱਲੋਂ ਕਾਰਖਾਨਾ ਪ੍ਰਬੰਧਕਾਂ ਤੇ ਸਰਕਾਰ ਖਿਲਾਫ਼ ਆਪਣੇ ਵਿਚਾਰ ਪ੍ਰਗਟਾਉਣ ਤੇ ਪ੍ਰਚਾਰਿਤ ਕਰਨ ਉੱਤੇ ਸਖਤ ਰੋਕਾਂ ਹਨ। ਰੋਕਾਂ ਦੀਆਂ ਉਲੰਘਣਾਵਾਂ 'ਤੇ ਮਜ਼ਦੂਰਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਂਦਾ ਹੈ। ਸਮਾਜਵਾਦੀ ਚੀਨ ਵਿੱਚ ਮਜ਼ਦੂਰਾਂ ਨੂੰ ਯੂਨੀਅਨਾਂ ਬਣਾਉਣ ਅਤੇ ਇਹਨਾਂ ਦੇ ਮੈਂਬਰ ਬਣਨ ਦਾ ਪੂਰਾ ਹੱਕ ਸੀ। ਪਰ ਇਹ ਹੱਕ ਹੁਣ ਖੋਹ ਲਿਆ ਗਿਆ ਹੈ। ਸਰਕਾਰ ਵੱਲੋਂ ਮਾਨਤਾ ਪ੍ਰਾਪਤ ਯੂਨੀਅਨਾਂ ਦੇ ਅਹੁਦੇਦਾਰ ਨਕਲੀ ਕਮਿਊਨਿਸਟ ਪਾਰਟੀ ਤੈਅ ਕਰਦੀ ਹੈ।

ਪਰ ਸਰਮਾਏਦਾਰਾਂ ਹਾਕਮਾਂ ਦੇ ਇਹਨਾਂ ਸਿਆਸੀ-ਆਰਥਿਕ ਹੱਲਿਆਂ ਅੱਗੇ ਚੀਨ ਦੀ ਮਜ਼ਦੂਰ ਜਮਾਤ ਹੱਥ 'ਤੇ ਹੱਥ ਧਰ ਕੇ ਨਹੀਂ ਬੈਠੀ ਹੈ। ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਜਦੋਂ ਸਰਮਾਏਦਾਰਾ ਰਾਹੀਆਂ ਖਿਲਾਫ਼ ਘੋਲ਼ ਜ਼ੋਰਾਂ 'ਤੇ ਸੀ ਉਦੋਂ ਕਾਮਰੇਡ ਮਾਓ ਨੇ ਕਿਹਾ ਸੀ ਕਿ ਜੇਕਰ ਸਰਮਾਏਦਾਰਾ ਰਾਹੀਏ ਚੀਨ ਦੀ ਸੱਤਾ 'ਤੇ ਕਾਬਜ਼ ਹੋ ਵੀ ਜਾਂਦੇ ਹਨ ਤਾਂ ਚੀਨੀ ਲੋਕ ਉਹਨਾਂ ਨੂੰ ਇੱਕ ਦਿਨ ਵੀ ਚੈਨ ਦੀ ਨੀਂਦ ਨਹੀਂ ਸੌਣ ਦੇਣਗੇ। ਕਾਮਰੇਡ ਮਾਓ ਦੀ ਇਹ ਭਵਿੱਖਬਾਣੀ ਪੂਰੀ ਤਰ੍ਹਾਂ ਸੱਚ ਸਾਬਤ ਹੋਈ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਜਨਤਕ ਰੋਹ ਦੀਆਂ ਸਲ਼ਾਨਾ ਘਟਨਾਵਾਂ ਦੀ ਗਿਣਤੀ 1993 ਵਿੱਚ 8700 ਸੀ, 2010 ਤੱਕ ਵੱਧ ਕੇ 90,000 ਤੱਕ ਪਹੁੰਚ ਚੁੱਕੀ ਸੀ। ਨਿਊਯਾਰਕ ਟਾਈਮਜ਼ ਮੁਤਾਬਿਕ ਸੰਨ 2011 ਵਿੱਚ ਅਜਿਹੀਆਂ ਘਟਨਾਵਾਂ ਦੀ ਗਿਣਤੀ ਇੱਕ ਲੱਖ ਅੱਸੀ ਹਜ਼ਾਰ ਤੱਕ ਜਾ ਪਹੁੰਚੀ ਹੈ। ਇਹਨਾਂ ਘਟਨਾਵਾਂ ਵਿੱਚ ਹੜਤਾਲਾਂ, ਰੈਲੀਆਂ ਅਤੇ ਪੁਲੀਸ ਨਾਲ਼ ਝੜਪਾਂ ਸ਼ਾਮਲ ਹਨ।

ਇਹਨਾਂ ਸਰਗਰਮੀਆਂ ਵਿੱਚ ਮਜ਼ਦੂਰ ਜਮਾਤ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਹੈ। ਚੀਨ ਦੀ ਮਜ਼ਦੂਰ ਜਮਾਤ ਦਾ ਇੱਕ ਹਿੱਸਾ ਅਜਿਹਾ ਹੈ ਜਿਸਨੇ ਸਮਾਜਵਾਦੀ ਦੌਰ ਵੇਖਿਆ ਹੈ। ਉਹ ਇਹ ਕਾਫ਼ੀ ਡੂੰਘੀ ਤਰ੍ਹਾਂ ਮਹਿਸੂਸ ਕਰਦੇ ਹਨ ਅਤੇ ਸਮਝਦੇ ਹਨ ਕਿ ਸਮਾਜਵਾਦੀ ਪ੍ਰਬੰਧ ਵਿੱਚ ਹੀ ਮਜ਼ਦੂਰਾਂ ਦੀ ਹਾਲਤ ਚੰਗੀ ਹੋ ਸਕਦੀ ਹੈ। ਨਵੀਂ ਪੀੜ੍ਹੀ ਦੇ ਮਜ਼ਦੂਰ ਜਿੱਥੇ ਵੱਧ ਤਨਖਾਹਾਂ, ਹੋਰ ਆਰਥਿਕ ਹੱਕਾਂ, ਕੰਮ ਦੀਆਂ ਚੰਗੀਆਂ ਹਾਲਤਾਂ ਲਈ ਵਧੇਰੇ ਚੋਭ ਮਹਿਸੂਸ ਕਰਦੇ ਹੋਏ ਘੋਲ਼ ਕਰਦੇ ਹਨ ਉੱਥੇ ਸਮਾਜਵਾਦੀ ਦੌਰ ਦੇ ਮਜ਼ਦੂਰ ਕਾਰਖਾਨਿਆਂ ਦੇ ਨਿੱਜੀਕਰਨ ਦੇ ਮਸਲੇ ਦੀ ਸਿਆਸੀ ਲੀਹ ਖਿਲਾਫ਼ ਘੋਲ਼ ਨੂੰ ਯਾਨੀ ਸਮਾਜਵਾਦ ਲਈ ਘੋਲ਼ ਨੂੰ ਮੁੱਖ ਮੰਨਦੇ ਹਨ। ਸਰਕਾਰੀ ਅਦਾਰਿਆਂ ਦੇ ਸਾਬਕਾ ਮਜ਼ਦੂਰਾਂ ਦੀਆਂ ਅਗਵਾਈ ਵਾਲ਼ੇ ਘੋਲ਼ ਨਿੱਜੀਕਰਨ ਵਿਰੋਧੀ, ਭ੍ਰਿਸ਼ਟਾਚਾਰ ਵਿਰੋਧੀ, ਸਰਕਾਰੀ ਅਧਿਕਾਰੀਆਂ ਖਿਲਾਫ਼ ਆਦਿ ਨਾਲ਼ ਸਬੰਧਤ ਹੁੰਦੇ ਹਨ ਜਦ ਕਿ ਨਵੀਂ ਪੀੜ੍ਹੀ ਦੇ ਮਜ਼ਦੂਰਾਂ, ਜੋ ਕਿ ਜਿਆਦਾ ਪਿੰਡਾਂ ਤੋਂ ਆਏ

ਪ੍ਰਵਾਸੀ ਮਜ਼ਦੂਰ ਹਨ, ਦੇ ਘੋਲ਼ ਮੁੱਖ ਤੌਰ 'ਤੇ ਤਨਖਾਹ ਵਾਧੇ, ਓਵਰਟਾਈਮ ਆਦਿ ਨਾਲ਼ ਸਬੰਧਤ ਹੁੰਦੇ ਹਨ। ਭਾਂਵੇਂ ਕਿ ਸਰਕਾਰੀ ਅਦਾਰਿਆਂ ਦੇ ਮਜ਼ਦੂਰਾਂ ਦੀ ਗਿਣਤੀ ਕੁੱਲ ਮਜ਼ਦੂਰਾਂ 'ਚ ਘੱਟ ਹੈ ਪਰ ਉਹਨਾਂ ਦੇ ਘੋਲ਼ ਵੱਧ ਅਸਰਦਾਇਕ ਅਤੇ ਮਜ਼ਦੂਰਾਂ ਦੀ ਤਾਕਤ ਵਧਾਉਣ ਵਿੱਚ ਵੱਧ ਭੂਮੀਕਾ ਅਦਾ ਕਰਦੇ ਹਨ।

ਚੀਨ ਦੇ ਮਜ਼ਦੂਰਾਂ ਦੀ ਨਿੱਜੀਕਰਨ ਵਿਰੋਧੀ ਘੋਲ਼ ਦੀ ਇੱਕ ਉਦਾਹਰਣ ਦੇਣੀ ਇੱਥੇ ਲਾਹੇਵੰਦ ਹੋਵੇਗੀ।ਸੰਨ 2005 ਵਿੱਚ ਜਿਲਿਨ ਪ੍ਰਾਂਤ ਵਿੱਚ ਤੌਂਘੂਆ ਸਟੀਲ ਕਾਰਖਾਨੇ ਦਾ ਨਿੱਜੀਕਰਨ ਕਰ ਦਿੱਤਾ ਗਿਆ ਸੀ। ਦਸ ਅਰਬ ਯੂਆਨ ਦੀ ਰਾਜਕੀ ਜਾਇਦਾਦ ਦੀ ਕੀਮਤ ਦੇ ਇਸ ਕਾਰਖਾਨੇ ਦੀ ਕੀਮਤ ਸਿਰਫ਼ ਦੋ ਅਰਬ ਯੂਆਨ ਮਿਥੀ ਗਈ। ਇੱਕ ਤਾਕਤਵਰ ਨਿੱਜੀ ਕੰਪਨੀ ਜਿਆਨਲੌਂਗ, ਜਿਸਦੇ ਬੀਜਿੰਗ ਵਿੱਚ ਉੱਚ ਅਧਿਕਾਰੀਆਂ ਨਾਲ਼ ਨੇੜਲੇ ਸਬੰਧ ਸਨ, ਸਿਰਫ਼ 80 ਕਰੋੜ ਯੂਆਨ ਹੀ ਅਦਾ ਕਰਕੇ ਕਾਰਖਾਨੇ ਦੀ ਮਾਲਕ ਬਣ ਬੈਠੀ। ਨਿੱਜੀਕਰਨ ਤੋਂ ਬਾਅਦ ਮਜ਼ਦੂਰਾਂ ਦੀਆਂ ਉਜ਼ਰਤਾਂ ਦੋ ਤਿਹਾਈ ਘਟਾ ਦਿੱਤੀਆਂ ਗਈਆਂ। ਕਾਰਖਾਨੇ ਵਿੱਚ ਹਾਦਸੇ ਬਹੁਤ ਵੱਧ ਗਏ। ਮਜ਼ਦੂਰਾਂ ਉੱਤੇ ਮਨਮਰਜੀ ਦੇ ਜੁਰਮਾਨੇ ਅਤੇ ਸਜਾਵਾਂ ਥੋਪੀਆਂ ਜਾਣ ਲੱਗੀਆਂ। ਸੰਨ 2007 ਵਿੱਚ ਇਸ ਕਾਰਖਾਨੇ ਦੇ ਮਜ਼ਦੂਰਾਂ ਨੇ ਰੋਸ ਮੁਜਾਹਰੇ ਕਰਨੇ ਸ਼ੁਰੂ ਕਰ ਦਿੱਤੇ। ਮਾਓ ਦੇ ਸਮੇਂ ਦਾ ਵੂਨਾਂ ਦਾ ਇੱਕ ਮਜ਼ਦੂਰ ਆਗੂ ਬਣ ਕੇ ਗਿਆ। ਉਸਨੇ ਮਜ਼ਦੂਰਾਂ ਨੂੰ ਸਪੱਸ਼ਟ ਕਿਹਾ ਕਿ ਅਸਲ ਮੁੱਦਾ ਨਿੱਜੀਕਰਨ ਦੀ ਸਿਆਸੀ ਲੀਹ ਦਾ ਹੈ। ਜੁਲਾਈ 2009 ਵਿੱਚ ਮਜ਼ਦੂਰਾਂ ਨੇ ਖਾੜਕੂ ਹੜਤਾਲ ਕਰ ਦਿੱਤੀ। ਇਸਤੋਂ ਬਾਅਦ ਜਿਲਿਨ ਪ੍ਰਾਂਤ ਵਿੱਚ ਸਰਕਾਰ ਨੇ ਨਿੱਜੀਕਰਨ ਦੀ ਯੋਜਨਾ ਠੱਪ ਕਰ ਦਿੱਤੀ। ਤੌਂਘੂਆ ਸਟੀਲ ਮਜ਼ਦੂਰਾਂ ਦੀ ਜਿੱਤ ਨੇ ਚੀਨ ਦੇ ਹੋਰ ਹਿੱਸਿਆਂ ਦੇ ਮਜ਼ਦੂਰਾਂ ਨੂੰ ਵੀ ਪ੍ਰੇਰਿਤ ਕੀਤਾ। ਬਹੁਤ ਸਾਰੇ ਹੋਰ ਸਟੀਲ ਕਾਰਖਾਨਿਆਂ ਦੇ ਮਜ਼ਦੂਰਾਂ ਨੇ ਵੀ ਨਿੱਜੀਕਰਨ ਖਿਲਾਫ਼ ਅਵਾਜ਼ ਬੁਲੰਦ ਕੀਤੀ ਅਤੇ ਸਰਕਾਰ ਨੂੰ ਨਿੱਜੀਕਰਨ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਰੱਦ ਕਰਨ 'ਤੇ ਮਜ਼ਬੂਰ ਕੀਤਾ। ਚੀਨ ਦੀ ਊਰਜ਼ਾ ਅਤੇ ਭਾਰੀ ਸਨਅੱਤ ਦਾ ਵੱਡਾ ਹਿੱਸਾ ਅੱਜ ਵੀ ਸਰਕਾਰੀ ਮਾਲਕੀ ਹੇਠ ਹੈ। ਇਸ ਨਜ਼ਰੀਏ ਤੋਂ ਚੀਨ ਦੇ ਰਾਜਕੀ ਮਜ਼ਦੂਰ, ਮਜ਼ਦੂਰ ਜਮਾਤ ਦਾ ਉਹ ਹਿੱਸਾ ਹੈ ਜੋ ਚੀਨੀ ਸਰਮਾਏਦਾਰ ਜਮਾਤ ਨੂੰ ਵੱਡੀ ਆਰਥਿਕ ਅਤੇ ਸਿਆਸੀ ਚੁਣੌਤੀ ਦੇ ਸਕਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੀਨ ਦੀ ਮਜ਼ਦੂਰ ਜਮਾਤ ਵਿੱਚ ਸਰਮਾਏਦਾਰਾ ਪ੍ਰਬੰਧ ਖਿਲਾਫ਼ ਰੋਹ ਵੱਧਦਾ ਜਾ ਰਿਹਾ ਹੈ ਅਤੇ ਇਸਦੀ ਸਿਆਸੀ ਸੂਝ ਲਗਾਤਾਰ ਵਿਕਸਿਤ ਹੁੰਦੀ ਜਾ ਰਹੀ ਹੈ। ਚੀਨ ਦੀ ਮਜ਼ਦੂਰ ਜਮਾਤ ਕੋਲ਼ ਇੱਕ ਸ਼ਾਨਦਾਰ ਸਮਾਜਵਾਦੀ ਵਿਰਸਾ ਹੈ। ਉਸ ਕੋਲ਼ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦਾ ਤਜ਼ਰਬਾ ਹੈ। ਇਹ ਚੀਜ਼ਾਂ ਚੀਨ ਦੀ ਮਜ਼ਦੂਰ ਜਮਾਤ ਨੂੰ ਸੰਸਾਰ ਮਜ਼ਦੂਰ ਜਮਾਤ ਵਿੱਚ ਇੱਕ ਵਿਲੱਖਣ ਥਾਂ ਪ੍ਰਦਾਨ ਕਰਦੀਆਂ ਹਨ। ਚੀਨ ਦਾ ਸਮਾਜਵਾਦੀ ਇਨਕਲਾਬ ਕਿਵੇਂ-ਕਿਵੇਂ ਅੱਗੇ ਵੱਧਦਾ ਹੈ ਅਤੇ ਕਦੋਂ ਸਰਮਾਏਦਾਰਾ ਜਮਾਤ ਦੇ ਕਬਰ ਪੁੱਟ ਫਿਰ ਤੋਂ ਚੀਨ ਦੀ ਰਾਜਸੱਤਾ 'ਤੇ ਕਾਬਜ਼ ਹੋਣਗੇ ਇਹ ਤਾਂ ਆਉਣ ਵਾਲ਼ਾ ਸਮਾਂ ਹੀ ਦੱਸੇਗਾ।•

(ਪੰਨਾ 22 ਦਾ ਬਾਕੀ ਹਿੱਸਾ )

# ਅਮਰੀਕਾ ਨਾਲ਼ ਇਸਲਾਮਿਕ ਸਟੇਟ...

ਲਈ ਆਪੇ ਹਿੱਤ ਤੇ ਮੁਨਾਫ਼ੇ ਹੀ ਪ੍ਰਧਾਨ ਹੁੰਦੇ ਹਨ। ਮੁਨਾਫ਼ਿਆਂ ਲਈ ਇਹ ਕਿਸੇ ਵੀ ਕਮੀਨਗੀ 'ਤੇ ਉੱਤਰ ਸਕਦੇ ਹਨ। ਦੁਸ਼ਮਣ ਨੂੰ ਝੱਟ ਦੋਸਤ ਬਣਾ ਲੈਂਦੇ ਹਨ ਤੇ ਦੋਸਤ ਫੱਟ ਦੁਸ਼ਮਣ। ਦੂਜਾ ਸੰਸਾਰ ਵਿੱਚ ਅੱਜ ਹਥਿਆਰਾਂ ਦਾ ਬਿਜਨਸ ਸਭ ਤੋਂ ਵੱਡਾ ਬਿਜਨਸ ਬਣ ਚੁੱਕਿਆ ਹੈ ਅਤੇ ਸੰਸਾਰ ਦੀਆਂ ਵੱਡੀਆਂ ਹਥਿਆਰ ਨਿਰਮਾਤਾ ਕੰਪਨੀਆਂ ਵੀ ਅਮਰੀਕੀ ਹਨ। ਇਸੇ ਕਰਕੇ ਅਮਰੀਕਾ ਕਦੇ "ਮੱਧ-ਪੂਰਬ ਵਿੱਚ ਜਮਹੂਰੀਅਤ ਬਹਾਲ" ਕਰਨ ਲਈ ਭੱਜਦਾ ਹੈ, ਕਦੇ ਸੀਰੀਆ ਦੇ "ਲੋਕਾਂ ਦੀ ਮਦਦ" ਕਰਦਾ ਹੈ, ਕਦੇ ਅਫ਼ਗਾਨਿਸਤਾਨ ਦੇ "ਲੋਕਾਂ ਦੀ ਦਹਿਸ਼ਤਗਰਦੀ ਤੋਂ ਰਾਖੀ" ਕਰਦਾ ਹੈ। ਇਹ ਇਸ ਲਈ ਕਿਉਂਕਿ ਸਰਮਾਏਦਾਰ ਨੂੰ ਮੁਨਾਫ਼ਾ ਨਹੀਂ ਆਵੇਗਾ ਤਾਂ ਸੱਨਅਤ ਤਬਾਹ ਹੋ ਜਾਵੇਗੀ। ਹਥਿਆਰ ਸੱਨਅਤ ਦੇ ਹਥਿਆਰ ਜੇਕਰ ਖ਼ਪਤ ਨਹੀਂ ਹੋਣਗੇ ਤਾਂ ਮੁੜ-ਪੈਦਾਵਾਰ ਕਰਨੀ ਔਖੀ ਹੋ ਜਾਵੇਗੀ। ਇਹੀ ਮੁੱਖ ਲੋੜ ਕਰਕੇ ਅਮਰੀਕਾ ਸੰਸਾਰ ਦਾ "ਵਿਜ਼ੀਲਾਂਟੇ" ਬਣਿਆ ਹੋਇਆ ਹੈ। ਪਰ ਇਹਨਾਂ ਜੰਗਾਂ ਨੇ ਜੋ ਤਬਾਹੀ ਮੱਧ-ਪੂਰਬ ਵਿੱਚ ਮਚਾ ਰੱਖੀ ਹੈ ਉਹ ਦੇਖ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਨਿੱਕੇ-ਨਿੱਕੇ ਬੱਚਿਆਂ ਦਾ ਕਤਲ, ਜੋ ਜਿਉਂਦੇ ਵੀ ਹਨ ਉਹ ਹਰ ਸਮੇਂ ਮੌਤ ਦੇ ਪਰਛਾਵੇਂ ਹੇਠ ਸਹਿਕ ਰਹੇ ਹਨ, ਹਰ ਪਲ ਉਹਨਾਂ ਨੂੰ ਚਿੰਤਾ ਰਹਿੰਦੀ ਹੈ ਕਿ ਕਦ ਕੋਈ ਬੰਬ ਉਹਨਾਂ ਦੀ ਜਾਨ ਲੈ ਲਵੇਗਾ, ਮੱਧ-ਪੂਰਬ ਦੇ ਬੱਚਿਆਂ ਨੂੰ ਇਹ ਖ਼ੂਨੀ ਮਾਹੌਲ਼ ਵਿਰਸੇ ਵਿੱਚ ਮਿਲ ਰਿਹਾ ਹੈ। ਬੱਚੇ ਮਾਨਸਿਕ ਵਿਗਾੜਾਂ ਦੇ ਸ਼ਿਕਾਰ ਹੋ ਰਹੇ ਹਨ। ਸੰਸਾਰ ਸਾਮਰਾਜੀਆਂ ਦੇ ਇਹਨਾਂ ਮੁਨਾਫ਼ਾਖੋਰ ਹਿੱਤਾਂ ਨਾਲ਼ ਉਹਨਾਂ ਦਾ ਬਚਪਨ ਰੁਲ ਰਿਹਾ ਹੈ। ਔਰਤਾਂ ਦੀ ਹਾਲਤ ਭਿਅੰਕਰ ਹੈ। ਆਈਐਸ ਨੇ ਜੋ ਔਰਤਾਂ 'ਤੇ ਜ਼ੁਲਮ ਕੀਤੇ ਹਨ ਉਹ ਤਾਂ ਬਹੁਤ ਭਿਅੰਕਰ ਹਨ। ਇਹਨਾਂ ਜੰਗਾਂ 'ਚ ਆਮ ਲੋਕਾਂ ਦੀ ਜੋ ਪਿਛਲੇ ਸਾਲਾਂ ਤੋਂ ਹਾਲਤ ਰਹੀ ਹੈ ਉਹ ਤਾਂ ਅਲੱਗ ਤੋਂ ਇੱਕ ਲੇਖ ਦਾ ਵਿਸ਼ਾ ਹੈ। ਇਸ ਤਰ੍ਹਾਂ ਇਹ ਜੰਗਾਂ ਅੰਤਿਮ ਰੂਪ ਵਿੱਚ ਸਰਮਾਏਦਾਰੀ ਨਾਲ਼ ਜੁੜੀਆਂ ਹੋਈਆਂ ਹਨ। ਜਿੰਨੀ ਦੇਰ ਇਹ ਪ੍ਰਬੰਧ ਰਹੇਗਾ ਓਨੀ ਦੇਰ ਅਮਰੀਕਾ ਵਰਗੇ ਮਨੁੱਖ ਦੋਖੀ ਸਾਮਰਾਜੀ ਮਨੁੱਖਤਾ 'ਤੇ ਪਤਾ ਨਹੀਂ ਕਿੰਨੀ ਦੇਰ ਹੋਰ ਜੰਗਾਂ-ਯੁੱਧਾਂ ਰਾਹੀਂ ਮਨੁੱਖੀ ਖ਼ੂਨ ਦੀ ਹੋਲ਼ੀ ਖੇਡਦੇ ਰਹਿਣਗੇ। ਇਸੇ ਕਰਕੇ ਲੈਨਿਨ ਦਾ ਕਿਹਾ ਅੱਜ ਵੀ ਪ੍ਰਸੰਗਕ ਹੈ ਕਿ 'ਸਾਮਰਾਜ ਮਤਲਬ ਜੰਗ'। ਸੋ ਜਿੰਨਾ ਚਿਰ ਇਹ ਸਰਮਾਏਦਾਰਾ ਸਾਮਰਾਜ ਦੀ ਹੋਂਦ ਰਹੇਗੀ ਉਦੋਂ ਤੱਕ ਇਹ ਮਨੁੱਖਾ ਲਹੂ ਦੇ ਵਪਾਰੀ ਮਨੁੱਖੀ ਜਾਨਾਂ ਨਾਲ਼ ਖੇਡਦੇ ਰਹਿਣਗੇ। ਇਹਨਾਂ ਦਾ ਟਾਕਰਾ ਲੋਕ ਇੱਕ ਖਰੀ ਸੱਚੀ ਲਹਿਰ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਹੀ ਕਰ ਸਕਦੇ ਹਨ, ਨਹੀਂ ਤਾਂ ਇਹ ਮਨੁੱਖਦੋਖੀ ਦੈਂਤ ਮਨੁੱਖੀ ਮਾਸ ਨੂੰ ਪਤਾ ਨਹੀਂ ਕਿੰਨਾ ਚਿਰ ਚੂੰਡਦੇ ਰਹਿਣਗੇ।•

# ਸਮਾਜਕ ਬੇਗਾਨਗੀ ਤੇ ਸੋਸ਼ਲ ਮੀਡੀਆ

• *ਗੁਰਪ੍ਰੀਤ*

ਲਗਭਗ ਪਿਛਲੇ ਇੱਕ ਦਹਾਕੇ ਵਿੱਚ ਸੋਸ਼ਲ ਨੈਟਵਰਕਿੰਗ ਸਾਈਟਸ, ਖਾਸ ਤੌਰ 'ਤੇ ਫੇਸਬੁੱਕ, ਵੱਟਸਐਪ ਤੇ ਟਵਿੱਟਰ ਦਾ ਚਲਣ ਕਾਫੀ ਤੇਜੀ ਨਾਲ ਵਧਿਆ ਹੋਇਆ ਹੈ। ਇਹਨਾਂ ਦੀ ਵਰਤੋਂ, ਫਾਇਦਿਆਂ, ਸੀਮਤਾਈਆਂ, ਘਾਟਾਂ ਤੇ ਕਮਜੋਰੀਆਂ ਅਕਸਰ ਚਰਚਾ ਦਾ ਵਿਸ਼ਾ ਬਣੀਆਂ ਰਹਿੰਦੀਆਂ ਹਨ। ਪਰ ਇਸ ਚਰਚਾ ਨੂੰ ਅਕਸਰ ਅਸਲ ਹਕੀਕੀ ਜੀਵਨ ਨਾਲੋਂ ਕਾਫੀ ਤੋੜ ਲਿਆ ਜਾਂਦਾ ਹੈ। ਹਕੀਕੀ ਜੀਵਨ ਨਾਲ ਸਬੰਧ ਵੱਧ ਤੋਂ ਵੱਧ ਹਕੀਕੀ ਜੀਵਨ ਦੀਆਂ ਕੁੱਝ ਘਟਨਾਵਾਂ, ਖਬਰਾਂ, ਸੂਚਨਾਵਾਂ ਆਦਿ ਨੂੰ ਸੋਸ਼ਲ ਮੀਡੀਆ 'ਤੇ ਪਾਉਣ ਤੱਕ ਹੀ ਸੀਮਤ ਕਰਕੇ ਦੇਖਿਆ ਜਾਂਦਾ ਹੈ। ਸੋਸ਼ਲ ਮੀਡੀਆ ਨਾਲ ਲੋਕਾਂ ਦੇ ਜੁੜਾਅ ਤੇ ਉਹਨਾਂ ਦਾ ਇਸਨੂੰ ਵਰਤਣ, ਵਿਚਰਨ ਦੇ ਢੰਗ ਨੂੰ ਉਹਨਾਂ ਦੀ ਮਾਨਸਿਕਤਾ ਤੱਕ ਬੜੇ ਸਿੱਧੜ ਤਰੀਕੇ ਨਾਲ ਘਟਾ ਦਿੱਤਾ ਜਾਂਦਾ ਹੈ। ਸੋਸ਼ਲ ਮੀਡੀਆ ਵਰਤਣ ਵਾਲਾ ਪਹਿਲਾਂ ਇੱਕ ਸਮਾਜ ਦਾ ਹਿੱਸਾ ਹੈ। ਇਸ ਲਈ ਸੋਸ਼ਲ ਮੀਡੀਆ ਉੱਤੇ ਮਨੁੱਖਾਂ ਦੇ ਰਵੱਈਏ ਨੂੰ ਸਮਝਣ ਲਈ ਪਹਿਲਾਂ ਮਨੁੱਖਾਂ ਦੇ ਸਮਾਜਕ ਜੀਵਨ ਨੂੰ ਸਮਝਣਾ ਜਰੂਰੀ ਹੈ। ਇਸ ਮਗਰੋਂ ਹੀ ਅਸਲ ਜੀਵਨ ਤੇ ਸੋਸ਼ਲ ਮੀਡੀਆ ਵਿਚਲੇ ਸਬੰਧ ਨੂੰ ਵਧੇਰੇ ਡੂੰਘਾਈ ਤੇ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ। ਧਿਆਨ ਰਹੇ ਇਸ ਲੇਖ ਨੂੰ ਅਸੀਂ ਸੋਸ਼ਲ ਮੀਡੀਆ ਦੀ ਕੁੱਲ ਭੂਮਿਕਾ ਦੇ ਸਮੁੱਚ ਵਜੋਂ ਨਹੀਂ ਲੈ ਰਹੇ ਸਗੋਂ ਸਮਾਜਕ ਜੀਵਨ ਨਾਲ ਜੁੜੇ ਇਸਦੇ ਕੁੱਝ ਖਾਸ ਪੱਖਾਂ ਉੱਤੇ ਹੀ ਕੇਂਦਰਤ ਰੱਖਾਂਗੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮਾਜਕ ਮੀਡੀਆ ਦੇ ਰੂਪ ਵਿੱਚ ਇਸਦੀ ਵਰਤੋਂ ਉਸਾਰੂ ਕੰਮਾਂ ਲਈ ਵੀ ਹੋ ਸਕਦੀ ਹੈ ਅਤੇ ਇਸ ਉਸਾਰੂ ਵਰਤੋਂ ਦੀਆਂ ਵੀ ਕੁੱਝ ਹੱਦਾਂ ਹਨ।

ਸਮਾਜ ਵਿਗਿਆਨ ਦੀ ਭਾਸ਼ਾ ਵਿੱਚ ਬੇਗਾਨਗੀ ਮੌਜੂਦਾ ਸਮਾਜ ਦੀ ਇੱਕ ਬਹੁਤ ਵੱਡੀ ਬਿਮਾਰੀ ਬਣੀ ਹੋਈ ਹੈ। ਲੋਕਾਂ ਦੀ ਆਪਸ ਵਿੱਚ ਬੇਭਰੋਸਗੀ, ਰਿਸ਼ਤਿਆਂ ਵਿੱਚ ਖੋਖਲਾਪਣ, ਦਿਖਾਵਾ, ਧੋਖੇਬਾਜੀ, ਸੰਵੇਦਨਹੀਣਤਾ, ਬੇਦਿਲੀ ਅਤੇ ਇਸੇ ਤਰ੍ਹਾਂ ਕੁਦਰਤ, ਉੱਚ ਪਾਏ ਦੀਆਂ ਕਲਾਤਮਕ ਤੇ ਸਾਹਿਤਕ ਰਚਨਾਵਾਂ ਤੋਂ ਦੂਰੀ ਲੋਕਾਂ ਦੇ ਸਮਾਜਕ ਜੀਵਨ ਵਿੱਚ ਕਾਫੀ ਹੱਦ ਤੱਕ ਭਾਰੂ ਹੈ। ਲੋਕਾਂ ਦੀ ਇਸ ਬੇਗਾਨਗੀ ਦੀਆਂ ਜੜ੍ਹਾਂ ਮੌਜੂਦਾ ਸਰਮਾਏਦਾਰਾ ਪੈਦਾਵਾਰੀ ਸਬੰਧਾਂ ਵਿੱਚ ਹੀ ਹਨ। ਨਿੱਜੀ ਜਾਇਦਾਦ 'ਤੇ ਅਧਾਰਤ ਇਸ ਢਾਂਚੇ ਵਿੱਚ ਇੱਕ ਪਾਸੇ ਜਾਇਦਾਦ ਤੋਂ ਵਿਹੂਣੇ ਉਹ ਲੋਕ ਹਨ ਜੋ ਆਪਣੀ ਕਿਰਤ ਸ਼ਕਤੀ ਵੇਚ ਕੇ, ਮਿਹਨਤ-ਮਜ਼ਦੂਰੀ ਕਰਕੇ ਆਪਣਾ ਗੁਜਾਰਾ ਚਲਾਉਂਦੇ ਹਨ। ਉਹ ਖੇਤਾਂ, ਕਾਰਖਾਨਿਆਂ, ਮਸ਼ੀਨਾਂ ਆਦਿ ਉੱਤੇ ਕਿਰਤ ਕਰਕੇ ਵਸਤਾਂ ਦੀ ਪੈਦਾਵਾਰ ਕਰਦੇ ਹਨ ਪਰ ਨਿੱਜੀ ਜਾਇਦਾਦ ਕਾਰਨ ਕਿਰਤ ਦੇ ਫਲ ਉੱਤੇ ਉਹਨਾਂ ਦਾ ਹੱਕ ਨਹੀਂ ਰਹਿੰਦਾ ਸਗੋਂ ਇਹ ਮਾਲਕ ਹੜੱਪ ਜਾਂਦਾ ਹੈ। ਇਸ ਤਰ੍ਹਾਂ ਕਿਰਤ ਦੀ ਵਸਤ ਕਾਮੇ ਲਈ ਬੇਗਾਨੀ ਹੋ ਜਾਂਦੀ ਹੈ। ਹੁਣ, ਕਿਉਂਕਿ ਕਿਰਤ ਕਰਨ ਮਗਰੋਂ ਕਿਰਤ ਦੀ ਵਸਤ ਹੀ ਬੇਗਾਨੀ ਹੋ ਜਾਣੀ ਹੈ ਇਸ ਲਈ ਕਿਰਤ ਦੀ ਪ੍ਰਕਿਰਿਆ ਵੀ ਬੇਰਸ, ਅਕਾਊ ਤੇ ਬੇਗਾਨੀ ਹੋ ਜਾਂਦੀ ਹੈ। ਦੂਜੇ ਪਾਸੇ ਸਮਾਜ ਵਿੱਚ ਮੁੱਠੀ ਭਰ ਜਾਇਦਾਦ ਦੇ ਮਾਲਕ ਆਪਣੀ ਮਾਲਕੀ ਕਾਰਨ ਕਿਰਤ ਪ੍ਰਕਿਰਿਆ ਵਿੱਚ ਸਿੱਧੇ ਸ਼ਾਮਲ ਹੋਏ ਬਿਨਾਂ ਕਿਰਤ ਦੀਆਂ ਵਸਤਾਂ ਹੜੱਪ ਜਾਂਦੇ ਹਨ। ਇਸ ਤਰ੍ਹਾਂ ਉਹਨਾਂ ਲਈ ਵੀ ਕਿਰਤ ਦੀ ਪ੍ਰਕਿਰਿਆ ਔਖੀ, ਬੋਝਲ ਤੇ ਅਕਾਊ ਹੋ ਜਾਂਦੀ ਹੈ। ਇਸ ਤਰ੍ਹਾਂ ਕਿਰਤ, ਜੋ ਮਨੁੱਖੀ ਜੀਵਨ ਦੀ ਇੱਕ ਅਹਿਮ ਤੇ ਬੁਨਿਆਦੀ ਸਰਗਰਮੀ ਹੈ ਤੇ ਜਿਸਨੇ ਮਨੁੱਖ ਨੂੰ ਪਸ਼ੂ ਜਗਤ ਤੋਂ ਆਧੁਨਿਕ ਯੁੱਗ ਤੱਕ ਪਹੁੰਚਾਇਆ ਹੈ, ਉਹ ਗੈਰ-ਮਨੁੱਖੀ, ਅਕਾਊ ਤੇ ਬੇਰਸ ਹੋ ਜਾਂਦੀ ਹੈ। ਕਿਰਤ ਦੀ ਪ੍ਰਕਿਰਿਆ ਤੋਂ ਇਹ ਬੇਗਾਨਗੀ ਮਨੁੱਖੀ ਜੀਵਨ, ਮਨੁੱਖੀ ਸਬੰਧਾਂ, ਮਨੁੱਖ ਦੇ ਕੁਦਰਤ ਤੇ ਮਨੁੱਖ ਦੁਆਰਾ ਸਿਰਜੇ ਕਲਾ, ਸਾਹਿਤ ਵਿੱਚ ਵੀ ਪ੍ਰਗਟ ਹੁੰਦੀ ਹੈ ਤੇ ਮਨੁੱਖ ਇਹਨਾਂ ਤੋਂ ਵੀ ਦੂਰ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੀ ਬੁਨਿਆਦੀ ਕਿਰਤ ਸਰਗਰਮੀ ਤੋਂ ਦੂਰ ਹੋਣ ਦੇ ਨਾਲ-ਨਾਲ ਮਨੁੱਖੀ ਸੱਭਿਅਤਾ ਦੀਆਂ ਪ੍ਰਾਪਤੀਆਂ ਜਿਵੇਂ ਮਨੁੱਖੀ ਰਿਸ਼ਤੇ, ਭਾਵਨਾਵਾਂ, ਸੰਵੇਦਨਾਵਾਂ, ਕੁਦਰਤ ਤੇ ਕਲਾ ਦੇ ਸੁਹੱਪਣ 'ਚੋਂ ਅਨੰਦ ਹਾਸਲ ਕਰਨ ਦੀ ਸਮਰੱਥਾ ਆਦਿ ਤੋਂ ਵੀ ਦੂਰ ਹੁੰਦਾ ਜਾਂਦਾ ਹੈ। ਇਸੇ ਕਾਰਨ ਲੋਕ ਭੀੜ ਵਿੱਚ ਵੀ ਇਕੱਲੇ ਮਹਿਸੂਸ ਕਰਦੇ ਹਨ, ਉਹ ਆਪਣੇ ਨੇੜੇ ਦੇ ਲੋਕਾਂ 'ਤੇ ਵੀ ਭਰੋਸਾ ਨਹੀਂ ਕਰਦੇ, ਮਨੁੱਖੀ ਰਿਸ਼ਤੇ, ਸੰਵੇਦਨਾਵਾਂ 'ਚ ਖੋਖਲਾਪਣ ਤੇ ਸਤਹੀਪਣ ਸਾਫ ਝਲਕਣ ਲੱਗ ਪੈਂਦਾ ਹੈ, ਇਹਨਾਂ ਵਿੱਚੋਂ ਮਨੁੱਖਾਂ ਨੂੰ ਖੁਸ਼ੀ ਤੇ ਸੰਤੁਸ਼ਟੀ ਹਾਸਲ ਨਹੀਂ ਹੁੰਦੀ। ਇਸੇ ਤਰ੍ਹਾਂ ਉਹ ਆਪਣੇ ਆਲੇ-ਦੁਆਲੇ ਦੀ ਕੁਦਰਤ ਤੋਂ ਟੁੱਟਦੇ ਜਾਂਦੇ ਹਨ, ਪਸ਼ੂ-ਪੰਛੀਆਂ ਤੇ ਕੁਦਰਤ ਨਾਲ ਪਿਆਰ ਇੱਕ ਹੱਦ ਤੱਕ ਦਿਖਾਵਾ ਬਣਕੇ ਰਹਿ ਜਾਂਦਾ ਹੈ। ਪਹਾੜਾਂ 'ਚ ਘੁੰਮਦੇ ਹੋਏ ਲੋਕ ਕੁਦਰਤ ਦੇ ਸੁਹੱਪਣ ਨੂੰ ਮਾਨਣ ਨਾਲੋਂ "ਸਟੇਟਸ ਸਿੰਬਲ", ਭੀੜ ਵਿੱਚ ਮਟਰਗਸ਼ਤੀ ਕਰਨ, ਦਾਰੂ ਡੱਫਣ ਤੇ ਹੋਰਾਂ ਨੂੰ ਤੰਗ-ਪ੍ਰੇਸ਼ਾਨ ਕਰਨ ਵਿੱਚ ਵਧੇਰੇ ਖੁਸ਼ੀ ਹਾਸਲ ਕਰਦੇ ਹਨ। ਬੱਸਾਂ ਵਿੱਚ ਨਾਲ-ਬੈਠੇ ਜਿਉਂਦੇ ਜਾਗਦੇ ਲੋਕਾਂ ਤੇ ਖਿੜਕੀ ਤੋਂ ਬਾਹਰ ਵਹਿੰਦੀ ਜਿੰਦਗੀ ਨਾਲੋਂ ਬੱਸ ਵਿਚਲਾ ਟੀਵੀ ਤੇ ਮੋਬਾਇਲ ਫੋਨ ਵਧੇਰੇ ਸੁਖਦਾਈ ਮਹਿਸੂਸ ਹੁੰਦਾ ਹੈ। ਕਲਾ, ਸਾਹਿਤ ਦੇ ਖੇਤਰ ਵਿੱਚ ਉੱਨਤ, ਡੂੰਘੀਆਂ ਰਚਨਾਵਾਂ ਨਾਲੋਂ ਖੋਖਲੀਆਂ, ਸਤਹੀ ਤੇ ਰੱਦੀ ਕਿਸਮ ਦੀਆਂ ਰਚਨਾਵਾਂ ਨੂੰ ਪਸੰਦ ਕਰਨ ਵਾਲੇ ਵਧੇਰੇ ਹੁੰਦੇ ਹਨ।

ਇਸ ਤਰ੍ਹਾਂ ਜਦੋਂ ਮਨੁੱਖ ਆਪਣੇ ਮਨੁੱਖੀ ਸਾਰਤੱਤ ਤੋਂ ਦੂਰ ਹੁੰਦਾ ਜਾਂਦਾ ਹੈ ਤਾਂ ਉਸ ਸੱਖਣੇਪਣ ਵਿੱਚ ਪੈਦਾ ਹੋਏ ਖਲਾਅ ਨੂੰ ਗੈਰ-ਮਨੁੱਖੀ ਜਾਂ ਪਸ਼ੂ ਜੀਵਨ ਦੀਆਂ ਲੋੜਾਂ ਤੇ ਤੁੱਛ ਜਿਹੀਆਂ ਚੀਜਾਂ ਨਾਲ ਭਰਦਾ ਹੈ। ਖਾਣਾ, ਪੀਣਾ, ਬੱਚੇ ਪੈਦਾ ਕਰਨ ਜਿਹੀਆਂ ਪ੍ਰਕਿਰਿਆਵਾਂ ਜੋ ਸਮੁੱਚੇ ਪਸ਼ੂ ਜਗਤ ਦੀ ਲੋੜ ਹਨ ਉਹ ਲੋਕਾਂ ਲਈ ਮੁੱਖ ਬਣਦੀਆਂ ਜਾਂਦੀਆਂ ਹਨ ਤੇ ਇਹਨਾਂ ਵਿੱਚ ਹੀ ਉਸਨੂੰ ਵਧੇਰੇ ਅਨੰਦ ਹਾਸਲ ਹੁੰਦਾ ਹੈ। ਇਹ ਗੱਲ ਨਹੀਂ ਕਿ ਇਹਨਾਂ ਚੀਜਾਂ ਦੀ ਮਨੁੱਖ ਨੂੰ ਲੋੜ

ਨਹੀਂ, ਸਗੋਂ ਗੱਲ ਇਹ ਹੈ ਕਿ ਇਹ ਲੋੜਾਂ ਤਾਂ ਉਸਦੀਆਂ ਪਸ਼ੂ ਜੀਵਨ ਵਿੱਚ ਵੀ ਸਨ, ਮਨੁੱਖ ਨੇ ਆਪਣੀ ਸੱਭਿਅਤਾ ਦੇ ਵਿਕਾਸ ਵਿੱਚ ਜੋ ਆਤਮਕ ਦੌਲਤ, ਜੋ ਮਨੁੱਖੀ ਸੰਵੇਦਨਾਵਾਂ, ਭਾਵਨਾਵਾਂ, ਰਿਸ਼ਤੇ, ਸੁਖਮਤਾਵਾਂ ਹਾਸਲ ਕੀਤੀਆਂ ਹਨ ਉਹ ਹੀ ਅੱਜ ਮਨੁੱਖੀ ਸਾਰਤੱਤ ਦਾ ਅਹਿਮ ਅੰਗ ਹਨ। ਇਹਦੇ ਪ੍ਰਗਾਟਵੇ ਅਸੀਂ ਆਪਣੇ ਆਲੇ-ਦੁਆਲੇ ਅਕਸਰ ਦੇਖ ਸਕਦੇ ਹਾਂ। ਕਈ ਲੋਕਾਂ ਦੇ ਸ਼ੌਕ ਤੇ ਖੁਸ਼ੀਆਂ ਕੁੱਝ ਖਾਣ-ਪੀਣ ਦੀਆਂ ਵਸਤਾਂ ਨਾਲ ਜੁੜੇ ਹੁੰਦੇ ਹਨ, ਜਿਵੇਂ ਕਈਆਂ ਲਈ ਸਭ ਤੋਂ ਅਨੰਦਮਈ ਕੰਮ ਰਸਗੁੱਲੇ ਖਾਣਾ ਜਾਂ ਸ਼ਰਾਬ ਪੀਣਾ ਹੁੰਦਾ ਹੈ। ਸੈਕਸ ਦੀ ਭੁੱਖ ਅਨੇਕਾਂ ਲੋਕਾਂ ਲਈ ਲਗਭਗ ਸਾਰੀ ਉਮਰ ਸਮੱਸਿਆ ਬਣੀ ਰਹਿੰਦੀ ਹੈ। ਭਾਰਤ ਵਰਗੇ ਪਛੜੇ ਸਮਾਜਾਂ ਵਿੱਚ ਤਾਂ ਇਹ ਸਮੱਸਿਆ ਹੋਰ ਵੀ ਭਿਆਨਕ ਤੇ ਭੱਦੇ ਰੂਪ ਵਿੱਚ ਦਿਸਦੀ ਹੈ। ਬਹੁਤੇ ਮਰਦ ਔਰਤਾਂ ਨੂੰ ਮਨੁੱਖ ਸਮਝਣ ਦੀ ਸਮਰੱਥਾ ਗੁਆ ਲੈਂਦੇ ਹਨ ਤੇ ਉਹਨਾਂ ਨੂੰ ਸਿਰਫ ਇੱਕ ਭੋਗਣ ਵਾਲੀ ਵਸਤ ਦੇ ਰੂਪ ਵਿੱਚ ਦੇਖਦੇ ਹਨ। ਬੇਸ਼ੱਕ ਅਜਿਹਾ ਪ੍ਰਭਾਵ ਔਰਤਾਂ ਦੇ ਵੀ ਕਾਫੀ ਹਿੱਸੇ ਉੱਪਰ ਵੀ ਪੈਂਦਾ ਹੈ। ਇਸੇ ਕਾਰਨ ਪਿਆਰ, ਸੰਵੇਦਨਾਵਾਂ, ਰਿਸ਼ਤਿਆਂ ਵਿੱਚ ਖੋਖਲਾਪਣ ਤੇ ਧੋਖੇਬਾਜੀ ਵੱਡੇ ਪੱਧਰ 'ਤੇ ਦੇਖਣ ਨੂੰ ਮਿਲਦੀ ਹੈ। ਇੰਨਾ ਹੀ ਨਹੀਂ ਇਸ ਚੀਜ ਨੂੰ ਅੱਗੇ ਮੰਡੀ ਤੇ ਮੁਨਾਫੇ ਲਈ ਵਰਤਿਆ ਜਾਂਦਾ ਹੈ। ਪੋਰਨ ਫਿਲਮਾਂ, ਫੈਸ਼ਨ, ਐਡਵਰਟਾਈਜਿੰਗ ਵਿੱਚ ਔਰਤਾਂ ਦੇ ਜਿਸਮ ਅਤੇ ਆਮ ਗੀਤਾਂ, ਫਿਲਮਾਂ ਵਿੱਚ ਅਸ਼ਲੀਲਤਾ, ਰਿਸ਼ਤਿਆਂ ਵਿੱਚ ਧੋਖੇਬਾਜੀ, ਸਰੀਰਕ ਲੋੜਾਂ ਨੂੰ ਵਧਾ ਕੇ ਪੇਸ਼ ਕਰਨਾ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ ਜਿਸ ਰਾਹੀਂ ਇੱਕ ਪਾਸੇ ਤਾਂ ਮੋਟੇ ਮੁਨਾਫੇ ਹੁੰਦੇ ਹਨ ਦੂਜੇ ਪਾਸੇ ਇਸੇ ਚੀਜ ਨੂੰ ਹੋਰ ਹੁਲਾਰਾ ਦਿੱਤਾ ਜਾਂਦਾ ਹੈ, ਹੋਰ ਪੱਕਾ ਕੀਤਾ ਜਾਂਦਾ ਹੈ। ਇਸ ਨਾਲ ਨਵੀਂ ਪੀੜ੍ਹੀ ਦਾ ਵੱਡਾ ਹਿੱਸਾ ਸ਼ੁਰੂ ਤੋਂ ਹੀ ਵੱਡੇ ਹਮਲੇ ਦਾ ਸ਼ਿਕਾਰ ਬਣਾ ਕੇ ਇਸੇ ਪਾਸੇ ਤੋਰਿਆ ਜਾਂਦਾ ਹੈ। ਬੇਗਾਨਗੀ ਦੇ ਸ਼ਿਕਾਰ ਲੋਕ ਹੋਰ ਵੀ ਅਨੇਕਾਂ ਤੁੱਛਤਾਵਾਂ ਵਿੱਚੋਂ ਖੁਸ਼ੀ, ਸੰਤੁਸ਼ਟੀ ਹਾਸਲ ਕਰਦੇ ਦੇਖੇ ਜਾ ਸਕਦੇ ਹਨ। ਜਿਵੇਂ ਆਮ ਮੱਧਵਰਗੀ ਨੌਜਵਾਨਾਂ ਵਿੱਚ ਬ੍ਰਾਂਡਡ ਕੱਪੜੇ ਖਰੀਦਣ ਤੇ ਨਾਮੀ ਕੰਪਨੀਆਂ ਦੀਆਂ ਦੁਕਾਨਾਂ ਵਿੱਚ ਜਾ ਕੇ ਭੋਜਨ ਖਾਣਾ ਵੀ ਉਹਨਾਂ ਦੀ ਖੁਸ਼ੀ ਦਾ ਹਿੱਸਾ ਹੁੰਦਾ ਹੈ। ਇਹੋ ਜਿਹੀਆਂ ਅਨੰਤ ਤੁੱਛਤਾਵਾਂ ਗਿਣਾਈਆਂ ਜਾ ਸਕਦੀਆਂ ਹਨ। ਇਸੇ ਨੂੰ ਹੀ ਕਾਰਲ ਮਾਰਕਸ ਨੇ ਕਿਹਾ ਸੀ ਕਿ ਸਰਮਾਏਦਾਰੀ ਵਿੱਚ "ਜੋ ਮਨੁੱਖੀ ਹੁੰਦਾ ਹੈ ਉਹ ਗੈਰ-ਮਨੁੱਖੀ ਹੋ ਜਾਂਦਾ ਹੈ ਤੇ ਗੈਰ-ਮਨੁੱਖੀ, ਮਨੁੱਖੀ ਬਣ ਜਾਂਦਾ ਹੈ।"

ਅਜਿਹੇ ਮਹੌਲ ਵਿੱਚ ਜਿਉਣ ਵਾਲੇ ਬਹੁਤ ਲੋਕ, ਖਾਸ ਕਰਕੇ ਨੌਜਵਾਨ ਆਪਣੇ ਅਸਲ ਜੀਵਨ ਦੇ ਅਕੇਵੇਂ, ਖੋਖਲੇਪਣ ਵਿੱਚੋਂ ਤੰਗ ਹੋਏ ਖੁਸ਼ੀ, ਸੰਤੁਸ਼ਟੀ ਦੀ ਭਾਲ ਵਿੱਚ ਸੋਸ਼ਲ ਮੀਡੀਆ ਦੀ ਨਕਲੀ ਦੁਨੀਆਂ ਵਿੱਚ ਜਾਂਦੇ ਹਨ। ਭਾਵੇਂ ਇਹੋ ਸੋਸ਼ਲ ਮੀਡੀਆ ਨੂੰ ਵਰਤਣ ਦਾ ਇੱਕੋ-ਇੱਕ ਕਾਰਨ ਨਹੀਂ ਹੈ। ਅਜਿਹੇ ਲੋਕਾਂ ਲਈ ਸੋਸ਼ਲ ਮੀਡੀਆ ਸੂਚਨਾਵਾਂ, ਸੁਨੇਹਿਆਂ ਦੇ ਅਦਾਨ-ਪ੍ਰਦਾਨ ਤੇ ਹੋਰਨਾਂ ਨਾਲ ਰਾਬਤਾ ਬਣਾਉਣ ਦਾ ਸਾਧਨ ਨਹੀਂ ਸਗੋਂ ਉਹਨਾਂ ਦੇ ਅਸਲ ਜੀਵਨ ਦਾ ਬਦਲ ਜਾਂ ਘੱਟੋ-ਘੱਟ ਉਸਦਾ ਇੱਕ ਬਹੁਤ ਅਹਿਮ ਹਿੱਸਾ ਲੱਗਣ ਲੱਗ ਪੈਂਦਾ ਹੈ। ਉਹ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ, ਵਾਹ-ਵਾਹ ਖੱਟਣ ਲਈ ਪੂਰਾ ਜੋਰ ਲਾਉਂਦੇ ਹਨ ਤੇ ਇਹ ਜਾਨਣ ਦੇ ਬਾਵਜੂਦ ਕਿ ਸੋਸ਼ਲ ਮੀਡੀਆ ਦੀ ਦੁਨੀਆਂ ਦੇ ਸਭ ਰਿਸ਼ਤੇ ਸਤਹੀ ਤੇ ਨਕਲੀ ਹਨ, ਉਹ ਇਸ ਵਿੱਚੋਂ ਖੁਸ਼ੀ ਹਾਂਸਲ ਕਰਕੇ ਆਪਣੇ ਅਸਲ ਜੀਵਨ ਦੇ ਅਕੇਵੇਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੋਸ਼ਲ ਮੀਡੀਆ ਵਿੱਚ ਫੇਸਬੁੱਕ ਤੇ ਵਟਸਐਪ ਦੀ ਵਰਤੋਂ ਮੁੱਖ ਹੈ। ਫੇਸਬੁੱਕ ਉੱਤੇ 'ਲਾਈਕ' ਗਿਣਨੇ ਖੁਸ਼ੀ ਹਾਸਲ ਕਰਨ ਦਾ ਮੁੱਖ ਸੋਮਾ ਹੈ। ਅਜਿਹੇ ਲੋਕ ਅਕਸਰ ਆਪਣੀਆਂ, ਆਪਣੇ ਦੋਸਤਾਂ, ਪਰਿਵਾਰ ਦੀਆਂ ਤਸਵੀਰਾਂ ਪਾਉਂਦੇ ਰਹਿੰਦੇ ਹਨ ਤੇ ਘੰਟਿਆਂ ਤੇ ਕਈ ਕੁੱਝ ਦਿਨਾਂ ਤੱਕ ਲੋਕਾਂ ਵੱਲੋਂ ਕੀਤੀ ਜਾਂਦੀ ਵਾਹੋ-ਵਾਹੀ ਵਿੱਚੋਂ ਖੁਸ਼ੀ ਹਾਸਲ ਕਰਦੇ ਰਹਿੰਦੇ ਹਨ। ਸੋਸ਼ਲ ਮੀਡੀਆ ਦੀ ਇਸ ਤਰ੍ਹਾਂ ਦੀ ਵਰਤੋਂ ਇੱਕ ਤਰ੍ਹਾਂ ਦਾ ਮਾਨਸਿਕ ਰੋਗ ਬਣਕੇ ਰਹਿ ਜਾਂਦਾ ਹੈ। ਆਮ ਮੱਧਵਰਗੀ ਨੌਜਵਾਨਾਂ ਵਿੱਚ ਤਾਂ ਇਹ ਆਮ ਰੁਝਾਨ ਹੈ ਕਿ ਉਹ ਅਕਸਰ ਕਿਸੇ ਸ਼ਾਪਿੰਗ ਮਾਲ, ਰੈਸਟੋਰੈਂਟ ਜਾਂ ਕਾਫੀ ਹਾਊਸ ਵਗੈਰਾ ਵਿੱਚ ਜਾ ਕੇ ਤਸਵੀਰ ਖਿੱਚਦੇ ਹਨ ਤੇ ਇਸਨੂੰ ਫੇਸਬੁੱਕ ਉੱਤੇ ਪੋਸਟ ਕਰਦੇ ਹਨ ਤੇ ਫੇਰ ਸਾਰਾ ਦਿਨ 'ਲਾਈਕਸ' ਦੀ ਵਧਦੀ ਹੋਈ ਗਿਣਤੀ ਵਿੱਚੋਂ ਸੰਤੁਸ਼ਟੀ ਤੇ ਖੁਸ਼ੀ ਹਾਸਲ ਕਰਦੇ ਰਹਿੰਦੇ ਹਨ। ਕਈਆਂ ਉੱਤੇ ਤਾਂ ਇਸਦਾ ਨਸ਼ਾ ਇਸ ਹੱਦ ਤੱਕ ਹੁੰਦਾ ਹੈ ਕਿ ਉਹ ਆਪਣੇ ਦੋਸਤਾਂ-ਮਿੱਤਰਾਂ ਨੂੰ ਫੋਨ ਕਰਕੇ ਆਖਦੇ ਹਨ ਕਿ 'ਤੇਰੇ ਬਾਈ ਨੇ ਫੋਟੋ ਪਾਈ ਆ, ਲਾਈਕ ਕਰ ਦੇਈਂ।'

ਇਸ ਤਰ੍ਹਾਂ ਸੋਸ਼ਲ ਮੀਡੀਆ ਦੀ ਚੋਪੜੀਆਂ ਬੋਦੀਆਂ, ਲਿਸ਼ਕਦੇ ਬੂਥਿਆਂ, ਵਧੀਆਂ ਗੋਗੜਾਂ ਜਾਂ ਚਾਲੂ ਜਿਹੀ ਤੁਕਬੰਦ ਦੇ ਰੂਪ ਵਿੱਚ ਆਪਣੇ-ਆਪ ਦੀ ਮਸ਼ਹੂਰੀ ਕਰਦੇ ਰਹਿਣਾ ਅਸਲ ਸਮਾਜਕ ਜੀਵਨ ਵਿੱਚ ਖੋਖਲੇਪਣ, ਅਕੇਵੇਂ ਤੇ ਬੇਚੈਨੀ ਦਾ ਪ੍ਰਗਟਾਵਾ ਹੈ। ਇਸੇ ਤਰ੍ਹਾਂ ਵਟਸਐਪ, ਫੇਸਬੁੱਕ ਵਗੈਰਾ ਦੀ ਘੰਟਿਆਂ ਬੱਧੀ ਮੈਸਜਬਾਜੀ, ਚੈਟਿੰਗ ਵੀ ਇਸੇ ਗੱਲ ਦੀ ਪ੍ਰਤੀਕ ਹੈ ਕਿ ਉਹਨਾਂ ਲੋਕਾਂ ਨੂੰ ਆਪਣੇ ਆਸ-ਪਾਸ ਰਹਿੰਦੇ ਜਿਉਂਦੇ-ਜਾਗਦੇ ਲੋਕਾਂ ਨਾਲ ਗੱਲ ਕਰਨ ਵਿੱਚੋਂ ਖੁਸ਼ੀ ਹਾਸਲ ਨਹੀਂ ਹੁੰਦੀ। ਇਹ ਗੱਲ ਇੱਥੇ ਹੀ ਨਹੀਂ ਰੁਕਦੀ। ਜਿੱਥੇ ਸੋਸ਼ਲ ਮੀਡੀਆ ਦੀ ਅਜਿਹੀ ਵਰਤੋਂ ਸਮਾਜਕ ਬੇਗਾਨਗੀ ਦੀ ਪ੍ਰਤੀਕ ਹੈ ਉੱਥੇ ਅਜਿਹੀ ਵਰਤੋਂ ਮੋੜਵੇਂ ਰੂਪ ਵਿੱਚ ਇਸ ਸਮਾਜਕ ਬੇਗਾਨਗੀ ਨੂੰ ਹੋਰ ਵੀ ਡੂੰਘਾ ਕਰ ਦਿੰਦੀ ਹੈ। ਉਹ ਪਹਿਲਾਂ ਨਾਲੋਂ ਵੀ ਜਿਆਦਾ ਜਿਉਂਦੇ-ਜਾਗਦੇ ਮਨੁੱਖਾਂ ਤੇ ਕੁਦਰਤ ਨਾਲੋਂ ਟੁੱਟ ਜਾਂਦੇ ਹਨ ਅਤੇ ਅੱਗੇ ਫੇਰ ਉਹ ਇਸ ਵਧੀ ਹੋਈ ਬੈਗਾਨਗੀ ਦੇ ਨਤੀਜੇ ਵਜੋਂ ਸੋਸ਼ਲ ਮੀਡੀਆ ਵਿੱਚ ਹੋਰ ਵੀ ਖੁੱਭ ਜਾਂਦੇ ਹਨ। ਇਸ ਤਰ੍ਹਾਂ ਉਹ ਦਿਨੋਂ-ਦਿਨ ਸਮਾਜ ਨਾਲੋਂ ਹੋਰ ਵੀ ਵਧੇਰੇ ਟੁੱਟਦੇ ਜਾਂਦੇ ਹਨ। ਅਕਸਰ ਕਾਲਜਾਂ, ਯੂਨੀਵਰਸਿਟੀਆਂ, ਬੱਸਾਂ ਵਿੱਚ ਬਹੁਤ ਸਾਰੇ ਵਿਹਲੇ ਨੌਜਾਵਨਾਂ ਨੂੰ ਮੋਬਾਇਲ ਵਿੱਚ ਖੁੱਭੇ ਵੇਖਿਆ ਜਾ ਸਕਦਾ ਹੈ। ਕਈ ਤਾਂ ਇਸ ਹੱਦ ਤੀਕ ਖੁੱਭੇ ਹੁੰਦੇ ਹਨ ਕਿ ਤੁਰੇ ਜਾਂਦੇ ਕਿਸੇ ਚੀਜ ਨਾਲ ਟਕਰਾ ਵੀ ਜਾਂਦੇ ਹਨ। ਹੁਣ ਤਾਂ ਕਈ ਵਿਗਿਆਨੀ ਵੀ ਇਸਨੂੰ ਮਾਨਸਿਕ ਬਿਮਾਰੀ ਕਰਾਰ ਦੇ ਚੁੱਕੇ ਹਨ। ਸੋਸ਼ਲ ਮੀਡੀਆ ਵਿੱਚ ਅੱਜ-ਕੱਲ ਚੱਲ ਰਿਹਾ 'ਸੈਲਫੀ' (ਆਪਣੀ ਤਸਵੀਰ ਆਪ ਖਿੱਚਣ) ਦਾ ਰੁਝਾਨ ਵੀ ਮਾਨਸਿਕ ਰੋਗ ਦੀ ਹੱਦ ਤੱਕ ਪਹੁੰਚਿਆ ਹੋਇਆ ਹੈ।

ਇਸ ਤਰ੍ਹਾਂ ਸੋਸ਼ਲ ਮੀਡੀਆ ਜੋ ਬੇਗਾਨਗੀ ਨੂੰ ਇੱਕ ਤਰ੍ਹਾਂ

ਸ਼ੋਖਣ, ਉਸਤੋਂ ਰਾਹਤ ਹਾਸਲ ਕਰਨ ਦਾ ਨਕਲੀ ਤੇ ਖੋਖਲਾ ਸਾਧਨ ਬਣਿਆ ਹੈ ਉਸਦੇ ਨੁਕਸਾਨ ਵੀ ਹਨ। ਜਿੱਥੇ ਪਹਿਲਾਂ ਬੇਗਾਨਗੀ ਦੇ ਸ਼ਿਕਾਰ ਲੋਕ ਆਪਣੇ ਅਕੇਵੇਂ, ਬੇਚੈਨੀ ਵਿੱਚੋਂ ਇਸਦੇ ਕਾਰਨਾਂ ਨੂੰ ਲੱਭਣ, ਇਸਦੀਆਂ ਜੜ੍ਹਾਂ ਦੀ ਡੂੰਘਾਈ ਵਿੱਚ ਤਲਾਸ਼ ਕਰਨ ਵੱਲ ਮੁੜਨ ਦੀ ਇੱਕ ਸੰਭਾਵਨਾ ਰਹਿੰਦੀ ਸੀ ਉਹ ਸੋਸ਼ਲ ਮੀਡੀਆ ਨੇ ਇੱਕ ਹੱਦ ਤੱਕ ਘਟਾ ਦਿੱਤੀ ਹੈ। ਸੋਸ਼ਲ ਮੀਡੀਆ ਵਸਤਾਂ, ਵਰਤਾਰਿਆਂ ਨੂੰ ਡੂੰਘਾਈ ਵਿੱਚ ਸਮਝਣ, ਡੂੰਘੇ ਅਧਿਐਨ ਦੀ ਰੁਚੀ ਨੂੰ ਵੀ ਮਾਰਦਾ ਹੈ। ਸੋਸ਼ਲ ਮੀਡੀਆ ਵਰਤਣ ਵਾਲੇ ਜਿਆਦਾਤਰ ਲੋਕ ਹਰ ਗੱਲ ਦਾ ਤੱਟ-ਫੱਟ ਤੇ ਸੰਖੇਪ ਜੁਆਬ ਭਾਲਦੇ ਹਨ। ਭਾਰਤ ਵਰਗੇ ਸਮਾਜ ਵਿੱਚ ਜਿੱਥੇ ਪੜ੍ਹਨ, ਲਿਖਣ ਤੇ ਡੂੰਘੇ ਅਧਿਐਨ ਦਾ ਮਹੌਲ ਪਹਿਲਾਂ ਹੀ ਮਾੜਾ ਹੈ ਉੱਥੇ ਸੋਸ਼ਲ ਮੀਡੀਆ ਲੋਕਾਂ ਦੇ ਖੂਹ ਦੇ ਡੱਡੂਪੁਣੇ ਨੂੰ ਹੋਰ ਵੀ ਵਧਾਵਾ ਦੇ ਰਿਹਾ ਹੈ।

ਇਹ ਵੀ ਧਿਆਨ ਰਹੇ ਕਿ ਉਪਰੋਕਤ ਚਰਚਾ ਹਰ ਇੱਕ ਉੱਤੇ ਇੰਨ-ਬਿੰਨ ਲਾਗੂ ਨਹੀਂ ਹੁੰਦੀ, ਹਾਂ ਇਹ ਇੱਕ ਵੱਡੇ ਹਿੱਸੇ ਉੱਤੇ ਜਰੂਰ ਢੁੱਕਦੀ ਹੈ। ਇਸਦਾ ਕਾਰਨ ਇਹ ਹੈ ਕਿ ਸਮਾਜਕ ਜੀਵਨ ਇੰਨਾ ਗੁੰਝਲਦਾਰ ਤੇ ਵੰਨ-ਸੁਵੰਨਾ ਹੁੰਦਾ ਹੈ ਕਿ ਸਭ ਲੋਕਾਂ ਦੇ ਜੀਵਨ ਨੂੰ ਇੱਕ ਪ੍ਰਕਿਰਿਆ ਤੱਕ ਘਟਾਇਆ ਨਹੀਂ ਜਾ ਸਕਦਾ। ਹਰ ਕੋਈ ਆਪਣੇ ਵੱਖਰੇ ਇਤਿਹਾਸ, ਪੈਦਾਵਾਰ ਵਿੱਚ ਵੱਖੋ-ਵੱਖਰੀ ਭੂਮਿਕਾ, ਕਿਰਤ ਤੋਂ ਦੂਰੀ ਜਾਂ ਨੇੜਤਾ, ਕਿਰਤ ਪ੍ਰਕਿਰਿਆ ਦੇ ਰੂਪ ਅਤੇ ਉਹਨਾਂ ਦੇ ਵੱਖਰੇ ਸਮਾਜਿਕ ਮਹੌਲ ਕਾਰਨ ਬੇਗਾਨਗੀ ਦਾ ਘੱਟ ਜਾਂ ਵੱਧ ਰੂਪ ਵਿੱਚ ਸ਼ਿਕਾਰ ਹੁੰਦੇ ਹਨ। ਦੂਜਾ ਕਾਰਨ ਇਹ ਕਿ ਇਹ ਗੱਲ ਤਾਂ ਠੀਕ ਹੈ ਕਿ ਸਮਾਜਕ ਹੋਂਦ ਬੇਗਾਨਗੀ ਨੂੰ ਜਨਮਦੀ ਹੈ, ਪਰ ਇਸਦੇ ਨਾਲ ਮਨੁੱਖਾਂ ਦੀ ਆਪਣੀ ਚੇਤਨਾ ਵੀ ਹੁੰਦੀ ਹੈ ਜਿਸ ਰਾਹੀਂ ਉਹ ਬੇਗਾਨਗੀ ਦੇ ਇਸ ਪੂਰੇ ਵਰਤਾਰੇ ਨੂੰ ਸਮਝ ਕੇ ਇਸ ਵਿਰੁੱਧ ਲਗਾਤਾਰ ਲੜਦੇ ਵੀ ਹਨ। ਜਿਵੇਂ ਕਿ ਅਸੀਂ ਜਿਕਰ ਕੀਤਾ ਹੈ ਕਿ ਇਸ ਬੇਗਾਨਗੀ ਦਾ ਸਮਾਜਿਕ ਅਧਾਰ ਨਿੱਜੀ ਜਾਇਦਾਦ ਤੇ ਉਸਤੋਂ ਪੈਦਾ ਹੋਈ ਕਿਰਤ ਵੰਡ ਵਿੱਚ ਹੈ। ਇਸ ਲਈ ਬੇਗਾਨਗੀ ਦੇ ਖਾਤਮੇ ਲਈ ਨਿੱਜੀ ਜਾਇਦਾਦ ਅਧਾਰਤ ਢਾਂਚੇ ਨੂੰ ਤਬਾਹ ਕਰਕੇ ਸਮੂਹਿਕ ਮਾਲਕੀ ਵਾਲਾ ਇੱਕ ਅਜਿਹਾ ਸਮਾਜਿਕ ਢਾਂਚਾ ਉਸਾਰਨ ਦੀ ਲੋੜ ਹੈ ਜਿੱਥੇ ਕਿਰਤ ਪ੍ਰਕਿਰਿਆ ਰਚਨਾਤਮਕਾ, ਅਨੰਦ, ਖੁਸ਼ੀ ਤੇ ਸੰਤੁਸ਼ਟੀ ਦਾ ਵੀ ਸਾਧਨ ਹੋਵੇ।ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਜਿੰਨਾ ਚਿਰ ਸਰਮਾਏਦਾਰਾ ਢਾਂਚੇ ਦਾ ਖਾਤਮਾ ਨਹੀਂ ਹੁੰਦਾ ਓਨਾ ਚਿਰ ਇਸ ਬੇਗਾਨਗੀ ਤੋਂ ਕੋਈ ਰਾਹਤ ਹਾਸਲ ਨਹੀਂ ਹੋ ਸਕਦੀ। ਮਾਰਕਸ ਨੇ ਲਿਖਿਆ ਸੀ ਕਿ ਮਜਦੂਰ ਸਰਮਾਏ ਦੀ ਗੁਲਾਮੀ ਖਿਲਾਫ ਲੜਦੇ ਹੋਏ ਹੀ ਆਪਣੇ ਆਪ ਨੂੰ ਮਨੁੱਖ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਜੋ ਕੋਈ ਵੀ ਮੌਜੂਦਾ ਸਰਮਾਏਦਾਰਾ ਢਾਂਚੇ ਦੀ ਅਸਲੀਅਤ ਸਮਝ ਕੇ ਇਸਨੂੰ ਬਦਲਣ ਦੀ ਜੱਦੋ-ਜਹਿਦ ਵਿੱਚ ਸਰਗਰਮ ਹੁੰਦਾ ਹੈ ਉਹ ਉਸੇ ਸਮੇਂ ਆਪਣੀ ਬੇਗਾਨਗੀ ਵਿਰੁੱਧ ਵੀ ਲੜ ਰਿਹਾ ਹੁੰਦਾ ਹੈ। ਇਸੇ ਪ੍ਰਕਿਰਿਆ ਵਿੱਚ ਉਹ ਮਨੁੱਖ ਦੀ ਆਤਮਕ ਦੌਲਤ, ਸੰਵੇਦਨਾਵਾਂ, ਭਾਵਨਾਵਾਂ ਤੇ ਸੁਹਜਾਤਮਕ ਰੁਚੀਆਂ ਦੇ ਹੋਰ ਨੇੜੇ ਹੁੰਦਾ ਜਾਂਦਾ ਹੈ। ਇਸ ਲਈ ਬੇਗਾਨਗੀ ਦਾ ਟਾਕਰਾ ਸਿਰਫ ਇੱਕ ਸਿਧਾਂਤਕ ਸਮਝ ਬਣਾ ਕੇ ਹੀ ਨਹੀਂ ਹੋ ਸਕਦਾ ਸਗੋਂ ਇਸਦੇ ਨਾਲ-ਨਾਲ ਇਸ ਸਮਝ ਨੂੰ ਇਸ ਬੇਗਾਨਗੀ ਨੂੰ ਜਨਮ ਦੇਣ ਵਾਲੀਆਂ ਸਮਾਜਕ ਹਾਲਤਾਂ ਵਿਰੁੱਧ ਜੂਝਣ ਦੀ ਜੱਦੋ-ਜਹਿਦ ਵਿੱਚ ਸ਼ਾਮਲ ਹੋਣਾ ਵੀ ਜਰੂਰੀ ਹੈ।

ਮੁੜ ਸੋਸ਼ਲ ਮੀਡੀਆ ਵੱਲ ਆਉਂਦੇ ਹਾਂ। ਜਿਵੇਂ ਕਿ ਅਸੀਂ ਉੱਪਰ ਜਿਕਰ ਕੀਤਾ ਹੈ ਕਿ ਸੋਸ਼ਲ ਮੀਡੀਆ ਉੱਤੇ ਤੁੱਛਤਾਵਾਂ ਜਾਂ ਉਸਾਰੂ ਵਰਤੋਂ ਦਾ ਸਬੰਧ ਅਸਲ ਸਮਾਜਕ ਜੀਵਨ ਨਾਲ ਹੈ। ਜੋ ਕੋਈ ਵੀ ਅਸਲ ਸਮਾਜਕ ਵਿੱਚ ਬੇਗਾਨਗੀ ਦਾ ਸ਼ਿਕਾਰ ਹੈ ਉਸਦੀ ਸੋਸ਼ਲ ਮੀਡੀਆ ਦੀ ਵਰਤੋਂ ਵੀ ਓਨੀ ਹੀ ਤੁੱਛ ਹੋਵੇਗੀ, ਉਸ ਲਈ ਇਹ ਸਮਾਜਕ ਮੰਚ ਨਹੀਂ ਸਗੋਂ ਆਤਮ ਸੰਤੁਸ਼ਟੀ ਲਈ ਨਿੱਜ ਦੇ ਪ੍ਰਗਟਾਵੇ ਦਾ ਸਾਧਨ ਹੋਵੇਗਾ। ਇਸੇ ਤਰ੍ਹਾਂ ਜੋ ਲੋਕ ਆਪਣੇ ਅਸਲ ਜੀਵਨ ਵਿੱਚ ਬੇਗਾਨਗੀ ਵਿਰੁੱਧ ਤੇ ਇਸ ਬੇਗਾਨਗੀ ਨੂੰ ਪੈਦਾ ਕਰਨ ਵਾਲੇ ਸਰਮਾਏਦਾਰਾ ਢਾਂਚੇ ਖਿਲਾਫ ਲੜਦੇ ਹਨ ਉਹ ਹੀ ਸੋਸ਼ਲ ਮੀਡੀਆ ਦੀ ਕੋਈ ਉਸਾਰੂ ਵਰਤੋਂ ਕਰ ਸਕਦੇ ਹਨ। ਇੱਥੇ ਉਸਾਰੂ ਵਰਤੋਂ ਦਾ ਮਤਲਬ ਆਪਣੇ ਕਿਸੇ ਕਾਰੋਬਾਰ ਦਾ ਪ੍ਰਚਾਰ ਕਰਨਾ ਜਾਂ ਲੋਕਾਂ ਨੂੰ ਰੁੱਖ ਲਾਉਣ, ਖੂਨਦਾਨ ਕਰਨ ਜਿਹੇ ਨਿੱਜੀ ਮੁਨਾਫੇ ਤੇ ਥੋਥਲੇ ਸੁਧਾਰ ਦੇ ਕੰਮ ਨਹੀ ਹੈ। ਉਸਾਰੂ ਵਰਤੋਂ ਦਾ ਮਤਲਬ ਮੌਜੂਦਾ ਸਮਾਜਕ ਢਾਂਚੇ ਨੂੰ ਬਦਲਣ ਦੀ ਜੱਦੋ-ਜਹਿਦ ਦੇ ਅੰਗ ਵਜੋਂ ਵਰਤੋਂ ਕਰਨਾ ਹੈ। ਸੋਸ਼ਲ ਮੀਡੀਆ ਨੂੰ ਬਾਕੀ ਮੀਡੀਆ ਵੱਲੋਂ ਬਲੈਕ ਆਊਟ ਕੀਤੀਆਂ ਖਬਰਾਂ, ਸੂਚਨਾਵਾਂ ਦੇ ਪ੍ਰਚਾਰ-ਪ੍ਰਸਾਰ, ਸਰਮਾਏਦਾਰਾ-ਸਾਮਰਾਜੀ ਮੀਡੀਆ ਵੱਲੋਂ ਫੈਲਾਏ ਜਾਂਦੇ ਝੂਠਾਂ ਦਾ ਪਾਜ ਉਘੇੜਨ, ਲੋਕਾਂ ਵਿੱਚ ਇਨਕਲਾਬੀ ਵਿਰਾਸਤ, ਵਿਚਾਰਾਂ ਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ, ਸਰਮਾਏਦਾਰਾ ਵਿਚਾਰਾਂ ਦੇ ਬਦਲ ਵਿੱਚ ਲੋਕਾਂ ਵਿੱਚ ਇਨਕਲਾਬੀ ਵਿਚਾਰਾਂ ਨੂੰ ਲਿਜਾਣ, ਸਮਾਜ ਵਿਗਿਆਨ, ਇਤਿਹਾਸ, ਆਰਥਿਕਤਾ ਆਦਿ ਦੀਆਂ ਸੱਚਾਈਆਂ ਲੋਕਾਂ ਤੱਕ ਪਹੁੰਚਾਉਣ, ਹਾਕਮ ਜਮਾਤਾਂ ਦੇ ਨਾਇਕਾਂ ਦੀ ਥਾਂ ਲੋਕਾਂ ਦੇ ਨਾਇਕਾਂ ਨੂੰ ਸਥਾਪਤ ਕਰਨ, ਚਲੰਤ ਘਟਨਾਵਾਂ ਦੀ ਲੋਕਾਂ ਵਿੱਚ ਸਹੀ ਸਮਝ ਪੇਸ਼ ਕਰਨ ਆਦਿ ਜਿਹੇ ਅਨੇਕਾਂ ਰੂਪਾਂ ਵਿੱਚ ਕੀਤੀ ਜਾ ਸਕਦੀ ਹੈ।

ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸਰਮਾਏਦਾਰਾ ਢਾਂਚੇ ਦੀ ਹਕੀਕਤ ਸਮਝਣ ਤੇ ਇਸਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਸਰਗਰਮ ਕੋਈ ਵੀ ਬੇਗਾਨਗੀ ਤੋਂ ਪੂਰੀ ਤਰ੍ਹਾਂ ਮੁਕਤ ਨਹੀ ਹੁੰਦਾ, ਕਿਉਂਕਿ ਜਿਸ ਸਮਾਜ ਨੂੰ ਉਹ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਉਹ ਵੀ ਉਸ ਉੱਤੇ ਪ੍ਰਭਾਵ ਪਾਉਂਦਾ ਹੈ। ਇੱਥੇ ਫਰਕ ਉਸਦੀ ਗਤੀ, ਸੇਧ ਦਾ ਹੁੰਦਾ ਹੈ, ਉਹ ਦਿਨੋਂ-ਦਿਨ ਬੇਗਾਨਗੀ ਦੇ ਪ੍ਰਭਾਵ ਤੋਂ ਦੂਰ ਹੁੰਦੇ ਜਾਣ ਦੀ ਪ੍ਰਕਿਰਿਆ ਵਿੱਚ ਹੁੰਦਾ ਹੈ। ਇਸ ਲਈ ਇਹ ਕੁੱਝ ਉਹ ਨੁਕਤੇ ਹਨ ਜੋ ਇਨਕਲਾਬੀ ਜੱਦੋ-ਜਹਿਦ ਵਿੱਚ ਸਰਗਰਮ ਜਾਂ ਉਸ ਨਾਲ ਸਹਿਮਤੀ ਰੱਖਦੇ ਲੋਕਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਸਮੇਂ ਧਿਆਨ ਵਿੱਚ ਰੱਖਣੇ ਚਾਹੀਦੇ ਹਨ। ਕਿਤੇ ਇਹ ਨਾ ਹੋਵੇ ਕਿ ਸੋਸ਼ਲ ਮੀਡੀਆ ਨੂੰ ਵਰਤਣ ਗਏ ਉਹ ਖੁਦ ਵੀ ਕੁੱਝ ਮੁਕਾਬਲਤਨ ਅਗਾਂਹਵਧੂ, ਰੈਡੀਕਲ ਵਰਤੋਂ ਦੇ ਰੂਪ ਵਿੱਚ ਇਸ ਤੋਂ ਹੀ ਕੁੱਲ ਸੰਤੁਸ਼ਟੀ, ਖੁਸ਼ੀ ਹਾਸਲ ਕਰਨ ਲੱਗ ਪੈਣ ਤੇ ਇੰਝ ਖੁਦ ਹੀ ਵਰਤੇ ਜਾਣ।

## ਟਿੱਪਣੀਆਂ

# ਮੋਹਨ ਭਾਗਵਤ, ਸੁਰੇਸ਼ ਰਾਣਾ, ਸੰਗੀਤ ਸੋਮ ਵਰਗੇ ਦੰਗਈਆਂ ਨੂੰ ਮਿਲੀ ਜ਼ੈਡ ਸੁਰੱਖਿਆ : ਦੰਗਈਆਂ ਕਾਤਲਾਂ ਲਈ 'ਅੱਛੇ ਦਿਨ'

ਜਦੋਂ ਤੋਂ ਮੋਦੀ ਦੀ ਅਗਵਾਈ ਵਿੱਚ ਬੀਜੇਪੀ ਸੱਤਾ 'ਚ ਆਈ ਹੈ ਉਦੋਂ ਤੋਂ ਜਿੱਥੇ ਇੱਕ ਪਾਸੇ ਭਾਰਤੀ ਸਰਮਾਏਦਾਰ ਜਮਾਤ ਦੀ ਵੱਧ-ਚੜ੍ਹ ਕੇ ਸੇਵਾ ਕਰ ਰਹੀ ਹੈ, ਉਹਨਾਂ ਲਈ 'ਅੱਛੇ ਦਿਨ' ਲਿਆਉਣ ਦੇ ਯਤਨ ਕਰ ਰਹੀ ਹੈ; ਤਾਂ ਉੱਥੇ ਦੂਜੇ ਪਾਸੇ ਆਮ ਲੋਕਾਂ ਲਈ ਕੀ ਕਰ ਰਹੀ ਹੈ ? ਉਹ ਕਿਰਤ ਕਾਨੂੰਨਾਂ ਵਿੱਚ "ਸੋਧਾਂ" ਦੇ ਨਾਂ ਹੇਠ ਹਰ ਨਿਯਮ-ਕਾਨੂੰਨ ਨੂੰ ਕਿੱਲੀ 'ਤੇ ਟੰਗ ਰਹੀ ਹੈ, ਲੋਕਾਂ ਦੀਆਂ ਜਮੀਨਾਂ ਜ਼ਬਰਦਸਤੀ ਖੋਹ ਰਹੀ ਹੈ, ਨਿੱਜੀਕਰਨ ਦਾ ਕੁਹਾੜਾ ਲੋਕਾਂ 'ਤੇ ਵਾਹ ਰਹੀ ਹੈ। ਨਾਲ਼ ਹੀ ਲੋਕ ਆਪਣੀਆਂ ਮੰਗਾਂ 'ਤੇ ਇਕੱਠੇ ਨਾ ਹੋ ਜਾਣ, ਇਸ ਨੂੰ ਰੋਕਣ ਲਈ ਆਪਣਾ ਸੰਘੀ ਫਿਰਕੂ ਏਜੰਡਾ ਲਾਗੂ ਕਰ ਰਹੀ ਹੈ। ਸਿੱਖਿਆ ਦਾ ਭਗਵਾਕਰਨ ਕਰ ਰਹੀ ਹੈ, 'ਭਾਰਤੀ ਇਤਿਹਾਸ ਖੋਜ ਸੰਸਥਾ' ਜਿਹੀਆਂ ਸੰਸਥਾਵਾਂ ਵਿੱਚ ਆਪਣੇ ਪਿੱਠੂਆਂ ਨੂੰ ਬਿਠਾ ਰਹੀ ਹੈ ਅਤੇ ਆਪਣੇ ਫਿਰਕੂ ਏਜੰਡੇ ਅਨੁਸਾਰ ਇਤਿਹਾਸ ਦੀ ਤੋੜ-ਮਰੋੜ ਕਰ ਰਹੀ ਹੈ।

ਦੂਜੇ ਪਾਸੇ ਆਪਣੇ ਸੰਘੀ ਸੰਗੀਆਂ ਲਈ ਅਨੇਕ ਤਰੀਕਿਆਂ ਨਾਲ਼ 'ਅੱਛੇ ਦਿਨ' ਲਿਆਉਣ ਲਈ ਯਤਨ ਕਰ ਰਹੀ ਹੈ। ਪਿੱਛੇ ਜਿਹੇ ਹੀ ਸਰਕਾਰ ਨੇ ਰ.ਸ.ਸ. (ਰਾਸ਼ਟਰੀ ਸਵੈਸੇਵਕ ਸੰਘ) ਦੇ ਮੁਖੀ ਮੋਹਨ ਭਾਗਵਤ ਨੂੰ ਜ਼ੈੱਡ-ਪੁਲਿਸ ਸੁਰੱਖਿਆ ਦੇ ਦਿੱਤੀ ਹੈ। ਇਸ ਤੋਂ ਬਿਨਾਂ ਸੁਰੇਸ਼ ਰਾਣਾ ਵਰਗੇ ਬੀਜੇਪੀ ਦੇ ਦੰਗਈ ਆਗੂ ਨੂੰ ਵੀ ਜ਼ੈੱਡ ਸੁਰੱਖਿਆ ਦੇਣ ਦਾ ਇੰਤਜ਼ਾਮ ਕੀਤਾ ਗਿਆ ਹੈ। ਮੁਜ਼ੱਫਰਨਗਰ ਦੰਗਿਆਂ ਦੇ ਦੋਸ਼ੀ ਸੰਗੀਤ ਸੋਮ ਨੂੰ ਵੀ ਜ਼ੈੱਡ ਸੁਰੱਖਿਆ ਦਿੱਤੀ ਜਾ ਰਹੀ ਹੈ। ਭੜਕਾਊ ਭਾਸ਼ਣ ਦੇਣ ਵਾਲ਼ੀ ਕੇਂਦਰੀ ਰਾਜ ਮੰਤਰੀ ਸਾਧਵੀ ਨਿਰੰਜਨ ਜਿਓਤੀ ਨੂੰ ਵੀ ਵੀਆਈਪੀ ਸੁਰੱਖਿਆ ਦਿੱਤੀ ਗਈ ਹੈ। ਬਾਬਾ ਰਾਮ ਦੇਵ ਨੂੰ ਵੀ ਜ਼ੈੱਡ ਸੁਰੱਖਿਆ ਸਰਕਾਰ ਨੇ ਪ੍ਰਦਾਨ ਕੀਤੀ ਹੋਈ ਹੈ, ਇਹ ਉਹੀ ਬਾਬਾ ਰਾਮਦੇਵ ਹੈ ਜਿਸਨੇ ਮਨਮੋਹਨ ਦੀ ਸਰਕਾਰ ਵੇਲੇ ਭ੍ਰਿਸ਼ਟਾਚਾਰ, ਵੀਆਈਪੀ ਸੱਭਿਆਚਾਰ ਦੇ ਵਿਰੁੱਧ ਮੁਜ਼ਾਹਰੇ ਕੀਤੇ ਸਨ। ਇਸੇ ਤਰ੍ਹਾਂ ਮੋਦੀ ਸਰਕਾਰ ਨੇ ਆਪਣੇ ਚਹੇਤੇ ਆਕਾ ਮੁਕੇਸ਼ ਅੰਬਾਨੀ ਨੂੰ ਵੀ ਜ਼ੈੱਡ ਪਲੱਸ ਸੁਰੱਖਿਆ ਦਿੱਤੀ ਹੈ। ਇਸੇ ਮੁਕੇਸ਼ ਅੰਬਾਨੀ ਨੇ ਚੋਣਾਂ ਦੌਰਾਨ ਮੋਦੀ ਲਹਿਰ 'ਤੇ ਪੈਸਾ ਪਾਣੀ ਵਾਂਗ ਵਹਾਇਆ ਸੀ। ਸ਼ੋਹਰਾਬੁਦੀਨ ਸ਼ੇਖ ਅਤੇ ਉਸਦੀ ਪਤਨੀ ਦੇ ਕਤਲ ਦੇ ਦੋਸ਼ੀ ਅਤੇ ਇਸ਼ਰਤ ਜਹਾਂ ਝੂਠੇ ਪੁਲਿਸ ਮੁਕਾਬਲੇ 'ਚ ਚਰਚਾ 'ਚ ਆਏ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੂੰ ਵੀ ਸਰਕਾਰ ਨੇ ਜ਼ੈੱਡ ਪਲੱਸ ਸੁਰੱਖਿਆ ਮੁਹੱਈਆ ਕਰਵਾਈ ਹੈ।

ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਭਾਰਤ ਵਿੱਚ ਵੀਵੀਆਈਪੀ ਜਾਂ ਵੀਆਈਪੀ ਸੁਰੱਖਿਆ ਦੀਆਂ ਚਾਰ ਕੈਟਾਗਿਰੀਆਂ ਹਨ:- 1.ਜ਼ੈੱਡ-ਪਲਸ ਸੁਰੱਖਿਆ ਇਸ ਵਿੱਚ ਨੈਸ਼ਨਲ ਸੁਰੱਖਿਆ ਗਾਰਡਜ਼ (ਐਨਐਸਜੀ) ਦੇ 36 ਪੁਲਿਸ ਮੁਲਾਜ਼ਮ ਹੁੰਦੇ ਹਨ ਅਤਿ ਆਧੁਨਿਕ ਰਾਇਫਲਾਂ ਤੇ ਤਕਨੀਕੀ ਸਮਾਨ ਨਾਲ਼ ਲੈਸ ਹੁੰਦੇ ਹਨ, 2. ਜ਼ੈੱਡ ਸੁਰੱਖਿਆ ਇਸ ਤਹਿਤ ਦਿੱਲੀ ਪੁਲਿਸ, ਆਈਟੀਬੀਪੀ ਜਾਂ ਸੀਆਰਪੀਐਫ਼ ਦੇ 22 ਜਵਾਨ ਤਾਇਨਾਤ ਹੁੰਦੇ ਹਨ, 3. ਵਾਈ ਸੁਰੱਖਿਆ ਵਿੱਚ 11 ਪੁਲਿਸ ਪੁਲਾਜ਼ਮ ਅਤੇ 4. ਐਕਸ ਸੁਰੱਖਿਆ ਵਿੱਚ 2 ਪੁਲਿਸ ਮੁਲਾਜ਼ਮ ਹੁੰਦੇ ਹਨ। ਇਹਨਾਂ ਵੀਵੀਆਈਪੀਜ਼ ਜਾਂ ਵੀਆਪੀਜ਼ ਦੀ ਪੂਰੀ ਸੁਰੱਖਿਆ 'ਤੇ ਸਰਕਾਰ ਹਰ ਸਾਲ 500 ਕਰੋੜ ਤੋਂ ਵੀ ਵੱਧ ਪੈਸਾ ਖਰਚ ਕਰਦੀ ਹੈ।

ਦੂਜੇ ਪਾਸੇ ਆਮ ਲੋਕਾਂ ਦੀ ਹਾਲਤ ਲਗਾਤਾਰ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਦੇਸ਼ ਵਿੱਚ 9000 ਬੱਚਾ ਭੁੱਖ ਤੇ ਕਪੋਸ਼ਣ ਨਾਲ਼ ਮਰਦਾ ਹੈ, ਦੇਸ਼ ਦੀਆਂ 50 ਪ੍ਰਤੀਸ਼ਤ ਔਰਤਾਂ ਖ਼ੂਨ ਦੀ ਘਾਟ ਦੀਆਂ ਸ਼ਿਕਾਰ ਹਨ, ਹਸਪਤਾਲਾਂ ਵਿੱਚ ਲੱਖਾਂ ਲੋਕ ਪੈਸਾ ਨਾ ਹੋਣ ਕਾਰਨ ਇਲਾਜ ਖੁਣੋਂ ਮਰਦੇ ਹਨ, 36 ਕਰੋੜ ਲੋਕ ਭਾਰਤ ਵਿੱਚ ਝੁੱਗੀਆਂ ਝੌਂਪੜੀਆਂ ਤੇ ਫੁੱਟਪਾਥਾਂ 'ਤੇ ਸੌਂਦੇ ਨੇ। ਲੱਖਾਂ ਔਰਤਾਂ ਨਾਲ਼ ਬਲਾਤਕਾਰ ਹੁੰਦੇ ਹਨ। ਔਰਤ ਦੀ ਇਸ ਮੁਲਕ ਵਿੱਚ ਕੋਈ ਸੁਰੱਖਿਆ ਨਹੀਂ ਹੈ। ਪਰ ਬਲਾਤਕਾਰੀਆਂ, ਭ੍ਰਿਸ਼ਟਾਚਾਰੀਆਂ, ਦੰਗਈਆਂ ਨੂੰ ਸਰਕਾਰ ਜ਼ੈੱਡ ਸੁਰੱਖਿਆ ਪ੍ਰਦਾਨ ਕਰਦੀ ਹੈ। ਦੂਜੇ ਪਾਸੇ ਆਮ ਲੋਕਾਂ ਲਈ ਸੁਰੱਖਿਆ ਦੇ ਨਾਂ 'ਤੇ ਮਜ਼ਾਕ ਕੀਤਾ ਜਾ ਰਿਹਾ ਹੈ। ਇਹ ਸਥਿਤੀ ਦੇਖ ਕੇ ਸਮਝਿਆ ਜਾ ਸਕਦਾ ਹੈ ਕਿ ਚੰਗੇ ਦਿਨ ਕਿਹਨਾਂ ਲਈ ਹਨ। ਪਰ ਸਾਡਾ ਅਜੋਕਾ ਮੀਡੀਆ ਹਰ ਗੱਲ ਨੂੰ ਸਧਾਰਨੀਕ੍ਰਿਤ ਕਰਕੇ ਪੇਸ਼ ਕਰਦਾ ਹੈ। ਜਿਵੇਂ 'ਦੇਸ਼ ਦਾ ਵਿਕਾਸ', 'ਅੱਛੇ ਦਿਨ' ਆਦਿ ਜੁਮਲੇ ਜਦ ਮੀਡੀਆ ਉਛਾਲਦਾ ਹੈ ਤਾਂ ਇਸ ਵਿਚਲੇ ਜਮਾਤੀ ਤੱਤ ਨੂੰ ਗੋਲ ਕਰ ਦਿੰਦਾ ਹੈ ਕਿ ਸਰਮਾਏਦਾਰਾ ਸਮਾਜ ਵਿੱਚ ਵਿਕਾਸ ਦਾ ਮਤਲਬ ਹੁੰਦਾ ਹੈ ਲੱਖਾਂ ਲੋਕਾਂ ਦੀ ਤਬਾਹੀ ਦੇ ਮੰਜ਼ਰ 'ਤੇ ਮੁੱਠੀਭਰ ਲੋਕਾਂ ਦਾ ਵਿਕਾਸ ਅਤੇ ਉਹਨਾਂ ਦੀ ਮੁੱਠੀ ਭਰ ਲੋਕਾਂ ਲਈ ਅੱਛੇ ਦਿਨ। ਹੁਣ ਤੱਕ ਦੇ ਸਾਰੇ ਲੋਟੂ ਸਮਾਜਾਂ ਲਈ ਆਮ ਕਿਰਤੀ ਲੋਕਾਂ ਲਈ 'ਅੱਛੇ ਦਿਨ' ਕਦੇ ਵੀ ਨਹੀਂ ਰਹੇ। ਇਤਿਹਾਸ 'ਚ ਹਮੇਸ਼ਾ ਹੀ ਕਿਰਤੀ ਲੋਕਾਂ ਨੇ ਅਜਿਹੇ 'ਅੱਛੇ ਦਿਨਾਂ' ਲਈ ਹਮੇਸ਼ਾ ਆਪਣਾ ਖ਼ੂਨ-ਪਸੀਨਾ ਵਹਾਇਆ ਹੈ ਪਰ ਉਹਨਾਂ ਲਈ ਅੱਛੇ ਦਿਨ ਹਾਲੇ ਤੱਕ ਵੀ ਨਹੀਂ ਆਏ। ਪਰ ਜਦੋਂ ਸਮਾਜਿਕ ਪੈਦਾਵਾਰ ਜੋ ਮੁਨਾਫ਼ਾ ਕੇਂਦਰਿਤ ਨਾ ਹੋ ਕੇ ਮਨੁੱਖ ਅਧਾਰਿਤ ਹੋਵੇਗੀ ਉਦੋਂ ਹੀ ਸਭ ਲੋਕਾਂ ਲਈ 'ਅੱਛੇ ਦਿਨ' ਆ ਸਕਦੇ ਹਨ। ਪਰ ਇਸਦਾ ਵਾਹਕ ਭਵਿੱਖ ਹੈ ਜਦ ਮਨੁੱਖਤਾ ਆਪਣੇ ਪਿੰਡੇ ਤੋਂ ਲਹੂ ਪੀਣੀਆਂ ਜੋਕਾਂ ਨੂੰ ਉਤਾਰ ਸੁੱਟੇਗੀ।

**• ਕੁਲਦੀਪ**

# ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ

ਸਾਡੇ ਦੇਸ਼ ਦੀ ਸੁਪਰੀਮ ਕੋਰਟ ਨੇ 13 ਜੂਨ 1997 ਨੂੰ ਦਿੱਲੀ ਵਿੱਚ ਵਾਪਰੇ ਦਰਦਨਾਕ ਉਪਹਾਰ ਅਗਨੀ ਕਾਂਡ ਵਿੱਚ ਸਿਨੇਮਾ ਮਾਲਕ ਤੇ ਦਿੱਲੀ ਦੇ ਵੱਡੇ ਬਿਲਡਰ ਅਾਂਸਲ ਭਰਾਵਾਂ ਨੂੰ ਇਸ ਦੋਸ਼ ਤੋਂ ਮੁਕਤ ਕਰਦਿਆਂ ਅਗਨੀ ਕਾਂਡ ਦੇ ਪੀੜਤਾਂ ਨੂੰ 60 ਕਰੋੜ ਰੁਪਏ ਦੇਣ ਦਾ ਫੈਸਲਾ ਸੁਣਾਇਆ ਹੈ। ਜਿੱਥੇ ਇਹ ਫੈਸਲਾ ਸਾਡੇ ਦੇਸ਼ ਦੀ ਨਿਆਂ-ਪਾਲਿਕਾ ਦੇ ਲੋਕ ਵਿਰੋਧੀ ਹੋਣ ਦੀ ਜਾਮਨੀ ਭਰਦਾ ਹੈ ਉੱਥੇ ਨਾਲ਼ ਹੀ ਨਾਲ਼ ਦੇਸ਼ ਦੇ ਵੱਡੇ ਸਰਮਾਏਦਾਰਾਂ ਦੀ ਰਖੇਲ ਹੋਣ ਦਾ ਸੱਚ ਵੀ ਉਜਾਗਰ ਕਰਦਾ ਹੈ। ਅੱਜ ਤੋਂ 18 ਸਾਲ ਪਹਿਲਾਂ ਦੱਖਣੀ ਦਿੱਲੀ ਵਿੱਚ ਸਥਿਤ ਉਪਹਾਰ ਸਿਨੇਮੇ ਵਿੱਚ ਚੱਲ ਰਹੀ ਬਾਰਡਰ ਫਿਲਮ ਦੌਰਾਨ ਉੱਥੇ ਠੀਕ ਪ੍ਰਬੰਧਾਂ ਦੇ ਨਾ ਹੋਣ ਕਰਕੇ ਭਿਆਨਕ ਅਗਨੀ ਕਾਂਡ ਵਾਪਰ ਗਿਆ ਸੀ । ਜਿਸ ਵਿੱਚ 59 ਲੋਕਾਂ ਦੀ ਮੌਤ ਅਤੇ 100 ਤੋਂ ਵੱਧ ਲੋਕ ਭਿਆਨਕ ਰੂਪ ਵਿੱਚ ਜਖਮੀ ਹੋ ਗਏ ਸਨ। ਕਈ ਸਾਲ ਚੱਲੇ ਇਸ ਕੇਸ ਵਿੱਚ ਸੀਬੀਆਈ ਨੇ ਵੀ ਅਪਣੇ ਵੱਲੋਂ ਦਰਜ਼ ਕੇਸ ਵਿੱਚ ਕਿਹਾ ਸੀ ਕਿ ਅਸਲ ਵਿੱਚ ਅਾਂਸਲ ਭਰਾਵਾਂ ਦੀ ਰੁਚੀ ਦਰਸ਼ਕਾਂ ਦੀ ਸੁਰੱਖਿਆ ਦੀ ਨਾ ਹੋ ਕੇ ਮੁਨਫਾ ਵਧਾਉਣ ਦੀ ਸੀ ਤੇ ਨਾਲ਼ ਹੀ ਪੀੜਤ ਪਰਿਵਾਰਾਂ ਦੇ 'ਉਪਹਾਰ ਗਵਾਹ ਸੰਘ' ਵੱਲੋਂ ਵੀ ਵਾਰ-ਵਾਰ ਹਾਈ ਕੋਰਟ ਵੱਲੋਂ ਐਲਾਨੀ ਇੱਕ-ਇੱਕ ਸਾਲ਼ ਦੀ ਸਜ਼ਾ ਜਿਸ ਨੂੰ ਕਿ ਹੇਠਲੀ ਅਦਾਲਤ ਨੇ ਦੋ-ਦੋ ਸਾਲ ਕੀਤਾ ਸੀ ਦੇ ਵਿਰੋਧ ਵਿੱਚ ਕਿਹਾ ਕਿ ਉਹ ਮੁਆਵਜਾ ਨਹੀਂ ਚਾਹੁੰਦੇ। ਉਹਨਾਂ ਦੀ ਮੰਗ ਸੀ ਕਿ ਦੋਸ਼ੀਆਂ ਦੀ ਸਜ਼ਾ ਵਧਾਈ ਜਾਵੇ । ਪਰ ਅਦਾਲਤ ਨੇ ਉਪਰੋਕਤ ਸਾਰੀਆਂ ਦਲੀਲਾਂ ਨੂੰ ਅੱਖੋਂ ਓਹਲੇ ਕਰਦੇ ਹੋਏ ਦੋਸ਼ੀ ਅਾਂਸਲ ਭਰਾਵਾਂ ਨੂੰ ਪੈਸੇ ਦੇਕੇ ਜਖਮੀ ਦਿਲਾਂ ਦਾ ਦਰਦ ਪੂਰਣ ਦੀ ਜੋ ਸਜ਼ਾ ਸੁਣਾਈ ਉਹ ਬਿਨਾ ਸ਼ੱਕ ਘਟੀਆ ਦਰਜ਼ੇ ਦੀ ਕਾਰਗੁਜ਼ਾਰੀ ਹੈ। ਅਦਾਲਤ ਵੱਲੋਂ ਸੁਣਾਈ ਸਜ਼ਾ ਨਾਲ਼ ਇਹਨਾਂ ਅਾਂਸਲ ਭਰਾਵਾਂ ਨੂੰ ਰੱਤੀ ਭਰ ਵੀ ਫਰਕ ਨਹੀਂ ਪੈਣ ਲੱਗਿਆ, ਕਿਉਂਕਿ ਜੇ ਅਾਂਸਲ ਭਰਾਵਾਂ ਦੇ ਇਸ ਸਿਨੇਮੇ ਦੀ ਥਾਂ ਦੀ ਅੱਜ ਦੀ ਸਰਕਾਰੀ ਕੀਮਤ ਮੁਤਾਬਿਕ ਹੀ ਗੱਲ ਕਰਨੀ ਹੋਵੇ ਤਾਂ ਉਸ ਦੀ ਸਰਕਾਰੀ ਕੀਮਤ ਹੀ ਅੱਜ 160 ਕਰੋੜ ਤੋਂ ਉੱਪਰ ਹੈ ਤੇ ਇਸ ਦੀ ਨਿੱਜੀ ਮੁਨਾਫੇ ਲਈ ਵੇਚ ਬੁੱਕਤ ਤਾਂ ਕਈ ਸੌ ਕਰੋੜ ਦੀ ਹੋਵੇਗੀ। ਉਂਝ ਵੀ ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਦੇਖਿਆ ਜਾਵੇ ਤਾਂ ਇੰਝ ਲਗਦਾ ਹੈ ਕਿ ਅਦਾਲਤਾਂ ਲਈ ਆਮ ਲੋਕਾਂ ਦੀਆਂ ਦੁੱਖ ਤਖਲੀਫਾਂ ਦੀ ਕੋਈ ਥਾਂ ਨਹੀਂ । ਕੀ ਇਸ ਫੈਸਲੇ ਨਾਲ਼ ਉਹਨਾਂ ਪਰਿਵਾਰਾਂ ਦੇ ਦਰਦ ਨੂੰ ਜਿਹਨਾਂ ਦੇ ਪਰਿਵਾਰਕ ਜੀਅ ਇਸ ਅਗਨੀ ਕਾਂਡ ਵਿੱਚ ਹਮੇਸ਼ਾ ਲਈ ਦੂਰ ਹੋ ਗਏ ਕੋਈ ਇਨਸਾਫ ਮਿਲਿਆ ਹੋਵੇਗਾ ? ਇਸ ਅਗਨੀ ਕਾਂਡ ਵਿੱਚ ਆਪਣਾ 13 ਸਾਲ ਦਾ ਬੇਟਾ ਤੇ 17 ਸਾਲ ਦੀ ਬੇਟੀ ਗਵਾ ਚੁੱਕੀ ਨੀਲਮ ਨਾਂਅ ਦੀ ਔਰਤ ਨੇ ਇਸ ਫੈਸਲੇ ਤੇ ਅਦਾਲਤ ਤੋ ਬਾਹਰ ਆ ਕੇ ਜੋ ਕਿਹਾ ਬਿਨਾ ਸ਼ੱਕ ਉਹ ਦਿਲ ਨੂੰ ਝੰਜੋੜਨ ਵਾਲਾ ਸੀ ਉਸਨੇ ਕਿਹਾ ਕਿ ਅਠਾਰਾਂ ਸਾਲ ਪਹਿਲਾਂ ਉਸ ਦਾ ਰੱਬ ਤੋ ਯਕੀਨ ਉੱਠ ਗਿਆ ਸੀ ਤੇ ਅੱਜ ਉਸਦਾ ਨਿਆਂ ਪਾਲਿਕਾ ਤੋ ਯਕੀਨ ਉੱਠ ਗਿਆ ਹੈ, ਉਸ ਦੇ ਬੱਸ ਇਹ ਹੀ ਬੋਲ ਸਨ: "ਇਹ ਕਿਹੋ ਜਿਹਾ ਇਨਸਾਫ ਹੈ"। ਇਸ ਤੋਂ ਪਹਿਲਾਂ ਵੀ ਦੇਸ਼ ਵਿੱਚ ਵਾਪਰੇ ਭੁਪਾਲ ਗੈਸ ਕਾਂਡ ਵਿੱਚ ਵੀ ਲੰਮੇ ਸਮੇਂ ਮਗਰੋਂ ਅਜਿਹਾ ਹੀ ਫੈਸਲਾ ਅਦਾਲਤ ਨੇ ਯੂਨੀਅਨ ਕਾਰਬਾਇਡ ਕੰਪਨੀ ਤੇ ਦਿੱਤਾ ਸੀ। ਕੀ ਪੈਸੇ ਵਾਲੇ ਇਹ ਅਮੀਰ ਲੋਕ ਆਮ ਲੋਕਾਂ ਦੀ ਜਿੰਦਗੀ ਨਾਲ਼ ਇਸੇ ਤਰ੍ਹਾਂ ਮਜਾਕ ਕਰਦੇ, ਇੰਝ ਹੀ ਪੈਸੇ ਦੇ ਸਿਰ ਤੇ ਬਚਦੇ ਰਹਿਣਗੇ । ਪਿਛਲੀ 19 ਅਗਸਤ ਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਉਹਨਾਂ ਪਰਿਵਾਰਾਂ ਦੇ ਰਿਸਦੇ ਜਖਮਾਂ 'ਤੇ ਮੱਲ੍ਹਮ ਲਾਉਣ ਦੀ ਥਾਂ ਉਸਨੂੰ ਹੋਰ ਕੁਰੇਦਦਾ ਜੋ ਫੈਸਲਾ ਕੀਤਾ ਹੈ ਉਸ ਨਾਲ਼ ਇੱਕ ਵਾਰ ਫਿਰ ਇਹ ਸਾਬਤ ਹੋ ਗਿਆ ਹੈ ਕਿ ਇਹ ਕਨੂੰਨ ਜਿਸ ਦੇ ਸਭ ਲਈ ਬਰਾਬਰ ਹੋਣ ਦਾ ਹਮੇਸ਼ਾ ਢੰਡੋਰਾ ਪਿੱਟਿਆ ਜਾਂਦਾ ਹੈ, ਉਹ ਅਮੀਰਾ ਲਈ ਹੋਰ ਤੇ ਗਰੀਬਾਂ ਲਈ ਹੋਰ ਹਨ। ਇਹਨਾਂ ਅਦਾਲਤਾਂ ਬਾਰੇ ਤਾਂ ਇਹ ਹੀ ਕਿਹਾ ਜਾ ਸਕਦਾ ਹੈ:

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ
ਕੀ ਇਹ ਇਲਸਾਫ ਹਉਮੇ ਦੇ ਪੁੱਤ ਕਰਨਗੇ,
ਜਾਂ ਇਹ ਪੱਥਰ ਦੇ ਬੇਜਾਨ ਬੁੱਤ ਕਰਨਗੇ. .

.• ਗਗਨ

---

# ਗੁਜਰਾਤ, ਉੱਤਰ ਪ੍ਰਦੇਸ਼ ਤੇ ਹੁਣ ਬਿਹਾਰ...

ਗੁਜਰਾਤ ਅਤੇ ਉੱਤਰ ਪ੍ਰਦੇਸ਼ ਵਿੱਚ ਹਿੰਦੂ-ਮੁਸਲਿਮ ਧਰੁਵੀਕਰਨ ਕਰਨ ਅਤੇ ਮੁਸਲਿਮ ਅਬਾਦੀ ਨੂੰ ਹਾਸ਼ੀਏ ਤੇ ਧੱਕਣ ਤੋਂ ਬਾਅਦ ਸੰਘ ਦੀ ਫਿਰਕੂ ਸਿਆਸਤ ਦਾ ਅਗਲਾ ਨਿਸ਼ਾਨਾ ਬਿਹਾਰ ਬਣਨ ਜਾ ਰਿਹਾ ਹੈ। ਜੂਨ 2013 ਵਿੱਚ ਭਾਜਪਾ-ਜਨਤਾ ਦਲ (ਯੂਨਾਇਟਡ) ਗਠਜੋੜ ਟੁੱਟਣ ਤੋਂ ਲਗਭਗ ਇੱਕ ਮਹੀਨੇ ਤੋਂ ਬਾਅਦ ਹੀ ਬਿਹਾਰ ਵਿੱਚ ਫਿਰਕੂ ਘਟਨਾਵਾਂ ਦੀ ਗਿਣਤੀ ਵਧਕੇ 667 ਹੋ ਗਈ ਜੋ ਕਿ ਭਾਜਪਾ-ਜਨਤਾ ਦਲ(ਯੂਨਾਇਟਡ) ਗਠਜੋੜ ਦੇ ਸਾਢੇ ਤਿੰਨ ਸਾਲ ਦੇ ਕਾਲ ਦੌਰਾਨ 226 ਸੀ।

ਬਿਹਾਰ ਵਿੱਚ ਫਿਰਕੂ ਧਰੁਵੀਕਰਨ ਦਾ ਪੈਟਰਨ ਵੀ ਉੱਤਰ ਪ੍ਰਦੇਸ਼ ਨਾਲ ਮਿਲਦਾ ਜੁਲਦਾ ਹੈ। ਉੱਤਰ ਪ੍ਰਦੇਸ਼ ਵਿੱਚ ਮੁਜ਼ੱਫਰ ਨਗਰ ਦੇ ਦੰਗਿਆਂ(ਕਤਲੇਆਮ) ਤੋਂ ਪਹਿਲਾਂ ਸੰਘ ਨੇ ਬਹੁਤ ਪਹਿਲਾਂ ਹੀ ਛੋਟੀਆਂ-ਛੋਟੀਆਂ ਫਿਰਕੂ ਘਟਨਾਵਾਂ ਰਾਹੀਂ ਇੱਕ ਪੂਰੇ ਜਥੇਬੰਦਕ ਰੂਪ ਵਿੱਚ ਪਹਿਲਾਂ ਮੁਜ਼ੱਫਰਨਗਰ ਦੰਗਿਆਂ ਦੀ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ। ਇਹ ਉੱਤਰ ਪ੍ਰਦੇਸ਼ ਹੀ ਸੀ ਜਿਸ ਨੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਨੂੰ ਯਕੀਨੀ ਬਣਾਇਆ । ਬਿਹਰ

ਵਿੱਚ 2014 ਦੀਆਂ ਲੋਕ ਸਭਾ ਚੋਣਾ ਦੌਰਾਨ ਭਾਜਪਾ ਨੂੰ 23 ਵਿੱਚੋਂ 18 ਸੀਟਾ ਉਹਨਾਂ ਜਿਲਿਆਂ ਵਿੱਚੋਂ ਹਾਸਲ ਹੋਈਆਂ ਸਨ ਜਿਹਨਾਂ ਵਿੱਚ 'ਇੰਡੀਅਨ ਐਕਸਪ੍ਰੈਸ' ਦੇ ਸ੍ਰਵੇਖਣ ਅਨੁਸਾਰ 2013 ਤੋਂ ਬਾਅਦ ਕੁੱਲ ਘਟਨਾਂਵਾ 'ਚੋਂ 70 ਫੀਸਦੀ ਤੋਂ ਵੱਧ ਫਿਰਕੂ ਘਟਨਾਂਵਾ ਵਾਪਰੀਆਂ। ਬਿਹਾਰ ਵਿੱਚ ਜਿਹਨਾਂ 24 ਜਿਲ੍ਹਿਆਂ ਵਿੱਚ ਮੁਸਲਿਮ ਅਬਾਦੀ ਸਭ ਤੋਂ ਘੱਟ ਹੈ ਉਹਨਾਂ ਜਿਲਿਆਂ ਵਿੱਚ ਭਾਜਪਾ ਨੂੰ ਲੋਕ ਸਭਾ ਚੋਣਾ ਵਿੱਚ 22 ਸੀਟਾਂ ਹਾਂਸਲ ਹੋਈਆਂ ਸਨ। ਬਿਹਾਰ ਵਿੱਚ 2013 ਤੋਂ ਹੁਣ ਤੱਕ ਹੋਈਆਂ ਇਹਨਾਂ ਫਿਰਕੂ ਘਟਨਾਂਵਾ ਦੀ ਦਿਸ਼ਾ ਵੀ ਉੱਤਰ-ਪ੍ਰਦੇਸ਼ ਵਾਲੀ ਹੀ ਹੈ।

ਬਿਹਰ ਵਿੱਚ 2015 ਦੀਆਂ ਵਿਧਾਨ ਸਭਾ ਚੋਣਾਂ ਮੁਹੱਰਮ ਅਤੇ ਦੁਰਗਾ ਪੂਜਾ ਦੇ ਸਮੇਂ ਹੋਣਗੀਆਂ। ਦੂਜੇ ਪਾਸੇ ਕੇਂਦਰ ਵਿੱਚ ਮੋਦੀ ਦੁਆਰਾ ਅਲਾਪੇ ਗਏ ਸਾਰੇ ਰਾਗ ਬੇਸੁਰੀਆਂ ਚੀਕਾਂ ਵਿੱਚ ਬਦਲ ਚੁੱਕੇ ਹਨ। ਮੋਦੀ ਦੀ ਸਤਰੰਗੀ ਪੀਂਗ ਦੇ ਸਾਰੇ ਰੰਗ ਫਿੱਕੇ ਪੈਣ ਤੋਂ ਬਾਅਦ ਭਾਜਪਾ ਨੂੰ ਹੁਣ ਸਿਰਫ ਭਗਵੇਂ ਰੰਗ ਦਾ ਹੀ ਸਹਾਰਾ ਹੈ। ਇਸ ਦੇ ਨਾਲ ਹੀ ਚੀਨ ਦੇ ਮੌਜੂਦਾ ਆਰਥਿਕ ਸੰਕਟ ਨੇ ਪੂਰੀ ਦੁਨੀਆਂ 'ਤੇ ਅਸਰ ਪਾਇਆ ਹੈ। ਇਸ ਲਈ ਸੰਘ ਦਾ ਫਿਰਕੂ ਏਜੰਡਾ ਇਸ ਦੇ ਰਾਜਨੀਤਕ ਵਿੰਗ ਭਾਜਪਾ ਲਈ ਹੀ ਨਹੀ ਸਗੋਂ ਭਾਰਤ ਦੀ ਹਾਕਮ ਜਮਾਤ ਦੀ ਵੀ ਅਣ-ਸਰਦੀ ਲੋੜ ਹੈ।

• ਤਜਿੰਦਰ

ਜੇ ਜੀਵ ਵਿੱਚ ਜਿਊਣ ਦੀ ਯੋਗਤਾ ਹੈ ਤਾਂ ਇਹ ਹਰ ਪੀੜ ਦੇ ਉੱਤਰ ਵਿੱਚ ਪ੍ਰਤੀਕਰਮ ਕਰੇਗਾ। ਮੈਂ ਵੀ ਪ੍ਰਤੀਕਰਮ ਕਰਦਾ ਹਾਂ ਜਦੋਂ ਮੈਨੂੰ ਪੀੜ ਹੁੰਦੀ ਹੈ ਮੇਰੇ ਹੰਝੂ ਵਗਦੇ ਹਨ, ਚੀਕਾਂ ਨਿੱਕਲ਼ ਜਾਂਦੀਆਂ ਹਨ। ਨੀਚਤਾ ਤੇ ਕਮੀਨਗੀ ਨੂੰ ਦੇਖਕੇ ਮੇਰੇ ਅੰਦਰ ਗੁੱਸੇ ਅਤੇ ਨਫ਼ਰਤ ਦਾ ਉਬਾਲ਼ ਉੱਠਦਾ ਹੈ। ਮੇਰੇ ਖਿਆਲ ਅਨੁਸਾਰ ਇਸੇ ਦਾ ਨਾਂ ਜ਼ਿੰਦਗੀ ਹੈ। ਜੀਵ ਜਿੰਨਾਂ ਨੀਵਾਂ ਹੋਵੇਗਾ, ਉਸਦਾ ਅਨੁਭਵ ਉਨਾਂ ਹੀ ਨੀਵਾਂ ਅਤੇ ਪੀੜ ਦੇ ਉੱਤਰ ਵਿੱਚ ਉਸਦਾ ਪ੍ਰਤੀਕਰਮ ਉਨਾ ਹੀ ਕਮਜ਼ੋਰ ਹੋਵੇਗਾ। ਅਤੇ ਜੀਵ ਜਿੰਨਾਂ ਉੱਚਾ ਹੋਵੇਗਾ, ਅਸਲੀਅਤ ਸਬੰਧੀ ਉਸਦਾ ਪ੍ਰਤੀਕਰਮ ਉਨਾਂ ਹੀ ਅਹਿਸਾਸ ਭਰਪੂਰ ਅਤੇ ਸ਼ਕਤੀਸ਼ਾਲੀ ਹੋਵੇਗਾ।

• ਚੈਖਵ

## 'ਲਲਕਾਰ' ਇੱਥੋਂ ਪ੍ਰਾਪਤ ਕਰੋ

**ਚੰਡੀਗੜ੍ਹ** • ਮਾਨਵ, ਪੰਜਾਬ ਯੂਨੀ.— 98888-08188
• ਪੰਜਾਬ ਬੁੱਕ ਸੈਂਟਰ, 1126-27, ਸੈਕਟਰ 22 ਬੀ।
• ਲਿਆਲ ਬੁੱਕ ਡਿੱਪੂ, ਸੈਕਟਰ 14, ਪੰਜਾਬ ਯੂਨੀਵਰਸਿਟੀ ਮਾਰਕਿਟ।
• ਸਟੈਂਡਰਡ ਬੁੱਕ ਡਿੱਪੂ, ਦੂ. ਨੰ.-78, ਸੈਕਟਰ 15ਡੀ।
• ਏਲਾਈਡ ਬੁੱਕ ਸੈਂਟਰ, ਦੁ. ਨੰ.-50, ਸੈਕਟਰ 15ਡੀ।
**ਮੁਹਾਲੀ** • ਬਾਂਸਲ ਬੁੱਕ ਸ਼ਾਪ, ਫੇਜ਼-3ਬੀ2, ਮਾਰਕਿਟ।
• ਕਲਾਸਿਕ ਬੁੱਕ ਸ਼ਾਪ, ਫੇਜ਼-2, ਮਾਰਕਿਟ।
**ਪਟਿਆਲਾ** • ਜਸਮੀਤ, ਪੰਜਾਬੀ ਯੂਨੀ.— 8054939980
• ਮਦਾਨ ਬੁੱਕ ਡਿਪੂ, ਪੰਜਾਬੀ ਯੂਨੀਵਰਸਿਟੀ।
• ਗ੍ਰੇਸ਼ੀਅਸ ਬੁੱਕ ਡਿਪੂ, ਦੁਕਾਨ ਨੰ.-23, ਸ਼ਾਲੀਮਾਰ ਪਲਾਜ਼ਾ, ਪੰਜਾਬੀ ਯੂਨੀਵਰਸਿਟੀ ਦੇ ਮੁੱਖ ਗੇਟ ਸਾਹਮਣੇ।
• ਐੱਨ.ਕੇ. ਏਜੰਸੀ, ਬੱਸ ਅੱਡਾ ਪਟਿਆਲਾ।
**ਮੰਡੀ ਗੋਬਿੰਦਗੜ/ਖੰਨਾ** • ਗੁਲਸ਼ਨ - 84273-50099
**ਲੁਧਿਆਣਾ** • ਜਨਚੇਤਨਾ, ਪੰਜਾਬੀ ਭਵਨ : 8558985719
• ਮਹਿੰਦਰਾ ਨਿਊਜ ਏਜੰਸੀ, ਘੰਟਾ ਘਰ।
• ਬੁੱਕ ਸਟਾਲ, ਬੱਸ ਅੱਡਾ।
• ਅਜ਼ਾਦ ਨਿਊਜ਼ ਏਜੰਸੀ, ਭਾਰਤ ਨਗਰ ਚੌਂਕ।
• ਬੁੱਕ ਸਟਾਲ, ਸਮਰਾਲਾ ਚੌਂਕ।
• ਬੁੱਕ ਸਟਾਲ ਗਿੱਲ ਨਹਿਰ, ਨੇੜੇ ਜੀ.ਐੱਨ.ਈ. ਕਾਲਜ।
**ਸੰਗਰੂਰ** • ਇਨਜਿੰਦਰ - 99141-49422
**ਜਲੰਧਰ** • ਸੇਠੀ ਇੰਟਰਪ੍ਰਇਸਜ਼, 15- ਸ਼ਾਸ਼ਤਰੀ ਮਾਰਕਿਟ।
• ਅਗਰਵਾਲ਼ ਨਿਊਜ਼ ਏਜੰਸੀ, ਦੁਕਾਨ ਨੰ-22, ਬੱਸ ਅੱਡਾ।
• ਪੰਜਾਬ ਬੁੱਕ ਸੈਂਟਰ, ਨੇੜੇ ਹੋਟਲ ਪਲਾਜ਼ਾ, ਦਿਲਕੁਸ਼ਾ ਮਾਰਕਿਟ।
• ਪ੍ਰਕਾਸ਼ ਨਾਵਲ ਸਟੋਰ, ਬੱਸ ਅੱਡੇ ਦਾ ਬਾਹਰ, ਗੜ੍ਹਾ ਰੋਡ।
• ਬੁੱਕ ਸਟਾਲ, ਪਲੇਟਫਾਰਮ ਨੰ-1, ਰੇਲਵੇ ਸਟੇਸ਼ਨ ਜਲੰਧਰ।
**ਬਠਿੰਡਾ** • ਕੁਲਦੀਪ — 99153-88824
• ਵੋਹਰਾ ਨਿਊਜ਼ ਏਜੰਸੀ, ਬੱਸ ਅੱਡਾ।
• ਨਿਊ ਬੁੱਕ ਪੈਲੇਸ, ਨੇੜੇ ਰੇਲਵੇ ਸਟੇਸ਼ਨ।
**ਬਰਨਾਲ਼ਾ** • ਬੁੱਕ ਸਟਾਲ ਬੱਸ ਅੱਡਾ।
• ਨਵਚੇਤਨ ਬੁੱਕ ਡਿੱਪੂ, ਨੇੜੇ ਐੱਸ. ਡੀ. ਕਾਲਜ।
**ਅੰਮ੍ਰਿਤਸਰ** • ਸੌਰਭ ਨਿਊਜ ਏਜੰਸੀ, #05, ਹਾਲ ਗੇਟ ਦੇ ਬਾਹਰ।
**ਨਵਾਂ ਸ਼ਹਿਰ** • ਰਮਨ ਬੁੱਕ ਹਾਊਸ, ਨੇੜੇ ਕਮੇਟੀ ਹਾਊਸ।
**ਮੋਗਾ** • ਪ੍ਰਿਤਪਾਲ ਸਿੰਘ, ਬੁੱਕ ਸਟਾਲ, ਬੱਸ ਅੱਡਾ, ਮੋਗਾ।
**ਮਲੇਰਕੋਟਲਾ** • ਨਰਿੰਦਰ ਬੁੱਕ ਸਟਾਲ, ਬੱਸ ਅੱਡਾ, ਮਾਲੇਰਕੋਟਲਾ।
**ਮਾਨਸਾ** • ਇੰਡੀਆ ਬੁੱਕ ਡਿਪੂ, ਨੇੜੇ ਬਸ ਅੱਡਾ, ਮਾਨਸਾ।
**ਕੋਟਕਪੂਰਾ** • ਸ਼ਰਮਾ ਨਿਊਜ਼ ਏਜੰਸੀ, ਨੇੜੇ ਰੇਲਵੇ ਸ਼ਟੇਸ਼ਨ ਗੇਟ।
**ਰਾਏਕੋਟ** • ਸ਼ਹੀਦ ਭਗਤ ਸਿੰਘ ਭਵਨ, 98155-87807
**ਜੈਤੋਂ/ਬਰਗਾੜੀ** • ਅਵਤਾਰ ਅਰਸ਼ - 99141-49725

*ਮੁਕਤੀਬੋਧ ਦਾ ਪ੍ਰਸਿੱਧ ਲੇਖ*

# ਨੌਜਵਾਨ ਦਾ ਰਾਹ

ਪਹਾੜਾਂ ਨੂੰ ਤੋੜ ਕੇ, ਚੱਟਾਨੀ ਕੰਧਾਂ ਨੂੰ ਚੀਰ ਕੇ, ਉੱਚੇ ਟਿੱਬਿਆਂ ਨੂੰ ਢਾਹ ਕੇ, ਗੂੰਜਕੇ ਅਤੇ ਗਰਜ ਕੇ, ਪਹਾੜੀ ਇਲਾਕੇ ਦੀ ਧੜਕਣ ਬਣ ਕੇ, ਜਿਹੜਾ ਅੱਗੇ ਵੱਧ ਰਿਹਾ ਹੈ ਉਸਨੂੰ ਸਾਡੀ ਭਾਸ਼ਾ 'ਚ ਝਰਨਾ ਕਹਿੰਦੇ ਹਨ। ਇਹੀ ਝਰਨਾ ਥੋੜ੍ਹਾ ਦੂਰ ਚੱਲਣ 'ਤੇ ਪਹਾੜੀ ਨਦੀ ਬਣ ਜਾਂਦਾ ਹੈ। ਇਸ ਨਦੀ ਦੇ ਜਲ-ਸੋਮੇ ਦੀ ਖੋਜ ਕਰਨ 'ਤੇ ਪਤਾ ਲਗਦਾ ਹੈ ਉੱਥੇ ਝਰਨਾ ਹੈ, ਧੂੰਆਂਧਾਰ ਹੈ, ਜਲਧੂਮ ਹੈ।

ਖੋਜੀ ਨਿੱਕਲ਼ਦੇ ਹਨ। ਰਿਸਰਚ ਦੇ ਵਿਦਿਆਰਥੀ ਨਿੱਕਲ਼ਦੇ ਹਨ, ਇੰਜੀਨੀਅਰ ਨਿੱਕਲ਼ਦੇ ਹਨ। ਉਸ ਥਾਂ ਦੀ ਖੋਜ ਕਰਦੇ ਹਨ। ਝਰਨੇ ਤੱਕ ਰਾਹ ਬਣਾਉਂਦੇ ਹਨ, ਉਸ ਪਹਾੜੀ ਨਦੀ ਦੀ ਤਾਕਤਵਰ ਧਾਰਾ ਦੀ ਤਾਕਤ ਨੂੰ ਬਿਜਲੀ ਤਾਕਤ ਵਿੱਚ ਬਦਲਣ ਲਈ ਇੱਕ ਬਿਜਲੀ-ਘਰ ਬਣਾਇਆ ਜਾਂਦਾ ਹੈ। ਵਿਗਿਆਨਕ ਖੋਜੀ, ਕਾਰਕੁੰਨ, ਕਾਰੀਗਰ, ਕਰਮਚਾਰੀ ਤੇ ਕਲਾਕਾਰ ਅਤੇ ਮਜ਼ਦੂਰ ਸਾਰੇ ਇਕੱਠੇ ਹੋ ਜਾਂਦੇ ਹਨ। ਦੂਰ-ਦੁਰੇਡੇ ਇਲਾਕੇ ਵਿੱਚ ਸਸਤੀ ਬਿਜਲੀ ਜ਼ਰੀਏ ਸਿੰਚਾਈ ਹੁੰਦੀ ਹੈ, ਕਾਰਖਾਨੇ ਚੱਲਦੇ ਹਨ ਅਤੇ ਦੇਸ਼ ਦੀ ਧਨ-ਦੌਲਤ, ਖੁਸ਼ਹਾਲੀ ਵਧਦੀ ਜਾਂਦੀ ਹੈ। ਕਵੀ ਅਤੇ ਨਾਵਲਕਾਰ ਬਿਜਲੀਘਰ ਦੇ ਕਿਰਤੀ ਜੀਵਨ ਦੇ ਚਿੱਤਰ ਉਭਾਰਦੇ ਹਨ, ਉਸਨੂੰ ਗਾਉਂਦੇ ਹਨ। ਪੱਛੜਿਆ ਹੋਇਆ ਮੁਲਕ ਤਰੱਕੀ ਦੇ ਇਤਿਹਾਸ ਦੇ ਮਾਰਗ 'ਤੇ ਝੂਮਦਾ ਹੋਇਆ ਅੱਗੇ ਵਧਦਾ ਜਾਂਦਾ ਹੈ।

ਜੇ ਨੌਜਵਾਨੀ ਦੀ ਤਾਕਤ ਨੂੰ, ਗਿਆਨ ਅਤੇ ਬੁੱਧੀ ਤੇ ਕਰਮ ਨਿਸ਼ਚਤਾ ਦੀ ਬਿਜਲੀ ਵਿੱਚ ਬਦਲਦੇ ਹੋਏ, ਦੇਸ਼-ਉਸਾਰੀ ਯਾਨੀ ਮਨੁੱਖੀ-ਉਸਾਰੀ ਦੀ ਉੱਚੀ-ਤੋਂ-ਉੱਚੀ ਮੰਜ਼ਿਲ ਤੱਕ ਪਹੁੰਚਾਇਆ ਜਾ ਸਕਦਾ ਹੈ, ਬੰਜਰ ਜ਼ਿੰਦਗੀ ਵਿੱਚ ਇਸ਼ਕ ਅਤੇ ਇਨਕਲਾਬ ਦੀ ਰੂਹਾਨੀਅਤ ਦੀ ਫ਼ਸਲ ਖੜ੍ਹੀ ਕੀਤੀ ਜਾ ਸਕਦੀ ਹੈ।

ਜ਼ਿੰਦਗੀ ਬੜੀ ਖ਼ੂਬਸੂਰਤ ਚੀਜ਼ ਹੈ, ਉਹ ਜੀਣ ਲਈ ਹੈ, ਮਰਨ ਲਈ ਨਹੀਂ। ਚੰਗੇ ਬੰਦੇ ਕਿਉਂ ਦੁੱਖ ਭੋਗਣ — ਇੰਨੇ ਨੇਕ ਬੰਦੇ ਅਤੇ ਇੰਨੇ ਬਦਕਿਸਮਤ! ਦੁਨੀਆਂ ਵਿੱਚ ਮਾੜੇ ਬੰਦਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ, ਚੰਗੇ ਬੰਦਿਆਂ ਦੇ ਸਬੱਬ ਜ਼ਿੰਦਗੀ ਬਹੁਤ ਹੀ ਸੋਹਣੀ ਚੀਜ਼ ਹੈ, ਉਹ ਜੀਣ ਲਈ ਹੈ, ਮਰਨ ਲਈ ਨਹੀਂ।

ਪਰ ਨੌਜਵਾਨਾਂ ਦੇ ਦਿਲਾਂ-ਦਿਮਾਗਾਂ ਦੀ ਤਾਕਤ ਨੂੰ ਬਿਜਲੀ ਵਿੱਚ ਬਦਲਦੇ ਹੋਏ, ਦੇਸ਼-ਉਸਾਰੀ ਅਤੇ ਮਨੁੱਖ-ਉਸਾਰੀ ਵਿੱਚ ਲਾਉਣ ਲਈ, ਜਿਸ ਬਿਜਲੀਘਰ ਦੀ ਲੋੜ ਹੈ, ਉਹ ਹਿੰਦੁਸਤਾਨ ਵਿੱਚ ਮੌਜੂਦ ਨਹੀਂ ਹੈ। ਹੁਣ ਦੇਸ਼ ਦੀ ਤਰੱਕੀ ਹੋਵੇ ਤਾਂ ਕਿੱਥੋਂ ਹੋਵੇ ਅਤੇ ਕਿਵੇਂ ਹੋਵੇ। ਜਿਸ ਦੇਸ ਵਿੱਚ ਨੌਜਵਾਨ ਥੱਕੇ-ਹਾਰੇ ਫਿਰਦੇ ਹਨ, ਵਿਹਲੇ ਰਹਿੰਦੇ ਹਨ, ਭੁੱਖੇ ਮਰਦੇ ਹਨ (ਬੌਧਿਕ ਅਤੇ ਆਤਮਕ ਵਿਕਾਸ ਦੇ ਟੀਚੇ ਹੀ ਇੱਥੇ ਗੁੰਮ ਹਨ) ਤਾਂ ਉਸ ਦੇਸ਼ ਦੇ ਨੌਜਵਾਨ ਜੇ ਆਪਣੀ ਖ਼ਾਲੀ ਜੇਬ ਅਤੇ ਭੁੱਖ ਦੇ ਤਸੀਹਿਆਂ ਨੂੰ, ਆਪਣੀ ਬਦਕਿਸਮਤੀ ਨੂੰ, ਕੌਡੀਆਂ ਭਾਅ ਫਿਲਮੀ ਨਾਇਕਾਵਾਂ ਦੀ ਸੂਰਤ ਦੇਖ ਕੇ ਦੋ ਮਿੰਟ ਲਈ ਭੁੱਲਣਾ ਚਾਹੁੰਦਾ ਹੈ, ਤਾਂ ਉਸ ਨੌਜਵਾਨ ਦੀਆਂ ਪਿਆਸੀਆਂ ਅੱਖਾਂ ਨੂੰ ਲੋਕ ਬੇਸ਼ੱਕ ਗ਼ਲਤ ਸਮਝਣ, ਅਸੀਂ ਉਸ ਬਾਰੇ ਗ਼ਲਤਫਹਿਮੀ ਵਿੱਚ ਨਹੀਂ ਹਾਂ, ਕਿਉਂਕਿ ਸਾਡਾ ਨੌਜਵਾਨ ਬੇਹੱਦ ਸੱਚਾ ਹੈ ਅਤੇ ਬੇਹੱਦ ਚੰਗਾ ਹੈ। ਉਸ ਵਿੱਚ ਬਹੁਤ ਗਰਮੀ ਹੈ ਅਤੇ ਬਹੁਤ ਮਿਠਾਸ ਹੈ। ਉਹ ਦੁਨੀਆ ਨੂੰ ਪੁੱਠਾ ਕਰ ਸਕਦਾ ਹੈ ਅਤੇ ਪੁੱਠਾ ਕਰ ਕੇ ਫਿਰ ਸਿੱਧਾ ਕਰ ਸਕਦਾ ਹੈ। ਪਰ ਉਸਦੀ ਦਿਲੋ-ਦਿਮਾਗੀ ਤਾਕਤ ਨੂੰ ਮਨੁੱਖੀ ਬਿਜਲੀ ਵਿੱਚ ਬਦਲਣ ਵਾਲ਼ਾ ਬਿਜਲੀਘਰ ਕਿੱਥੇ ਹੈ? ਉਹ ਤਾਂ ਗੈਰਹਾਜ਼ਰ ਹੈ। ਇਸ ਲਈ ਜੇ ਸਾਡੇ ਨੌਜਵਾਨ ਵਿੱਚ ਕੁਝ ਦੋਸ਼ ਹਨ, ਕੁਝ ਖਾਮੀਆਂ ਹਨ ਤਾਂ ਕਸੂਰ ਉਸਦਾ ਨਹੀਂ ਹੈ। ਕਿਉਂਕਿ ਸਾਡਾ ਨੌਜਵਾਨ ਬਹੁਤ ਸੱਚਾ ਹੈ ਅਤੇ ਵਾਹਲ਼ਾ ਚੰਗਾ ਹੈ।

ਨੌਜਵਾਨਾਂ ਦੇ ਗੀਤ ਬਹੁਤ ਲੋਕਾਂ ਨੇ ਗਾਏ ਹਨ। ਹੁਸਨੋ-ਇਸ਼ਕ ਅਤੇ ਇਨਕਲਾਬ ਦਾ ਕਾਅਬਾ ਨੌਜਵਾਨੀ ਹੀ ਸਮਝੀ ਗਈ ਹੈ। ਪਰ ਜਿਹਨਾਂ ਤਕਲੀਫਾਂ ਵਿੱਚ ਹੋ ਕੇ ਨੌਜਵਾਨ ਲੰਘਦਾ ਹੈ, ਉਹਨਾਂ ਬਾਰੇ ਕਲਮ ਚਲਾਉਣ ਦੀ ਹਿੰਮਤ ਥੋੜ੍ਹੇ ਲੋਕਾਂ ਨੇ ਹੀ ਕੀਤੀ ਹੈ। ਯਥਾਰਥ ਕੁਝ ਹੋਰ ਹੈ ਅਤੇ ਖਿਆਲੀ ਲੋਕ ਹੋਰ ਹਨ। ਮੰਨਿਆ ਕਿ ਸਧਾਰਣ ਰੂਪ 'ਚ ਨੌਜਵਾਨ ਆਪਣੇ ਪਿਓ ਦੇ ਘਰ ਰਹਿੰਦਾ ਹੈ, ਵੱਡਿਆਂ ਦੀ ਛਾਂ 'ਚ ਪਲ਼ਦਾ ਹੈ ਅਤੇ ਦੁਨੀਆ ਨਾਲ਼ ਟੱਕਰ ਲੈਣ ਦੀ ਹਿੰਮਤ ਅਤੇ ਉਮੰਗ ਉਸ ਵਿੱਚ ਬੇਸ਼ੱਕ ਰਹੇ, ਉਸ ਕੋਲ਼ ਤਜ਼ਰਬਾ ਨਾ ਹੋਣ ਕਾਰਨ ਉਸਨੂੰ ਪੈਰ-ਪੈਰ 'ਤੇ ਠੋਕਰ ਖਾਣੀ ਪੈਂਦੀ ਹੈ।

ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਰਤਮਾਨ ਹਾਲਤ 'ਚ ਜਦੋਂ ਘਰੇਲੂ ਫਿਕਰਾਂ ਦਾ ਮਹੌਲ ਘਰ 'ਚ ਕਾਫ਼ੀ ਸੰਘਣਾ ਹੋ ਜਾਂਦਾ ਹੈ ਅਤੇ ਬਣਿਆ ਰਹਿੰਦਾ ਹੈ, ਸਾਡਾ ਨੌਜਵਾਨ ਤਰੱਕੀ ਵੱਲ ਵਧ ਨਹੀਂ ਸਕਦਾ। ਨੌਜਵਾਨੀ 'ਚ ਜ਼ਿੰਦਗੀ ਨੂੰ ਖੰਭ ਨਿੱਕਲ਼ਦੇ ਹਨ। ਪਰ ਠੀਕ ਉਸੇ ਵੇਲ਼ੇ ਘਰ ਦਾ ਫਿਕਰਾਂ ਭਰਿਆ ਮਹੌਲ ਉਸ ਦੇ ਮਨ 'ਤੇ ਛਾ ਜਾਂਦਾ ਹੈ। ਇੱਕ ਪਾਸੇ ਉਮੰਗ ਅਤੇ ਜੋਸ਼ ਠਾਠਾਂ ਮਾਰਦਾ ਹੈ, ਤਾਂ ਦੂਜੇ ਪਾਸੇ, ਠੀਕ ਉਸਦੇ ਉਲਟ, ਨੌਜਵਾਨ ਦੇ ਮਨ 'ਚ ਫਿਕਰ ਅਤੇ ਘਰ ਦੀਆਂ ਉਲ਼ਝਣਾਂ ਪੁਰਾਣੇ ਸ਼ਰਾਪ ਦੇ ਪਰਛਾਵੇਂ ਜਿਹੇ ਚੱਕਰ ਕੱਢਦੇ ਹਨ।

ਪੁਰਾਣੇ ਸ਼ਹੀਦਾਂ ਦਾ ਨਾਮ ਲੈ ਕੇ, ਭਗਤ ਸਿੰਘ ਅਤੇ ਸ਼ੁਭਾਸ

ਬੋਸ ਦੀ ਕੀਰਤੀ-ਕਥਾ ਸੁਣਾ ਕੇ, ਗ਼ਦਰ ਪਾਰਟੀ ਅਤੇ ਅਨੁਸ਼ੀਲਨ ਦਲ ਦੀ ਯਸ਼ਗਾਥਾ ਸੁਣ ਕੇ, ਨੌਜਵਾਨ ਦੇ ਦਿਲ ਵਿੱਚ ਦੇਸ਼-ਭਗਤੀ ਅਤੇ ਪ੍ਰੇਰਣਾ ਤਾਂ ਜ਼ਰੂਰ ਭਰੀ ਜਾ ਸਕਦੀ ਹੈ, ਪਰ ਕਥਾਵਾਂ ਜ਼ਰੀਏ ਉਸਦੀਆਂ ਆਪਣੀਆਂ ਉਲ਼ਝਣਾਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਹਰ ਪੀੜੀ ਦੇ ਆਪਣੇ ਨਵੇਂ ਤਜ਼ਰਬੇ ਹੁੰਦੇ ਹਨ, ਇਸ ਤਰ੍ਹਾਂ ਨਵੇਂ, ਕਿ ਜਿਹੜੇ ਪੁਰਾਣੀ ਪੀੜ੍ਹੀ ਦੇ ਸਨ ਅਤੇ ਨਾ ਅਗਲੀ ਪੀੜ੍ਹੀ ਦੇ ਹੋਣਗੇ। ਸਿੱਟੇ ਵਜੋਂ ਨਸੀਹਤਾਂ ਦੇ ਰਾਗ ਅਲਾਪ ਕੇ ਨੌਜਵਾਨਾਂ ਦੀਆਂ ਔਕੜਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਹਮਦਰਦੀ ਅਤੇ ਮਨੁੱਖੀ ਅਨੁਭਵੀ ਗਿਆਨ ਦੀ ਲੋੜ ਜੇ ਕਿਤੇ ਸਭ ਤੋਂ ਜ਼ਿਆਦਾ ਹੈ, ਤਾਂ ਉਹ ਨੌਜਵਾਨ ਦੇ ਦਿਲ ਨੂੰ ਸਮਝਣ ਵਿੱਚ ਹੈ। ਨੌਜਵਾਨ 'ਚ ਸ਼ਰਧਾ ਦੀ ਜੋ ਉਤੇਜਨਾ ਹੁੰਦੀ ਹੈ, ਮਨ ਦੀਆਂ ਜਿਹੜੀਆਂ ਤੇਜ਼ ਨਿਗਾਹਾਂ ਹੁੰਦੀਆਂ ਹਨ, ਉਹਨਾਂ 'ਤੇ ਜਿਨ੍ਹਾਂ ਨੂੰ ਤੁਸੀਂ ਜ਼ਿੰਦਗੀ ਦੇ ਤਜ਼ਰਬੇ ਕਹਿੰਦੇ ਹੋ (ਯਾਨੀ ਸੰਸਾਰਕ ਨਜ਼ਰੀਆ) ਉਸ ਦੀਆਂ ਧੂੜ ਨਾਲ਼ ਭਰੀਆਂ ਪਰਤਾਂ ਨਹੀਂ ਛਾਈਆਂ ਰਹਿੰਦੀਆਂ। ਸਿੱਟੇ ਵਜੋਂ, ਨੌਜਵਾਨ ਕਦੇ-ਕਦੇ ਤੁਹਾਨੂੰ, ਆਪਣੇ ਤਜ਼ਰਬੇ ਕਾਰਨ, ਮੂਰਖ਼ ਲਗਦਾ ਹੋ ਸਕਦਾ ਹੈ। ਪਰ ਇਹੀ ਉਸ ਦੀ ਚੰਗਿਆਈ ਹੈ। ਜਿਹੜਾ ਨੌਜਵਾਨ 19-20-21 ਵਰ੍ਹੇ 'ਚ ਹੀ ਬੁੱਢਿਆਂ ਵਾਲ਼ੀਆਂ ਖੜੂਸ ਸੰਸਾਰਕ ਅੱਖਾਂ ਨਾਲ਼ ਹੀ ਦੁਨੀਆ ਨੂੰ ਦੇਖਣ ਲੱਗ ਜਾਂਦਾ ਹੈ, ਸਮਝ ਲਵੋ ਕਿ ਉਸ ਵਿੱਚ ਹਿੰਮਤ ਦੀ ਪ੍ਰਵਿਰਤੀ, ਨਵੇਂ ਤਜ਼ਰਬੇ ਪ੍ਰਾਪਤ ਕਰਨ ਦੀ ਜਗਿਆਸਾ ਅਤੇ ਸਮਰੱਥਾ ਤੇ ਜ਼ਿੰਦਗੀ ਦੇ ਨਵੇਂ ਜ਼ਿਕਰਾਂ ਦੀ ਸਾਫ਼ ਅਣਹੋਂਦ ਹੈ। ਅਜਿਹਾ ਨੌਜਵਾਨ ਨਵਾਬ, ਤਹਿਸੀਲਦਾਰ ਜਾਂ ਆਈ.ਏ.ਐੱਸ. ਹੋ ਸਕਦਾ ਹੈ, ਪਰ ਉਹ ਦੇਸ਼ ਦੇ ਕਿਸ ਕੰਮ ਦਾ।

ਮੌਜੂਦਾ ਹਾਲਤ ਇਹ ਹੈ ਕਿ ਨੌਜਵਾਨਾਂ ਦੇ ਗੀਤ ਗਾਉਣ ਨਾਲ਼ ਮਨ ਭਾਵੇਂ ਹਲਕਾ ਹੋ ਜਾਵੇ, ਦਿਮਾਗ਼ ਸਾਫ਼ ਨਹੀਂ ਹੁੰਦਾ, ਰਾਹ ਨਹੀਂ ਮਿਲ਼ਦਾ। ਨੌਜਵਾਨਾਂ ਦੀਆਂ ਔਕੜਾਂ ਦਾ ਇੱਕ ਖ਼ਾਸ ਰੂਪ ਹੁੰਦਾ ਹੈ। ਸਿਰਫ਼ ਇੰਨਾ ਕਹਿ ਦੇਣ ਨਾਲ਼ ਕਿ 'ਵਧਦੇ ਚਲੋ ਦਲੇਰੋ, ਤੇਜੀ ਨਾਲ਼ ਵਧਦੇ ਚੱਲੋ' ਕੁਝ ਨਹੀਂ ਹੁੰਦਾ। ਹਰ ਨੌਜਵਾਨ ਨੇ ਆਪਣਾ ਰਾਹ ਤੈਅ ਕਰਨਾ ਹੁੰਦਾ ਹੈ ਅਤੇ ਉਹ ਉਸ ਰਾਹ ਦੇ ਮੋੜ ਅਤੇ ਟੋਇਆਂ ਬਾਰੇ ਜਾਣਕਾਰੀ ਚਾਹੁੰਦਾ ਹੈ, ਪਰ ਸਾਡੇ ਛਾਇਆਵਾਦੀ ਇੰਦਰਧਨੁਸ਼ੀ ਕਾਵਿ ਦੀ ਨੌਜਵਾਨੀ ਨੂੰ ਬੱਦਲ਼ਾਂ 'ਚ ਹੀ ਲੈ ਜਾਂਦੀ ਹੈ, ਜ਼ਮੀਨ 'ਤੇ ਫੈਲਿਆ ਹੋਇਆ ਰਾਹ ਨਹੀਂ ਦੱਸਦੀ।

ਨੌਜਵਾਨ ਦਾ ਰਾਹ! ਕਿੰਨਾ ਮੁਸ਼ਕਲ ਸਵਾਲ ਹੈ ਇਹ! ਸਾਡੇ ਨਾਵਲਾਂ ਨੇ ਕਦੇ ਇਸ ਸਵਾਲ 'ਤੇ ਚਾਨਣ ਨਹੀਂ ਪਾਇਆ!! ਸਾਡੇ ਸਾਹਿਤ ਨੇ ਕਦੀ ਤੱਤ ਸਬੰਧੀ ਰਾਹ-ਦਰਸਾਵਾ ਨਹੀਂ ਕੀਤਾ। ਸਾਡੇ ਵੱਡੇ-ਬਜ਼ੁਰਗ, ਸਾਡੇ ਆਦਰਯੋਗ ਬਜ਼ੁਰਗ, ਨੌਜਵਾਨ ਦੇ ਸਾਹਮਣੇ ' ਨੌਕਰੀ ਕਰੋ, ਪੈਸਾ ਲਿਆਓ' ਦਾ ਨਾਅਰਾ ਬੁਲੰਦ ਕਰਦੇ ਹਨ। ਨੌਜਵਾਨ ਵੀ ਇਹ ਚਾਹੁੰਦਾ ਹੈ ਕਿ ਉਸਦੇ ਪਰਿਵਾਰਕ ਮਾਣ-ਸਤਿਕਾਰ ਨੂੰ ਚਾਰ ਚੰਨ ਲੱਗਣ। ਪਰ ਵਿਚਾਰਾ! ਪਰ, ਉਸਦਾ ਸੱਚਾ ਮਾਰਗ-ਦਰਸ਼ਨ ਕਿਸਨੇ ਕੀਤਾ ਹੈ! ਕਿਸ ਵਿੱਚ ਉਹ ਤਾਕਤ ਹੈ ਜਿਹੜੀ ਉਸਦੇ ਜੋਸ਼, ਉਤਸ਼ਾਹ ਅਤੇ ਉਮੀਦਾਂ ਦਾ ਭਾਰ ਆਪਣੇ ਮਨ 'ਤੇ ਝੱਲ ਸਕੇ, ਉਸਦੇ ਆਦਰਸ਼ਵਾਦੀ ਪਿਆਰ ਅਤੇ ਤਿਆਗਵਾਨ ਸ਼ਰਧਾ ਸਮੁੱਚੇ ਅਰਥਾਂ ਨੂੰ ਸਮਝ ਸਕਣ! ਉਹਨਾਂ ਨੂੰ ਆਪਣੇ ਵਿੱਚ ਰੱਖ ਸਕੇ! ਬਹੁਤ ਘੱਟ ਅਜਿਹੇ ਲੋਕ ਹੁੰਦੇ ਹਨ, ਜਨਾਬ, ਜਿਸ ਵਿੱਚ ਇਹ ਤਾਕਤ, ਇਹ ਫ਼ੌਲਾਦੀ ਜਿਗਰਾ ਹੁੰਦਾ ਹੈ। ਉਮਰ ਵਧਣ ਨਾਲ਼ ਹੀ ਆਦਮੀ ਸਮਝੌਤੇ ਨੂੰ ਅਕਲਮੰਦੀ ਅਤੇ ਪ੍ਰਤਿਭਾ ਦਾ ਨਾਮ ਦਿੰਦਾ ਹੈ ਪਰ ਨੌਜਵਾਨ ਬੁਨਿਆਦੀ ਸਵਾਲ ਚੁੱਕਦਾ ਹੈ! ਅਤੇ ਉਸਦੇ ਜਵਾਬ!

ਪੱਤਰਕਾਰ ਅਤੇ ਸਾਹਿਤਕਾਰ, ਕਵੀ ਅਤੇ ਸਿਆਸਤਦਾਨ, ਆਪਣੀ ਹੋਂਦ ਨੂੰ ਫ਼ੈਸਲਾਕੁੰਨ ਸਮਝਦੇ ਹਨ – ਜਿਵੇਂ ਦੁਨੀਆ 'ਤੇ ਫ਼ੈਸਲਾ ਦੇਣ ਜਾ ਰਹੇ ਹੋਣ। ਆਪਣੀ ਖ਼ਿਆਲੀ ਅਦਾਲਤ ਵਿੱਚ ਫ਼ੈਸਲੇ ਦਿੰਦੇ ਰਹਿਣਾ ਇੱਕ ਗੱਲ ਹੈ। ਸਹੀ-ਸਹੀ ਰਾਹ ਦੱਸਣਾ – ਅਤੇ ਜਿਸਨੂੰ ਰਾਹ ਦੱਸਿਆ ਜਾ ਰਿਹਾ ਹੈ, ਉਸਦੇ ਸਹਿਚਾਰ ਨੂੰ ਪ੍ਰਵਾਨ ਕਰਨਾ – ਇੱਕ ਦੂਸਰੀ ਗੱਲ ਹੈ। ਇਸ ਲੇਖ ਦਾ ਲੇਖਕ ਇੱਕ ਮਾਮੂਲੀ ਬੰਦਾ ਹੈ। ਆਪਣੀ ਬੀਤੀ ਹੋਈ ਜਵਾਨੀ ਤੋਂ ਸਿਰਫ਼ ਉਸਨੇ ਸਬਕ ਸਿੱਖੇ ਹਨ – ਉਸ ਨੌਜਵਾਨੀ ਦੇ ਤਕਾਜ਼ੇ ਉਸ ਦੇ ਸਾਹਮਣੇ ਅੱਜ ਵੀ ਜ਼ਿੰਦਾ ਹਨ। ਉਸਦੇ ਸਵਾਲ ਅੱਜ ਵੀ ਉਸਨੂੰ ਬੁਲਾਉਂਦੇ ਹਨ – ਫ਼ਰਕ ਸਿਰਫ਼ ਇੰਨਾ ਹੈ ਕਿ ਗੋਡੇ ਭੰਨਣ ਵਾਲ਼ੀਆਂ ਠੋਕਰਾਂ ਅੱਜ ਉਸਨੂੰ ਪਹਿਲਾਂ ਸਲਾਮ ਕਰਦੀਆਂ ਹਨ, ਫਿਰ ਪੇਚ ਲੜਾਉਂਦੀਆਂ ਹਨ। ਤਾਂ ਅਜਿਹੇ ਮਾਮੂਲੀ ਬੰਦੇ ਕੋਲ਼ ਇੰਨੀ ਜ਼ੁਅੱਰਤ ਨਹੀਂ ਹੈ ਕਿ ਉਹ ਨਵੀਂ ਪੀੜ੍ਹੀ ਦੇ ਨੌਜਵਾਨਾਂ (ਜਿਨ੍ਹਾਂ ਦੇ ਆਪਣੇ ਨਵੇਂ ਤਜ਼ਰਬੇ ਹਨ) ਨੂੰ ਸਿੱਖਿਆ ਦੇ ਸਕੇ।

ਪਰ ਇੰਨਾ ਕਹਿ ਕੇ ਗੱਲ ਖ਼ਤਮ ਹੋ ਸਕਦੀ ਹੈ, ਮਾਮਲਾ ਖ਼ਤਮ ਨਹੀਂ ਹੁੰਦਾ। ਸਵਾਲ ਦਾ ਜਵਾਬ ਕਦੇ-ਕਦੇ ਸਵਾਲ ਨਾਲ਼ ਦਿੱਤਾ ਜਾਂਦਾ ਹੈ। ਇਸ ਲਈ ਅਸੀਂ ਕੁਝ ਅਜਿਹੇ ਸਵਾਲਾਂ ਦਾ ਸਿਲਸਿਲਾ ਅਪਣਾਵਾਂਗੇ, ਜਿਸ ਨਾਲ਼ ਅਸੀਂ ਹਿੰਦੁਸਤਾਨ ਦੇ ਲੋਕਾਂ ਦੇ ਆਪਣੇ ਤਕਾਜਿਆਂ ਨੂੰ ਸਮਝ ਸਕੀਏ, ਇਸ ਲਈ ਕਿ ਸਾਡਾ ਨੌਜਵਾਨ ਭਾਰਤੀ ਲੋਕਾਈ ਦਾ ਹੀ ਇੱਕ ਅੰਗ ਹੈ।

ਟੱਬਰ ਸਮਾਜ ਦੀ ਇਕਾਈ ਹੈ, ਚਾਹੇ ਉਹ ਰੂਸੀ ਸਮਾਜ ਹੋਵੇ ਜਾਂ ਚੀਨੀ, ਹਿੰਦੁਸਤਾਨੀ ਹੋਵੇ ਜਾਂ ਬਰਤਾਨਵੀ। ਜੇ ਸਾਡੇ ਟੱਬਰ 'ਚ ਬੇਚੈਨੀ, ਰੋਹ, ਬੇਇਨਸਾਫੀ, ਭੁੱਖ ਅਤੇ ਕੰਗਾਲੀ ਹੋਵੇਗੀ ਤਾਂ ਪੱਕਾ ਹੀ ਉਸਦਾ ਅਸਰ ਨੌਜਵਾਨ ਦੀ ਮਨੋਦਸ਼ਾ ਅਤੇ ਆਦਤਾਂ 'ਤੇ ਹੋਵੇਗਾ। ਸਾਡੇ ਨੌਜਵਾਨ ਵਿੱਚ ਅੱਜ ਜੋ ਸਤੱਹੀ ਰੁਮਾਨੀ ਪ੍ਰਵਿਰਤੀ, ਘੁਮੱਕੜਪਣ, ਗ਼ੈਰ-ਜ਼ਿੰਮੇਵਾਰ ਰਵੱਈਆ, ਖ਼ਾਸ ਤਰ੍ਹਾਂ ਦਾ ਮਲੰਗਪੁਣਾ, ਅਵਾਰਾਗਰਦੀ ਆਦਿ ਔਗੁਣ ਪੈਦਾ ਹੁੰਦੇ ਹਨ, ਤਾਂ ਇਨ੍ਹਾਂ ਆਦਤਾਂ ਦੀ ਜੜ੍ਹ ਸਾਡੇ ਟੱਬਰ ਵਿੱਚ ਫੈਲੀ ਵਿਆਪਕ ਬੇਚੈਨੀ ਵਿੱਚ ਲੁਕੀ ਹੋਈ ਹੈ।

ਪਰ ਬਹੁਤ ਸਾਰੇ ਵਿਚਾਰਕ, ਖ਼ੁਦ ਨੌਜਵਾਨ ਵੀ, ਇਨ੍ਹਾਂ ਆਦਤਾਂ ਦਾ ਬੁਨਿਆਦੀ ਕਾਰਨ ਮਾਨਸਿਕਤਾ ਨੂੰ ਦੱਸਦੇ ਹਨ, ਜਾਂ ਸੋਚਦੇ ਹਨ, ਜੋ ਕਿ ਗ਼ਲਤ ਹੈ।

ਜੇ ਨੌਜਵਾਨ ਨੂੰ ਸਹੀ ਰਾਹ ਮਿਲ਼ ਜਾਵੇ, ਆਪਣੀ ਤਰੱਕੀ

ਅਤੇ ਵਿਕਾਸ ਦੇ ਨਵੇਂ-ਨਵੇਂ ਇਲਾਕੇ ਮਿਲ਼ਦੇ ਜਾਣਗੇ ਅਤੇ ਉਸਨੂੰ ਹਮੇਸ਼ਾ ਏਦਾਂ ਲੱਗਦਾ ਜਾਵੇ ਕਿ ਉਸਦੀ ਆਪਣੀ ਤਰੱਕੀ ਦਾ ਕੰਮ ਸਮਾਜਕ ਤਰੱਕੀ ਦਾ ਕੰਮ ਹੈ, ਜਾਂ ਦੂਸਰੇ ਸ਼ਬਦਾਂ ਵਿੱਚ, ਸਮਾਜਕ ਖੇਤਰ ਵਿੱਚ ਉਸਦਾ ਆਪਣੇ ਰੋਜ਼ੀ-ਰੋਟੀ ਸਬੰਧੀ ਫਰਜ ਦਾ ਕੰਮ ਆਮ ਅਤੇ ਖ਼ਾਸ ਤੌਰ 'ਤੇ ਸਮਾਜਕ ਕਰਤੱਵ ਵੀ ਹੈ, ਕਿ ਜਿਸਨੂੰ ਨਾ ਕਰਨ ਨਾਲ਼ ਲੋਕਾਈ ਦਾ ਨੁਕਸਾਨ ਹੋਵੇਗਾ ਅਤੇ ਜਿਸਨੂੰ ਚੰਗੀ ਤਰ੍ਹਾਂ ਕਰਨ ਨਾਲ਼ ਲੋਕਾਈ ਦਾ ਭਲਾ ਅਤੇ ਸਮਾਜਕ ਵਿਕਾਸ ਹੋਵੇਗਾ; ਜੇ ਉਸਨੂੰ ਹਮੇਸ਼ਾ ਇਹੋ ਜਾਪਦਾ ਰਹੇ ਕਿ ਸਮਾਜਕ ਢਾਂਚੇ ਦੇ ਤਹਿਤ ਉਸਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ ਹੈ, ਤਾਂ ਪੱਕਾ ਹੀ ਉਹ ਦੁਗਣੇ ਰੂਪ ਨਾਲ਼ ਆਪਣਾ ਕੰਮ ਕਰੇਗਾ ਅਤੇ ਆਪਣੀਆਂ ਨੌਜਾਵਾਨ ਮਜ਼ਬੂਤ ਬਾਹਾਂ ਅਤੇ ਚੌੜੀ ਛਾਤੀ ਦੀ ਤਾਕਤ ਨਾਲ਼ ਬੰਜਰ ਨੂੰ ਜ਼ਰਖੇਜ ਬਣਾ ਦਵੇਗਾ।

ਲਖਨਊ ਯੂਨੀਵਰਸਿਟੀ ਵਿੱਚ ਅਰਥਸ਼ਾਸ਼ਤਰ ਦੇ ਆਚਾਰੀਆ ਡਾਕਟਰ ਡੀ.ਪੀ. ਮੁਖਰਜੀ ਨੇ, ਰੂਸ ਤੋਂ ਵਾਪਸ ਆ ਕੇ ਆਪਣੀ ਇਕ ਮੁਲਾਕਾਤ ਵਿੱਚ ਦੱਸਿਆ ਸੀ ਕਿ ਉਸ ਦੇਸ਼ ਦੇ ਨੌਜਵਾਨਾਂ ਨੂੰ ਕਿੱਤਾ ਚੁਣਨ ਵਿੱਚ ਕੋਈ ਤਕਲੀਫ ਨਹੀਂ ਹੁੰਦੀ। ਆਮ ਤੌਰ 'ਤੇ ਆਪਣੀ ਉਮਰ ਦੇ 16 ਵੇਂ 17 ਵੇਂ ਸਾਲ ਵਿੱਚ ਹੀ ਉਹ ਆਪਣਾ ਜੀਵਨ-ਕੰਮ ਚੁਣ ਚੁੱਕਾ ਹੁੰਦਾ ਹੈ।22-23 ਤੱਕ ਆਉਂਦੇ-ਆਉਂਦੇ ਉਹ ਆਪਣੇ ਕੰਮ ਵਿੱਚ ਇੰਨਾ ਮਾਹਿਰ ਹੋ ਜਾਂਦਾ ਹੈ ਕਿ ਸਾਧਾਰਨ ਰੂਪ ਵਿੱਚ ਉਸ ਦੇ ਹਵਾਲੇ ਉੱਚੇ-ਉੱਚੇ ਕੰਮ ਕਰ ਦਿੱਤੇ ਜਾਂਦੇ ਹਨ। ਜਿਹੜੇ ਲੋਕ ਬਜ਼ੁਰਗ ਹੋ ਜਾਂਦੇ ਹਨ ਉਹ ਸਿਰਫ਼ 'ਚੈੱਕਅਪ' (ਜਾਂਚ) ਕਰਦੇ ਰਹਿੰਦੇ ਹਨ ਕਿ ਕੰਮ ਦੀ ਮਾਤਰਾ ਅਤੇ ਗੁਣ ਕਿਤੇ ਘੱਟ ਤਾਂ ਨਹੀਂ ਹੋਇਆ ਹੈ ਅਤੇ ਪੰਜ ਸਾਲਾ ਯੋਜਨਾ ਦੌਰਾਨ, ਹਰੇਕ ਸਾਲ ਦੀ ਅਤੇ ਹਰ ਤਿੰਨ ਮਹੀਨੇ ਦੀ ਯੋਜਨਾ ਬਣਦੀ ਰਹਿੰਦੀ ਹੈ (ਅਤੇ ਆਮ ਤੌਰ 'ਤੇ ਯੋਜਨਾ ਵਿੱਚ ਦੱਸੇ ਕੰਮ ਦੀ ਮਾਤਰਾ ਤੋਂ ਜ਼ਿਆਦਾ ਕੰਮ ਕਰਨ ਦਾ ਹੌਂਸਲਾ ਹਰੇਕ ਰੱਖਦਾ ਹੈ) ਇਸ ਲਈ ਹਰ ਯੋਜਨਾ ਵਿੱਚ ਪਿਛਲੀ ਯੋਜਨਾ ਤੋਂ ਜ਼ਿਆਦਾ ਕੰਮ ਦਾ ਟੀਚਾ ਹੁੰਦਾ ਹੈ ਅਤੇ ਇਸ ਨਿਸ਼ਚਿਤ ਕੀਤੇ ਗਏ ਜ਼ਿਆਦਾ ਕੰਮ ਤੋਂ ਵਧੇਰੇ ਕੰਮ ਕਰਨ ਦੀ ਹਿੰਮਤ ਨੌਜਵਾਨਾਂ 'ਚ ਪੈਂਦੀ ਹੈ ਜਾਂ ਨਹੀਂ ਅਤੇ ਜੇ ਨਹੀਂ ਤਾਂ ਉਸ ਦੀਆਂ ਕਿਹੜੀਆਂ ਦਿੱਕਤਾਂ ਹਨ, ਕਿਹੜੀਆਂ ਮੁਸ਼ਕਲਾਂ ਹਨ, ਉਸ ਦੀ ਭਰਪਾਈ ਲਈ ਕਿਹੜੀ ਸਹੂਲਤ ਦੀ ਲੋੜ ਹੈ – ਇਹ ਦੇਖਣ ਦਾ ਕੰਮ ਤਜ਼ਰਬੇਕਾਰ ਬਜ਼ੁਰਗਾਂ, ਮਾਹਿਰਾਂ ਅਤੇ ਹੋਰ ਪ੍ਰਤਿਭਾਵਾਨ ਲੋਕਾਂ ਦਾ ਹੁੰਦਾ ਹੈ, ਜਿਹੜੇ ਖੁਦ ਦੁੱਗਣੇ ਜ਼ੋਰ ਨਾਲ਼ ਕੰਮ ਕਰਦੇ ਰਹਿੰਦੇ ਹਨ ਤਾਂ ਕਿ ਉਹ ਨੌਜਵਾਨਾਂ ਸਾਹਮਣੇ ਮਿਸਾਲ ਬਣ ਸਕਣ।

ਹਿੰਦੋਸਤਾਨ ਜਿਹੇ ਦੇਸ਼ ਵਿੱਚ – ਜਿੱਥੇ ਅਦੁੱਤੀ ਜ਼ਮੀਨ ਹੈ, ਰਤਨ ਪੈਦਾ ਕਰਨ ਵਾਲ਼ੀ ਧਰਤੀ ਹੈ ਅਤੇ ਉਪਜਾਊ ਭੂਮੀ ਹੈ, ਬੱਦਲਾਂ ਰਹਿਤ ਅਕਾਸ਼ ਹੈ, ਆਲੀਸ਼ਾਨ ਗੰਭੀਰ ਮੇਘਰਾਜ ਹੈ ਅਤੇ ਉੱਤਰ ਵਿੱਚ ਹਿਮਾਲਿਆ ਨਾਗਦੇਵਤਾ ਹੈ, ਬਿਜਲੀ-ਸ਼ਕਤੀ, ਪਣ-ਸ਼ਕਤੀ ਭੂਮੀ-ਸ਼ਕਤੀ ਹੈ – ਉਸ ਦੇਸ਼ ਵਿੱਚ ਜੇ ਨੌਜਵਾਨ ਦੀਆਂ ਸ਼ਰੀਰ ਦੀਆਂ ਹੱਡੀਆਂ ਨਿੱਕਲ਼ ਆਣ, ਚੱਪਲ ਦੀਆਂ ਕਿੱਲਾਂ ਪੈਰਾਂ ਵਿੱਚ ਛੇਕ ਕਰ ਰਹੀਆਂ ਹੋਣ, ਮੂੰਹ 'ਤੇ ਵਾਲ਼ ਵਧੇ ਹੋਣ ਅਤੇ ਜੇ ਉਹ ਇੱਕ ਪੈਸੇ ਦੀਆਂ ਦੋ ਬੀੜੀਆਂ ਪੀਂਦਾ ਹੋਇਆ ਕਿਸੇ ਕੁੜੀ ਦਾ ਮੁਖੜਾ ਦੇਖ ਸਿਨੇਮਾ ਦਾ ਇੱਕ-ਅੱਧਾ ਚਾਲੂ ਜਿਹਾ ਗੀਤ ਗੁਣਗੁਣਾ ਪੈਂਦਾ ਹੋਵੇ, ਤਾਂ ਉਸਦੇ ਦਿਲ ਦੀਆਂ ਕਦੀ ਦਮਕਦੀਆਂ ਹੋਈਆਂ ਤੇ ਕਦੀ ਮਘਦੀਆਂ ਹੋਈਆਂ ਇੱਛਾਵਾਂ ਦੇ ਜਵਾਰ ਨੂੰ ਦੇਖ ਸਾਨੂੰ ਗੁੱਸਾ ਨਹੀਂ ਆਉਂਦਾ। ਉਸ 'ਤੇ ਗੁੱਸਾ ਕਰਨ ਵਾਲ਼ਿਆਂ 'ਤੇ ਗੁੱਸਾ ਆਉਂਦਾ ਹੈ। ਸਗੋਂ ਉਹਨਾਂ ਤਾਕਤਾਂ ਦਾ ਲੱਕ ਤੋੜਨ ਦੀ ਇੱਛਾ ਹੁੰਦੀ ਹੈ, ਉਹਨਾਂ ਕਾਲ਼ੀਆਂ ਤਾਕਤਾਂ ਨੂੰ ਹਮੇਸ਼ਾ ਲਈ ਜ਼ਮੀਨ ਵਿੱਚ ਗੱਡ ਦੇਣ ਲਈ ਬਾਂਹ ਉੱਠ ਖਲੋਂਦੀ ਹੈ, ਜਿਨ੍ਹਾਂ ਨੇ ਮਨੁੱਖਤਾ ਦੇ ਰਤਨਾਂ, ਇਨ੍ਹਾਂ ਨੌਜਵਾਨਾਂ, ਨੂੰ ਇਸ ਤਰ੍ਹਾਂ ਪੀਸ ਦਿੱਤਾ ਹੈ।

ਸਾਡਾ ਸਾਧਾਰਨ ਗ਼ਰੀਬ ਮੱਧ-ਵਰਗੀ ਨੌਜਵਾਨ – ਜਿਹੜਾ ਪੜ੍ਹਿਆ-ਲਿਖਿਆ ਹੈ – ਨੂੰ ਵੀ ਆਪਣਾ ਕਿੱਤਾ ਚੁਣਨ ਵਿੱਚ ਬਹੁਤ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਤੌਰ 'ਤੇ ਕਿੱਤਾ ਉਹਨਾਂ ਦੇ ਮਨ ਮੁਤਾਬਕ ਹੁੰਦਾ ਹੀ ਨਹੀਂ, ਕਿੱਤੇ ਵਿੱਚ ਉਸਦੀ ਤਰੱਕੀ ਵੀ ਨਹੀਂ ਹੁੰਦੀ! ਕਿਸੇ ਕੋਲ਼ੋਂ ਪੁੱਛੋ, 'ਤੁਹਾਡਾ ਕੀ ਹਾਲ ਹੈ?' ਜਵਾਬ ਮਿਲ਼ਦਾ ਹੈ, 'ਬਸ ਘਿਸਰ ਰਹੇ ਹਾਂ!' ਅਤੇ ਫਿਰ ਉਹੀ ਨਿਸੱਤੀ ਮੁਦਰਾ!

ਇਸ ਦਾ ਮਤਲਬ ਇਹ ਨਹੀਂ ਕਿ ਜ਼ਿੰਦਗੀ ਹੱਸਦੀ ਨਹੀਂ। ਨਹੀਂ – ਉਹ ਆਪਣੇ ਰੋਣੇ 'ਤੇ ਹੱਸ ਪੈਂਦੀ ਹੈ। ਬਿਲਕੁਲ ਉਵੇਂ ਹੀ ਜਿਵੇਂ ਮੀਂਹ ਵਰ੍ਹਾਉਂਦੇ ਬੱਦਲਾਂ 'ਚੋਂ ਚਮਕਦਾ ਸੂਰਜ ਨਿੱਕਲ਼ ਪੈਂਦਾ ਹੋਵੇ! ਉਹ ਤਾਂ ਰੂਹ ਹੈ ਜਿਹੜੀ ਖਿੜ ਪੈਂਦੀ ਹੈ! ਸਿਰਫ਼ ਇਸੇ ਰੂਹਾਨੀ ਤਾਕਤ ਨਾਲ਼ ਕਈ ਅੜੱਕਿਆਂ ਦੇ ਬਾਵਜੂਦ, ਜ਼ਿੰਦਗੀ ਚਲਦੀ ਜਾਂਦੀ ਹੈ। ਜੇ ਇਸ ਰੂਹਾਨੀ ਤਾਕਤ ਨੂੰ ਡਾਇਨਮੋ ਸਮਝਿਆ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਠੇਲੇ ਦੇ ਚਾਰੇ ਚੱਕੇ ਗਾਇਬ ਹਨ ਅਤੇ ਸਿਰਫ਼ ਡਾਇਨਮੋ ਚੱਲ ਰਿਹਾ ਹੈ। ਸਾਫ਼ ਹੈ ਕਿ ਡਾਇਨਮੋ ਚੱਕਿਆਂ ਦੀ ਸਹਾਇਤਾ ਬਿਨਾਂ ਬੇਕਾਰ ਹੈ, ਬੇਮਤਲਬੀ ਹੈ।

ਜਿਹੜਾ ਸਮਾਜ ਅਤੇ ਜਿਹੜਾ ਰਾਜ ਨੌਜਵਾਨਾਂ ਨੂੰ ਲਗਾਤਾਰ ਤਰੱਕੀਸ਼ੀਲ ਕਿੱਤਾ ਨਹੀਂ ਦੇ ਸਕਦਾ, ਉਹ ਰਾਜ ਅਤੇ ਉਹ ਸਮਾਜ ਟਿਕ ਨਹੀਂ ਸਕਦਾ। ਇਤਿਹਾਸ ਦੇ ਵਿਸ਼ਾਲ ਹੱਥ ਇਸ ਵੇਲ਼ੇ ਉਸਦੀ ਕਬਰ ਪੁੱਟਣ ਲਈ ਬਹੁਤ ਵੱਡਾ ਟੋਆ ਤਿਆਰ ਕਰ ਰਹੇ ਹਨ।

ਬਿਲਕੁਲ ਇਹੀ ਹਾਲਤ ਸਿੱਖਿਆ ਦੀ ਵੀ ਹੈ। ਮਹਿੰਗੀ ਸਿੱਖਿਆ ਦਾ ਮਤਲਬ ਹੀ ਇਹੀ ਹੈ ਕਿ ਗ਼ਰੀਬ ਅਨਪੜ੍ਹ ਰਹਿਣ । ਸਧਾਰਨ ਮੱਧ-ਵਰਗ ਸਿੱਖਿਅਤ ਹੋਵੇ, ਪਰ ਉੱਚੀ ਸਿੱਖਿਆ ਪ੍ਰਾਪਤ ਨਾ ਕਰਨ ਅਤੇ ਮਾਹਿਰ ਨਾ ਬਣਨ। ਸਿਰਫ਼ ਉੱਚੇ-ਘਰਾਣੇ ਦੇ ਲੋਕ ਹੀ ਨਿਪੁੰਨ ਮੁਹਾਰਤ ਹਾਸਲ ਕਰਨ, ਜਿਸ ਲਈ ਉਹ ਬਰਤਾਨੀਆਂ ਜਾਣ, ਅਮਰੀਕਾ ਜਾਣ!

ਇਹ ਦੇਖੀ-ਪਰਖੀ ਗੱਲ ਹੈ ਕਿ ਆਮ ਮੱਧ-ਵਰਗੀ ਅਤੇ

ਹੋਰ ਗ਼ਰੀਬ ਜਮਾਤ ਵਿੱਚ ਇਮਾਨਦਾਰ ਅਤੇ ਪ੍ਰਤਿਭਾਵਾਨ, ਜਗਿਆਸੂ ਅਤੇ ਕੰਮ ਲਈ ਉਤਸ਼ਾਹੀ, ਬੇਝਿਜਕ ਅਤੇ ਤਿਆਗ ਲਈ ਕਾਹਲ਼ੇ ਨੌਜਵਾਨਾਂ ਦੀ ਕਮੀ ਨਹੀਂ ਹੈ, ਜਿਹਨਾਂ ਦੀ ਹੁਸ਼ਿਆਰੀ, ਜਿਨ੍ਹਾਂ ਦੀ ਪ੍ਰਤਿਭਾ, ਜਿਹਨਾਂ ਦੀ ਸੂਖ਼ਮ ਨਜ਼ਰ, ਜਿਹਨਾਂ ਦਾ ਸਬਰ ਅਤੇ ਜਿਹਨਾਂ ਦੀ ਗੰਭੀਰਤਾ ਕਿਸੇ ਸਰਵਉੱਚ ਦੇਸ਼ ਦੇ ਨੌਜਵਾਨਾਂ ਨਾਲ਼ ਬਰਾਬਰੀ ਦਾ ਮੁਕਾਬਲਾ ਕਰ ਸਕਦੀ ਹੈ। ਇੱਥੇ ਅਸੀਂ ਫਜ਼ੂਲ ਗੱਲਾਂ ਨਹੀਂ ਕਰ ਰਹੇ ਹਾਂ। ਹੈਸੀਅਤ ਵਜੋਂ ਇੱਕ ਤਜ਼ਰਬੇਕਾਰ ਅਤੇ ਜਾਣਕਾਰ ਆਦਮੀ ਦੀ ਇਹ ਮਾਨਤਾ ਅਸੀਂ ਤੁਹਾਡੇ ਸਾਹਮਣੇ ਰੱਖ ਰਹੇ ਹਾਂ।

ਫਿਰ ਕੀ ਕਾਰਨ ਹੈ ਕਿ ਸਾਡੇ ਇਹਨਾਂ ਨੌਜਵਾਨਾਂ ਨੂੰ ਚੰਗੀ ਤਾਲੀਮ ਨਹੀਂ ਮਿਲ਼ਦੀ ? ਕੀ ਇਹਨਾਂ ਸਤਰਾਂ ਦਾ ਲੇਖਕ ਅਤੇ ਉਹਨਾਂ ਦਾ ਪਾਠਕ (ਦੋਵੇਂ) ਕੁਝ ਹੱਦ ਤੱਕ ਇਸ ਗੱਲ ਦੇ ਦੋਸ਼ੀ ਨਹੀਂ ਹਨ ਕਿ ਉਹਨਾਂ ਨੇ ਹੁਣ ਤਾਲੀਮ ਦੀ ਮੰਗ ਦਾ ਨਾਅਰਾ ਬੁਲੰਦ ਨਹੀਂ ਕੀਤਾ ?

ਸਾਖਰਤਾ-ਪ੍ਰਸਾਰ, ਸਮਾਜ-ਸਿੱਖਿਆ, ਤਾਲੀਮ ਦੀ ਥਾਂ ਨਹੀਂ ਲੈ ਸਕਦੀ। ਤਾਲੀਮ ਅੰਦਰ ਆਪਣੇ ਕਿੱਤੇ ਦਾ ਸਿਰਫ਼ ਗਿਆਨ ਹੀ ਨਹੀਂ ਆਉਂਦਾ, ਸਗੋਂ ਸੰਸਾਰ ਦੇ ਸਾਰੇ ਮੁੱਖ-ਵਿਸ਼ਿਆਂ ਦੀ ਬਹੁਤ ਸਾਰੀ ਜਾਣਕਾਰੀ ਵੀ ਮਿਲ਼ੀ-ਜੁਲ਼ੀ ਹੈ। ਅੱਜ ਜਿਸ ਤਰ੍ਹਾਂ ਦੀ ਸਿੱਖਿਆ ਸਾਡੇ ਨੌਜਵਾਨਾਂ ਨੂੰ ਦਿੱਤੀ ਜਾ ਰਹੀ ਹੈ, ਉਹ ਇੱਕ ਤਾਂ ਮਹਿੰਗੀ ਹੈ ਅਤੇ ਦੂਜੀ, ਸਿਰਫ਼ ਉਸੇ ਜਮਾਤ ਦੇ ਨੌਜਵਾਨਾਂ ਲਈ ਹੈ ਜਿਹੜੇ ਹਾਕਮ ਜਮਾਤ ਦੇ ਹਮਾਇਤੀ ਜਾਂ ਹਮਾਇਤੀਆਂ ਦੇ ਹਮਾਇਤੀ ਧਨੀ ਤੇ ਉੱਚ ਮੱਧ-ਵਰਗੀ ਟੱਬਰਾਂ ਤੋਂ ਆਉਂਦੇ ਹਨ।

ਸ਼੍ਰੀ ਰਾਜਗੋਪਾਲਚਾਰੀ ਮੱਧ-ਵਰਗ ਸਬੰਧੀ ਲਿਖਦੇ ਹੋਏ ਇਹ ਕਹਿੰਦੇ ਹਨ ਕਿ ਇਸ ਜਮਾਤ ਵਿੱਚ ਹਿੰਮਤ ਦੀ ਅਣਹੋਂਦ ਹੈ, ਉਹ ਬਾਬੂਗੀਰੀ ਪਸੰਦ ਕਰਦੀ ਹੈ। ਉਹ ਸਲਾਹ ਦਿੰਦੇ ਹਨ ਕਿ ਜਿਨ੍ਹਾਂ ਕਿੱਤਿਆਂ ਨੂੰ ਨੀਵਾਂ ਸਮਝਿਆ ਜਾਂਦਾ ਹੈ, ਉਹ ਅਸਲ ਵਿੱਚ ਨੀਵੇਂ ਨਹੀਂ ਹਨ। ਕਿੱਤਾ ਨੀਂਵਾ ਜਾਂ ਉੱਚਾ ਨਹੀਂ ਹੁੰਦਾ। ਮੱਧ-ਵਰਗ ਨੂੰ ਚਾਹੀਦਾ ਕਿ ਉਹ ਨੀਵੇਂ ਕਿੱਤਿਆਂ ਨੂੰ ਵੀ ਪ੍ਰਵਾਨ ਕਰਨ।

ਨਸੀਹਤ ਅਤੇ ਬਿਨ ਮੰਗੀ ਸਲਾਹ ਦੇਣ ਵਾਲ਼ੇ ਕਾਂਗਰਸੀ ਉਸਤਾਦਾਂ ਨੂੰ ਇਹ ਪਤਾ ਨਹੀਂ ਹੈ ਕਿ ਜੇ ਮੱਧ-ਵਰਗੀ ਲੋਕ ਬਾਬੂਗਰੀ ਹੀ ਕਰਦੇ ਹਨ ਤਾਂ ਇਸਦਾ ਬਹੁਤ ਕੁਝ ਪੁਸ਼ਤੈਨੀ ਹੈ। ਚਮਾਰ ਦਾ ਮੁੰਡਾ ਚਮਾਰ, ਬਾਣੀਏ ਦਾ ਬਾਣੀਆ ਅਤੇ ਕਲਰਕ ਦਾ ਮੁੰਡਾ ਕਲਰਕ, ਆਪਣੇ ਕਿੱਤੇ ਦੇ ਸੰਸਕਾਰਾਂ ਨੂੰ ਲੈ ਕੇ ਅੱਗੇ ਆਉਂਦਾ ਹੈ। ਇਹ ਸੰਸਕਾਰ ਉਸ ਦੀ ਕੰਮ ਸਮਰੱਥਾ ਵਿੱਚ ਸਹਾਈ ਹੁੰਦੇ ਹਨ। ਜੇ ਉਸ ਦਾ ਪੁਸ਼ਤੈਨੀ ਕਿੱਤਾ ਛੁਡਾ ਹੀ ਦੇਣਾ ਹੈ ਤਾਂ ਕੀ ਉਸ ਨੂੰ ਨਵੀਂ ਤਾਲੀਮ ਦੀ ਜ਼ਰੂਰਤ ਨਹੀਂ ਹੈ ?

ਅਤੇ ਫਿਰ, ਬਾਬੂਗੀਰੀ ਛੱਡ ਕੇ ਜੇ ਉਹ ਚਮੜੇ ਦਾ ਧੰਦਾ ਕਰਨ ਲੱਗੇ ਤਾਂ ਕੀ ਚਮਾਰਾਂ 'ਤੇ ਮੁਸੀਬਤ ਨਹੀਂ ਆਵੇਗੀ ? ਜੇ ਉਹ ਖੇਤੀ ਕਰਨ ਲੱਗਣ ਤਾਂ ਭੂਮੀ 'ਤੇ ਗੁਜ਼ਾਰਾ ਕਰਨ ਵਾਲ਼ਿਆਂ ਦੀ ਗਿਣਤੀ ਵਧਦੀ ਨਹੀਂ ਜਾਵੇਗੀ ? ਪਰ ਰਾਜਗੋਪਾਲਚਾਰੀ ਨੇ ਤਾਂ ਨਸੀਹਤਾਂ ਦੇਣੀਆਂ ਹਨ, ਨਾ ਕਿ ਸਮੱਸਿਆ ਨੂੰ ਸੁਲ਼ਝਾਉਣਾ ਹੈ !

ਧਿਆਨ ਰਹੇ ਕਿ ਸਿਰਫ਼ ਕਿੱਤਾ ਚੁਣਨ ਵਿੱਚ ਅਤੇ ਉਸ ਵਿੱਚ ਮਾਹਿਰ ਹੋਣ ਵਿੱਚ ਸਾਡੇ ਨੌਜਵਾਨ ਦੀ ਸਾਰੀ ਤਾਕਤ ਖ਼ਤਮ ਹੋ ਜਾਂਦੀ ਹੈ। ਉਹ ਛੇਤੀ ਹੀ ਬੁੱਢਾ ਹੋ ਜਾਂਦਾ ਹੈ। ਫਿਕਰ ਉਸ ਦੇ ਭਾਗਾਂ ਵਿੱਚ ਲਿਖੇ ਹੋਏ ਲੱਗਦੇ ਹਨ। ਉਹ ਉੱਤੋਂ ਚਾਹੇ ਜਿੰਨਾ ਮਰਜ਼ੀ ਹੱਸਦਾ ਰਹੇ, ਉਦਾਸੀ ਉਸਨੂੰ ਘੇਰੀ ਰੱਖਦੀ ਹੈ।

ਪਰ ਸਿਰਫ਼ ਉਦਾਸੀ ਹੀ ਉਸ ਨੂੰ ਘੇਰੀ ਨਹੀਂ ਰੱਖਦੀ। ਸਾਡਾ ਨੌਜਵਾਨ ਹੁਣ ਪੂਰੀ ਤਰ੍ਹਾਂ ਸਮਝ ਚੁੱਕਾ ਹੈ ਕਿ ਜਦ ਤੱਕ ਮੌਜੂਦਾ ਹਾਕਮ ਜਮਾਤ ਅਤੇ ਉਸ ਦੀਆਂ ਕਾਰਜ-ਨੀਤੀਆਂ, ਲੁੱਟ ਦੀ ਪ੍ਰੰਪਰਾ ਅਤੇ ਜ਼ਬਰ ਹੁੰਦਾ ਰਹੇਗਾ, ਤਦ ਤੱਕ ਬਿਹਤਰੀ ਨਹੀਂ ਆਉਣੀ। ਉਹ ਇਹ ਵੀ ਸਮਝ ਚੁੱਕਾ ਹੈ ਕਿ ਲੋਕਾਂ ਦੀ ਸੰਪੂਰਨ ਮੁਕਤੀ ਤੋਂ ਬਿਨਾਂ ਉਸਦੀ ਮੁਕਤੀ ਵੀ ਅਸੰਭਵ ਹੈ।

ਪਰ ਜ਼ਮਾਨੇ ਨੂੰ ਗਾਲ੍ਹਾਂ ਦੇਣ ਨਾਲ਼, ਸਿਰਫ ਸਮਾਜਕ ਅਲੋਚਨਾ ਨਾਲ਼, ਬੰਦਾ ਆਪਣੇ ਆਪ ਨੂੰ ਸਿਆਣਾ ਭਾਵੇਂ ਐਲਾਨ ਦੇਵੇ, ਉਹ ਆਪਣੇ ਨਿੱਜ ਦੇ ਸਮਾਜਕ ਅਤੇ ਪਰਿਵਾਰਕ, ਵਿਅਕਤੀਗਤ ਤੇ ਬਿਲਕੁਲ ਅੰਤਰਮੁਖੀ, ਕਰਤੱਵਾਂ ਅਤੇ ਜ਼ਿੰਮੇਵਾਰੀਆਂ ਤੋਂ ਕਦੇ ਵੀ ਬਰੀ ਨਹੀਂ ਹੋ ਸਕਦਾ।

ਅੱਜ-ਕੱਲ੍ਹ ਸਿਰਫ਼ ਆਪਣੀ ਹਾਲਤ ਅਤੇ ਬੇਇਨਸਾਫੀ ਤੇ ਲੁੱਟ 'ਤੇ ਟਿਕੇ ਢਾਂਚੇ ਤੇ ਪ੍ਰਸ਼ਾਸਨ ਦੀ ਖੜੋਤ, ਭ੍ਰਿਸ਼ਟਾਚਾਰ ਆਦਿ ਨੂੰ ਗਾਲ਼ਾਂ ਦੇ ਕੇ, ਆਪਣੀ ਕਮਜ਼ੋਰ ਹਉਮੈਂ ਦੇ ਚਾਰੇ ਪਾਸੇ ਰੱਖਿਅਕ ਕੰਧ ਖੜੀ ਕਰ ਲਈ ਜਾਂਦੀ ਹੈ। ਪਰ ਇਹ ਸਾਫ਼ ਹੈ ਕਿ ਇਹਨਾਂ ਰੱਖਿਅਕ ਕਤਾਰਾਂ ਅੰਦਰ ਰਹਿ ਕੇ ਕਮਜ਼ੋਰ ਹਉਮੈ ਮਜ਼ਬੂਤ ਨਹੀਂ ਹੋ ਸਕਦੀ। ਹਉਮੈ ਤੋਂ ਮੇਰਾ ਮਤਲਬ ਸਿਰਫ਼ ਆਪਣੀ ਨਿੱਜਤਾ ਦੀ ਸੱਤ੍ਹਾ ਨਾਲ਼ ਹੈ। ਜਿਸ ਤਰ੍ਹਾਂ ਸਿਰਫ਼ ਮਤੇ ਪਾਸ ਕਰਨ ਨਾਲ਼ ਲੋਕਾਂ ਦਾ ਭਲਾ ਨਹੀਂ ਹੋ ਸਕਦਾ (ਅਜਿਹੇ ਲੋਕਾਂ ਦਾ ਜਿਸ ਦੇ ਅਸੀਂ ਖੁਦ ਇੱਕ ਅੰਗ ਹਾਂ), ਉਸੇ ਤਰ੍ਹਾਂ ਗਾਲ੍ਹ ਕੱਢ ਦੇਣ ਨਾਲ਼, ਸਿਰਫ਼ ਵਧ-ਚੜ੍ਹ ਕੇ ਬੋਲਣ ਨਾਲ਼, ਲੋਕ ਵਿਰੋਧੀ ਤਾਕਤਾਂ ਦੀਆਂ ਰੱਖਿਅਕ ਕਤਾਰਾਂ ਕਦੀ ਨਹੀਂ ਟੁੱਟਦੀਆਂ। ਨਾਲ਼ ਹੀ ਇਹ ਇੱਕਦਮ ਜ਼ਰੂਰੀ ਹੈ ਕਿ ਅਸੀਂ ਲੋਕਾਂ ਵੱਲ ਆਪਣੇ ਸਮੂਹਿਕ ਅਤੇ ਵਿਅਕਤੀਗਤ ਜ਼ਿੰਮੇਵਾਰੀਆਂ ਦੇ ਨਿਰਵਾਹ ਵੱਲ ਲਗਾਤਾਰ ਪੈਰ ਵਧਾਈਏ।

ਪਰ, ਆਪਣੇ ਟੀਚੇ ਵੱਲ ਸਹੀ ਤਰੀਕੇ ਨਾਲ਼ ਅਸੀਂ ਆਪਣੇ ਕਦਮ ਤਦ ਤੱਕ ਨਹੀਂ ਵਧਾ ਨਹੀਂ ਸਕਦੇ, ਜਦ ਤੱਕ ਕਿ ਅਸੀਂ ਆਪਣੇ ਖੁਦ ਦੇ ਮਨ, ਵਚਨ ਅਤੇ ਕੰਮ ਦੀ ਸਹੀ-ਸਹੀ ਅਲੋਚਨਾ ਨਹੀਂ ਕਰ ਸਕਦੇ। ਨਾਲ਼ ਹੀ, ਲੋਟੂ-ਢਾਂਚੇ ਦੀ ਨਿੰਦਾ ਤੇ ਪਿਛਾਖੜੀਆਂ ਵਿਰੁੱਧ ਅਲੋਚਨਾ ਕਰਨ ਦੇ ਨਾਲ਼ੋ-ਨਾਲ਼, ਸਾਡਾ ਇਹ ਮੁੱਢਲਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਆਤਮ-ਅਲੋਚਨਾ ਦੇ ਹਥਿਆਰ ਨਾਲ਼ ਖੁਦ 'ਤੇ ਨਸ਼ਤਰ ਲਾਕੇ, ਉਹ ਸਾਰੀਆਂ ਕਮਜ਼ੋਰੀਆਂ ਦੂਰ ਕਰੀਏ ਜਿਹੜੀਆਂ ਸਾਡੀ ਜ਼ਿੰਮੇਵਾਰੀ ਦੀ ਪੂਰਤੀ ਦੇ ਰਾਹ ਵਿੱਚ ਅੜਿੱਕਾ

ਬਣ ਰਹੀਆਂ ਹਨ ਜਾਂ ਅੜਿੱਕਾ ਬਣ ਸਕਦੀਆਂ ਹਨ। ਇਸ ਮਾਮੂਲੀ ਸੱਚਾਈ ਨੂੰ ਅਸੀਂ ਜਿੰਨੀ ਡੂੰਘਾਈ ਨਾਲ਼ ਸਮਝਾਂਗੇ, ਉਨੀ ਹੀ ਵੱਡੀ ਉਚਾਈ 'ਤੇ ਅਸੀਂ ਵਧ ਸਕਾਂਗੇ। ਗ਼ਲਤੀਆਂ ਸਾਰੇ ਕਰਦੇ ਹਨ, ਪਰ ਸਮਝਦਾਰ ਉਹੀ ਹੈ ਜਿਹੜਾ ਆਪਣੀਆਂ ਗ਼ਲਤੀਆਂ ਨੂੰ ਛੇਤੀ ਸੁਧਾਰ ਲਵੇ ਅਤੇ ਆਪਣੇ ਤਜ਼ਰਬਿਆਂ ਤੋਂ ਲਗਾਤਾਰ ਸਿੱਖਦਾ ਜਾਵੇ। ਧਿਆਨ ਰਹੇ ਕਿ ਉਹ ਕੰਮ ਕਹਿਣ ਵਿੱਚ ਜਿੰਨਾ ਸੌਖਾ ਹੈ, ਉੱਨਾ ਹੀ ਕਰਨ ਵਿੱਚ ਔਖਾ (ਇਸ ਲੇਖ ਦਾ ਲੇਖਕ ਇਸ ਗੱਲ ਨੂੰ ਖੁਦ ਪਛਾਣਦਾ ਹੈ)।

ਇਹਨਾਂ ਗੱਲਾਂ ਨੂੰ ਨਜ਼ਰ ਵਿੱਚ ਰੱਖ ਕੇ ਜੇ ਅਸੀਂ ਆਪਣੇ ਨੌਜਵਾਨਾਂ ਨਾਲ਼ ਕੁੱਝ ਨਿੱਜੀ ਗੱਲਾਂ ਕਰੀਏ ਤਾਂ ਅਪ੍ਰਸੰਗਕ ਨਹੀਂ ਹੋਵੇਗਾ।

ਇਹ ਸ਼ੱਕ ਤੋਂ ਪਰ੍ਹੇ ਹੈ ਕਿ ਸਾਡਾ ਸਧਾਰਨ ਨੌਜਵਾਨ ਆਤਮ-ਅਲੋਚਨਾ ਦੇ ਮੁਸ਼ਕਲ ਹਥਿਆਰ ਨੂੰ ਨਾ ਤਾਂ ਠੀਕ ਤਰ੍ਹਾਂ ਵਰਤੋਂ ਕਰਨਾ ਜਾਣਦਾ ਹੈ, ਨਾ ਹੀ ਇੰਨੀ ਚੇਤਨਾ ਰੱਖਦਾ ਹੈ ਕਿ ਹਰ ਸਮੇਂ ਚੇਤੰਨ ਰਹਿ ਸਕੇ। ਕੁੱਝ ਅਜਿਹੇ ਨੌਜਵਾਨ ਵੀ ਹੁੰਦੇ ਹਨ, ਜਿਹੜੇ ਆਪਾ-ਭੰਡਣ ਦੇ ਮਨੋਵੇਗ ਵਿੱਚ ਆ ਕੇ ਆਪਣੇ ਖੁਦ ਦੇ ਬਾਰੇ ਕੀ ਪਤਾ ਕੀ-ਕੀ ਸੋਚ ਲੈਂਦੇ ਹਨ। ਆਪਾ-ਭੰਡਣ ਕਦੇ-ਕਦੇ ਸਹੀ ਵੀ ਹੁੰਦਾ ਹੈ, ਪਰ ਆਪਣੇ ਅੰਦਰ ਪ੍ਰਵਿਰਤੀ ਦੇ ਰੂਪ ਵਿੱਚ ਉਸਦੀ ਮੌਜੂਦਗੀ, ਆਤਮ-ਵਿਸ਼ਵਾਸ ਨੂੰ ਖੋਰਾ ਲਾ ਦਿੰਦੀ ਹੈ, ਅਤੇ, ਸਿੱਟੇ ਵਜੋਂ ਸਖ਼ਸ਼ੀਅਤ ਨੂੰ ਖੋਖਲ਼ਾ ਕਰ ਦਿੰਦੀ ਹੈ। ਅਸੀਂ ਅਜਿਹੀ ਆਤਮ-ਅਲੋਚਨਾ ਦੇ ਰਾਹ ਦੀ ਗੱਲ ਨਹੀਂ ਕਰ ਰਹੇ ਹਾਂ। ਆਤਮ-ਅਲੋਚਨਾ ਦਾ ਰਾਹ ਇਸ ਲਈ ਅਪਣਾਇਆ ਜਾਂਦਾ ਹੈ ਕਿ ਬਾਂਹਾਂ ਵਿੱਚ ਤਾਕਤ ਪੈਦਾ ਹੋਵੇ, ਦਿਮਾਗ਼ ਹੋਰ ਤੇਜ਼ ਚੱਲੇ, ਜਿਸ ਨਾਲ਼ ਕਿ ਲੋਕਾਂ ਪ੍ਰਤੀ ਆਪਣੀਆਂ ਲਾਜ਼ਮੀ ਜਵਾਬਦੇਹੀਆਂ ਦੇ ਰਾਹ ਵਿੱਚ ਆਉਣ ਵਾਲ਼ੇ ਰੋੜਿਆਂ ਦੀ ਮਾਰ ਦੀ ਤਕਲੀਫ਼ ਸਾਡੇ ਮਨ ਅਤੇ ਦਿਮਾਗ਼ 'ਤੇ ਭਾਰੀ ਨਾ ਪਵੇ। ਜਿਨ੍ਹਾਂ ਨੌਜਵਾਨਾਂ ਸਾਹਮਣੇ, ਕਿਸੇ ਨਾ ਕਿਸੇ ਸੰਦਰਭ ਵਿੱਚ, ਕਿਸੇ ਨਾ ਕਿਸੇ ਤਰ੍ਹਾਂ, ਕੁੱਝ ਨਾ ਕੁੱਝ ਅੰਸ਼ਾਂ ਵਿੱਚ, ਲੋਕਾਂ ਦਾ ਇਹ ਟੀਚਾ ਨਹੀਂ ਹੈ, ਉਹਨਾਂ ਦੀ ਤਾਂ ਇੱਥੇ ਗੱਲ ਹੀ ਨਹੀਂ ਹੋ ਰਹੀ ਹੈ।

ਸਾਡੇ ਨੌਜਵਾਨਾਂ ਵਿੱਚ ਕਿਹੜੀਆਂ-ਕਿਹੜੀਆਂ ਕਮਜ਼ੋਰੀਆਂ ਹਨ, ਇਹਨਾਂ ਨੂੰ ਗਿਣਨਾ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨਾ ਸੌਖਾ ਨਹੀਂ ਹੈ। ਜ਼ਰੂਰੀ ਇਹ ਹੈ ਕਿ ਇਸ ਵਿਸ਼ੇ 'ਤੇ ਚਾਨਣਾ ਪਾਉਣ ਲਈ ਕੁੱਝ ਖ਼ਾਸ ਤਰੀਕੇ ਅਪਣਾਏ ਜਾਣ। ਜੇ ਇਹ ਨਾ ਕਰੀਏ ਤਾਂ ਕਈ ਗੱਲਾਂ ਹਨ ਜਿਹੜੀਆਂ ਰਹਿ ਵੀ ਸਕਦੀਆਂ ਹਨ, ਜਿਨ੍ਹਾਂ ਨੂੰ ਛੱਡਣਾ ਨਹੀਂ ਚਾਹਾਂਗੇ। ਇਸ ਲਈ ਪਹਿਲਾਂ ਤਾਂ ਅਸੀਂ ਸਰਸਰੀ ਤੌਰ 'ਤੇ ਉਹ ਗੱਲਾਂ ਕਹਿੰਦੇ ਜਾਵਾਂਗੇ ਜਿਹੜੀਆਂ ਜਿੱਥੇ-ਜਿੱਥੇ ਜਿਵੇਂ-ਜਿਵੇਂ ਦਿਖਾਈ ਦਿੰਦੀਆਂ ਹਨ। ਇਸ ਤੋਂ ਬਾਅਦ ਅਸੀਂ ਕਮਜ਼ੋਰੀਆਂ ਨੂੰ ਵੱਖੋ-ਵੱਖਰੇ ਖੇਤਰਾਂ – ਜਿਵੇਂ ਪਰਿਵਾਰਕ, ਵਿਅਕਤੀਗਤ, ਸਮਾਜਕ ਆਦਿ – ਵਿੱਚ ਵੰਡ ਕੇ ਆਪਣੇ ਤਾਈਂ ਇਹ ਸੋਚ ਲਵਾਂਗੇ ਕਿ ਬਾਕੀ ਕਮਜ਼ੋਰੀਆਂ ਦੀ ਵਿਸ਼ਲੇਸ਼ਣ ਦਾ ਕੰਮ ਸਾਡੇ ਨੌਜਵਾਨ ਦੋਸਤਾਂ ਦਾ ਹੈ। (ਆਤਮ-ਅਲੋਚਨਾ ਬਾਰੇ ਜੋ ਉੱਪਰ ਲਿਖਿਆ ਜਾ ਚੁੱਕਾ ਹੈ ਜਾਂ ਹੋਰ ਸਬੰਧਿਤ ਵਿਸ਼ਿਆਂ 'ਤੇ ਲਿਖਿਆ ਜਾਵੇਗਾ, ਉਹ ਲਾਜ਼ਮੀ ਹੀ ਹੱਦਾਂ 'ਚ ਬੰਨ੍ਹਿਆ ਹੈ। ਕਮਜ਼ੋਰੀਆਂ ਦੇ ਰੂਪ ਹਾਲਤਾਂ ਮੁਤਾਬਕ ਦਿਖਾਈ ਦਿੰਦੇ ਹਨ। ਕਿਉਂਕਿ ਹਾਲਤਾਂ ਅੰਤਹੀਣ ਹਨ, ਇਸ ਲਈ ਕਮਜ਼ੋਰੀਆਂ ਦੇ ਰੂਪ ਵੀ ਅੰਤਹੀਣ ਹਨ। ਕਮਜ਼ੋਰੀਆਂ ਦੀ ਮਰਦਮਸ਼ੁਮਾਰੀ ਦਾ ਕੰਮ ਸਾਡਾ ਬਿਲਕੁਲ ਨਹੀਂ)।

ਸਾਡੇ ਨੌਜਵਾਨ ਦੋਸਤ, ਜਿਹੜੇ ਥੋੜ੍ਹਾ ਅੱਗੇ ਵਧੇ ਹੋਏ ਹਨ ਅਤੇ ਇੱਕ ਵਿਸ਼ੇਸ਼ ਖੇਤਰ ਵਿੱਚ ਸੰਖੇਪ ਅਸਰ ਰੱਖਦੇ ਹਨ, ਉਹਨਾਂ ਸਬੰਧੀ ਪਹਿਲਾਂ ਚਰਚਾ ਕਰਾਂਗੇ। ਆਮ ਰੂਪ 'ਚ ਸਾਨੂੰ ਕਮਜ਼ੋਰੀਆਂ ਦੇ ਖੇਤਰ ਵਿੱਚ ਤਿੰਨ ਤਰ੍ਹਾਂ ਦੇ ਲੋਕ ਦਿਖਾਈ ਦਿੰਦੇ ਹਨ। ਇੱਕ ਉਹ ਜਿਹੜੇ ਆਪਣੀ ਗੱਲਬਾਤ ਦੁਆਰਾ, ਭਾਸ਼ਣ ਕਲਾ ਦੁਆਰਾ, ਲਿਖਾਈ ਜ਼ਰੀਏ, ਕਿਸੇ ਨਾ ਕਿਸੇ ਤਰ੍ਹਾਂ ਅਸਰ ਕਾਇਮ ਰੱਖਦੇ ਹਨ; ਕਿਸੇ ਨਾ ਕਿਸੇ ਰੂਪ ਨਾਲ਼, ਕਿਤੇ ਨਾ ਕਿਤੇ, ਕਿਸੇ ਵਿਸ਼ੇਸ਼ ਪੱਧਰ 'ਤੇ, ਜਾਂ ਸਧਾਰਨ ਰੂਪ ਨਾਲ਼, ਹੰਕਾਰੀ ਹੁੰਦੇ ਹਨ। ਪੱਕਾ ਹੀ, ਇਸ ਹੰਕਾਰ ਦਾ ਲੋਕਾਂ ਦੇ ਟੀਚਿਆਂ ਨਾਲ਼ ਬੇਸੁਰਤਾ ਹੈ। ਹੰਕਾਰ ਨਾਲ਼ ਕੁੱਝ ਲੋਕਾਂ ਵਿੱਚ ਰੰਗ ਬੇਸ਼ੱਕ ਪੈਦਾ ਹੋਵੇ, ਉਸ ਨਾਲ਼ ਦਿਲ-ਦਿਮਾਗ਼ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ। ਹੰਕਾਰ ਨਾਲ਼ ਸੂਖਮ ਅਤੇ ਸਥੂਲ ਤਰ੍ਹਾਂ ਦੀ ਬੇਈਮਾਨੀ, ਬਦਦਿਆਨਤੀ, ਮੌਕਾਪ੍ਰਸਤੀ, ਬਦਮਾਸ਼ੀ, ਗੁੰਡਾ-ਗਰਦੀ, ਬੜਬੋਲਾਪਣ, ਢਿੱਲੀ ਜੁਬਾਨ, ਨਿੰਦਾ ਪ੍ਰਚਾਰ, ਅਣਗਹਿਲੀ ਅਤੇ ਜਗਿਆਸਾ ਦਾ ਸਰਵਨਾਸ਼ ਆਦਿ ਦੋਸ਼ ਪੈਦਾ ਹੁੰਦੇ ਹਨ। ਇੱਕ ਅਪਰਾਧ ਤੋਂ ਦੂਜਾ ਅਪਰਾਧ ਪੈਦਾ ਹੁੰਦਾ ਹੈ। ਸਖ਼ਸ਼ੀਅਤ ਵਿੱਚ ਨਿਘਾਰ ਸ਼ੁਰੂ ਹੋ ਜਾਂਦਾ ਹੈ। ਜਿਸ ਤਰ੍ਹਾਂ ਵਿਕਾਸ ਦੀਆਂ ਮੰਜ਼ਿਲਾਂ ਹੁੰਦੀਆਂ ਹਨ, ਉਸੇ ਤਰ੍ਹਾਂ ਨਿਘਾਰ ਦੀ ਪ੍ਰਕਿਰਿਆ ਦੀਆਂ ਵੀ ਅੱਗੇ ਵਧਦੀਆਂ ਪੌੜੀਆਂ ਦਾ ਵਿਸਥਾਰ ਹੁੰਦਾ ਹੈ। ਹੰਕਾਰੀ ਵਿਅਕਤੀ ਦੀ ਬੁੱਧੀ ਦੀ ਖ਼ੂਬੀ ਇਹ ਹੈ ਕਿ ਸੱਚ ਵਿੱਚ ਕਿੰਨਾ ਝੂਠ ਮਿਲਾਇਆ ਜਾਏ ਕਿ ਜਿਸ ਨਾਲ਼ ਉਹ ਅਸਰਦਾਰ ਹੋ ਸਕੇ ਅਤੇ ਰੰਗ ਬੰਨ੍ਹ ਸਕੇ, ਉਹ ਜਾਣਦਾ ਹੈ। ਇਨ੍ਹਾਂ ਬੁੱਧੀਮਾਨ ਹੰਕਾਰੀਆਂ ਵਿੱਚੋਂ ਹਜ਼ਾਰਾਂ ਨੌਜਵਾਨ ਲੀਡਰੀ ਦੇ ਖੇਤਰ ਵਿੱਚ ਆਉਂਦੇ ਹਨ – ਇਹ ਲੀਡਰੀ ਫਿਰ ਚਾਹੇ ਜਿਸ ਖੇਤਰ ਦੀ ਹੋਵੇ। ਦੇਖਿਆ ਸਿਰਫ਼ ਇੰਨਾ ਜਾਂਦਾ ਹੈ ਕਿ ਖੁਦ ਪਿੱਛੇ ਨਾ ਰਹਿਣ। ਇਸ ਬਚਾਅ ਨੂੰ ਖ਼ਿਆਲ ਵਿੱਚ ਰੱਖਦੇ ਹੋਏ, ਫਿਰ ਸਾਰੇ ਗੁਣ – ਜਿਵੇਂ, ਹਾਰਦਿਕਤਾ, ਮਾਰਮਿਕਤਾ, ਸੂਖਮਤਾ, ਸੱਤ-ਵਚਨ, ਉੱਪਰੀ ਤੌਰ ਦੀ ਮਿਹਨਤ ਆਦਿ ਗੱਲਾਂ ਸਾਹਮਣੇ ਕੀਤੀਆਂ ਜਾਂਦੀਆਂ ਹਨ ਕਿ ਜਿਸ ਨਾਲ਼ ਲੋਕ ਉਹਨਾਂ ਦੀਆਂ ਚੰਗਿਆਈਆਂ (ਜਿਹਨਾਂ ਨੂੰ ਉਹ ਮਨੁੱਖਤਾ ਆਖਣਗੇ) ਨੂੰ ਦੇਖ ਸਕਣ। ਪ੍ਰਭਾਵ ਬਣਨ ਤੋਂ ਬਾਅਦ ਅਤੇ ਜੇ ਕੋਈ ਮੂੰਹਫੱਟ ਹੋਵੇ ਤਾਂ ਸ਼ੁਰੂ ਤੋਂ ਹੀ, ਦੂਸਰਿਆਂ ਦੀ ਨਿੰਦਾ ਪਾਨ ਵਿੱਚ ਲੌਂਗ ਜਿਹੀ ਕੰਮ ਕਰਦੀ ਹੈ।

ਦੂਜੀ ਤਰ੍ਹਾਂ ਦੇ ਨੌਜਵਾਨ ਵੀ ਹੁੰਦੇ ਹਨ, ਜਿਨ੍ਹਾਂ ਨੂੰ ਵਿਅਕਤੀਗਤ ਖਿੱਚ ਅਤੇ ਪ੍ਰਭਾਵ ਸਭ ਤੋਂ ਜ਼ਿਆਦਾ ਚੰਗੇ ਲੱਗਦੇ

ਹਨ, ਭਾਵੇਂ ਉਸ ਖਿੱਚ ਅਤੇ ਉਸ ਦੇ ਪ੍ਰਭਾਵ ਦਾ ਸਿਧਾਂਤ ਨਾਲ਼ ਤੇ ਸਮੱਸਿਆਵਾਂ ਨਾਲ਼ ਕੋਈ ਸਬੰਧ ਹੋਵੇ ਜਾਂ ਨਾ ਹੋਵੇ। ਇਸ ਤਰ੍ਹਾਂ ਦੇ ਨੌਜਵਾਨ ਆਪਣੀ ਸ਼ਖ਼ਸ਼ੀਅਤ ਦਾ ਨਾ ਸਫ਼ਲਤਾਪੂਰਵਕ ਵਿਕਾਸ ਕਰ ਸਕਦੇ ਹਨ, ਨਾ ਹੀ ਉਹਨਾਂ ਸਮੱਸਿਆਵਾਂ 'ਤੇ ਸਹੀ ਢੰਗ ਨਾਲ਼ ਵਿਚਾਰ ਕਰ ਸਕਦੇ ਹਨ ਜਿਹੜੀਆਂ ਉਹਨਾਂ ਦੇ ਅਤੇ ਉਹਨਾਂ ਜਿਹੇ ਦੂਸਰਿਆਂ ਦੇ ਮਨ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ਼ ਜੋਸ਼ 'ਚ ਲਿਆਉਂਦੀਆਂ ਰਹਿੰਦੀਆਂ ਹਨ। ਖੁਦ ਇਮਾਨਦਾਰ ਹੁੰਦੇ ਹੋਏ ਵੀ, ਖਿੱਚ ਅਤੇ ਪ੍ਰਭਾਵ ਦੇ ਵੱਸ 'ਚ ਹੋ ਕੇ, ਆਖ਼ਰਕਾਰ ਉਸਦੀਆਂ ਆਪਣੀਆਂ ਮੌਲਿਕ ਤਾਕਤਾਂ ਦੀ ਨਾ (ਤਾਂ ਖੁਦ) ਵਰਤੋਂ ਹੁੰਦੀ ਹੈ ਤੇ ਨਾ ਉਹਨਾਂ ਦੀ ਸਮਾਜਕ ਵਰਤੋਂ ਹੁੰਦੀ ਹੈ। ਇੱਕ ਤਰ੍ਹਾਂ ਦੀ ਆਤਮ-ਮਗਨਤਾ ਤੇ ਆਪਣੇ ਵਿੱਚ ਹੀ ਬੰਦ ਰਹਿਣ ਦੀ ਪ੍ਰਵਿਰਤੀ ਅਤੇ ਜਗਿਆਸਾ ਦੀ ਅਣਹੋਂਦ ਆਦਿ ਵਿਸ਼ੇਸ਼ ਕਮਜ਼ੋਰੀਆਂ ਇਸ ਜਮਾਤ ਵਿੱਚ ਲੁਕੀਆਂ ਹਨ।

ਤੀਜੇ ਦਰਜੇ ਦੇ ਨੌਜਵਾਨ ਦਾ ਸੁਭਾਅ ਹੀ ਵੱਖਰਾ ਹੈ। ਸਜੇ ਹੋਏ ਬੈਠਕ-ਕਮਰੇ ਦੀ ਗੰਧ, ਉਨ੍ਹਾਂ ਦੇ ਮਨ ਵਿੱਚ ਕੰਮ ਕਰਦੀ ਹੋਈ, ਉਹਨਾਂ ਨੂੰ ਅਜਿਹੇ ਕੰਮਾਂ ਵੱਲ ਹੀ ਲੈ ਜਾਂਦੀ ਹੈ, ਜਿਸ ਨਾਲ਼ ਜਾਤੀ ਸਮਾਜਕ ਭੱਦਰਤਾ ਆਦਿ ਇੱਜ਼ਤਦਾਰ ਜਮਾਤ ਦੀਆਂ ਉਮੀਦਾਂ ਦੀ ਪੂਰਤੀ ਹੋ ਸਕੇ। ਉਨ੍ਹਾਂ ਲਈ ਅੱਛੀ-ਖਾਸੀ ਵੱਡੀ ਨੌਕਰੀ, ਸੋਹਣੀ ਪਤਨੀ, ਸੋਫਾ, ਕਿਤਾਬਾਂ ਦੀ ਖ਼ੂਬਸੂਰਤ ਅਲਮਾਰੀ, ਇੱਕ ਟ੍ਰੇਅ ਚਾਹ, ਸੋਹਣੇ ਚਮਚੇ, ਕੰਧ 'ਤੇ ਸਜੀਆਂ ਤਸਵੀਰਾਂ ਆਦਿ ਸਭ ਤੋਂ ਜ਼ਿਆਦਾ ਮੁੱਖ ਹਨ। ਉਹਨਾਂ ਦਾ ਹੰਕਾਰ ਸਿਰਫ਼ ਇੱਕ ਹੀ ਗੱਲ ਵਿੱਚ ਤ੍ਰਿਪਤ ਹੋ ਜਾਂਦਾ ਹੈ ਕਿ ਜੇ ਕੋਈ ਸਤਿਕਾਰਤ ਸਾਹਿਤਕਾਰ, ਮਹੱਤਵਪੂਰਨ ਲੀਡਰ, ਮੰਡਲੀਬਾਜ਼ ਚੰਗਾ ਅਮੀਰ ਵਿਅਕਤੀ, ਯਾਨੀ ਅਜਿਹੇ ਸੱਜਣ (ਉਹਨਾਂ ਦੇ ਘਰ ਆਣ), ਜਿਹਨਾਂ ਦੇ ਆਣ ਨਾਲ਼ ਉਸਦੀ ਖੁਦ ਦੀ ਭੱਦਰਤਾ ਅਤੇ ਨਗਰ ਵਿੱਚ ਉਸਦੇ ਸਮਾਜਕ ਰੁਤਬੇ ਨੂੰ ਚਾਰ ਚੰਨ ਲੱਗ ਸਕਣ। ਅਜਿਹੇ ਨੌਜਵਾਨ ਸਾਡੇ ਖ਼ਿਆਲ ਵਿੱਚ ਲੋਕਾਂ ਦੇ ਦੁਸ਼ਮਣ ਨਾ ਹੁੰਦੇ ਹੋਏ ਵੀ ਦੁਸ਼ਮਣ ਵਰਗੇ ਹੀ ਹਨ। ਉਨ੍ਹਾਂ ਵਿੱਚ ਉਹ ਸਾਰੇ ਔਗੁਣ ਹੁੰਦੇ ਹਨ, ਜਿਹੜੇ ਉਨ੍ਹਾਂ ਦੀ ਜਮਾਤ ਵਿੱਚ ਹੁੰਦੇ ਹਨ - ਜਿਵੇਂ ਪਹਿਲੇ ਦਰਜ਼ੇ ਵਿੱਚ ਐੱਮ.ਏ. ਕਰਨੀ ਹੋਵੇ ਤਾਂ ਪ੍ਰੀਖਿਅਕ 'ਤੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ਼ ਦਬਾਅ ਪਾਉਣ ਲਈ ਸਮਾਜ ਦੀਆਂ ਉੱਚੀਆਂ ਜਮਾਤਾਂ ਦੇ ਰਸੂਖ ਵਾਲ਼ੇ ਲੋਕਾਂ ਨਾਲ਼ ਦੋਸਤੀ। ਖਾਨਦਾਨ 'ਤੇ ਮਾਣ, ਪਰਿਵਾਰ ਦੀ ਮਰਿਯਾਦਾ, ਇਹਨਾਂ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ।

ਨੌਜਵਾਨ ਮੌਲਿਕ ਹੁੰਦਾ ਹੈ। ਉਸਦੇ ਮਨ ਵਿੱਚ ਸੁਭਾਵਿਕ ਤੌਰ 'ਤੇ ਕੁਦਰਤ ਦੀਆਂ ਮੌਲਿਕ ਤਾਕਤਾਂ ਕੰਮ ਕਰਦੀਆਂ ਰਹਿੰਦੀਆਂ ਹਨ। ਪਰ ਜਦ ਅਸੀਂ ਉਸਨੂੰ ਆਪਣੀਆਂ ਤਾਕਤਾਂ ਨੂੰ ਫਾਲਤੂ ਦੀ ਬਕਵਾਸ, ਵਿਅਰਥ ਫੱਕਰਪੁਣੇ, ਬੇਤੁਕੀਆਂ ਗੱਲਾਂ, ਗ਼ੈਰ-ਜ਼ਿੰਮੇਵਾਰ ਰਵੱਈਆ ਆਦਿ ਕਰਦੇ ਦੇਖਦੇ ਹਾਂ ਤਾਂ ਲਗਦਾ ਹੈ ਕਿ ਕੀ ਇਸ ਨੂੰ ਨੌਜਵਾਨ ਕਿਹਾ ਜਾ ਸਕਦਾ ਹੈ।

ਨੌਜਵਾਨੀ ਦਾ ਕਿਹੜਾ ਚਿੱਤਰ ਸਾਡੇ ਸਾਹਮਣੇ ਰਹਿਣਾ ਚਾਹੀਦਾ?

ਤਰਕਸੰਗਤ ਸ਼ੁੱਧ ਵਿਚਾਰ ਪ੍ਰਵਾਹ ਅਤੇ ਜਗਿਆਸਾ, ਤੱਥਾਂ ਨੂੰ ਪਛਾਨਣ, ਉਹਨਾਂ ਨੂੰ ਜੱਥੇਬੰਦ ਕਰਕੇ ਉਹਨਾਂ ਦਾ ਨਿਚੋੜ ਕੱਢਣ ਦੀ ਤਾਕਤ;

ਚਮਕ-ਦਮਕ ਵਾਲ਼ੇ ਆਦਰਸ਼ਵਾਦ; ਬੇਈਮਾਨੀ, ਦੋਗਲੀਆਂ ਗੱਲਾਂ, ਗੈਰ-ਜ਼ਿੰਮੇਵਾਰ, ਕੰਮਚੋਰ, ਮੌਖਿਕ ਆਦਰਸ਼ਵਾਦ, ਘੁਮੰਡ, ਹੰਕਾਰ ਆਦਿ ਦੀ ਅਣਹੋਂਦ;

ਗਿਆਨ ਸਾਹਮਣੇ, ਸੱਚ ਸਾਹਮਣੇ, ਹਾਰਦਿਕਤਾ ਅਤੇ ਮਾਰਮਿਕਤਾ ਸਾਹਮਣੇ, ਪ੍ਰੇਮ ਅਤੇ ਤਿਆਗ ਸਾਹਮਣੇ, ਲਗਾਤਾਰ ਨਿਮਰਤਾ ਅਤੇ ਹਲੀਮੀ;

ਮਨੁੱਖ ਦੇ ਲਗਾਤਾਰ ਜੁਝਾਰੂ ਵਿਕਾਸ ਵਿੱਚ ਯਕੀਨ; ਬੁਰਾਈਆਂ, ਅੜਿੱਕਿਆਂ, ਰੁਕਾਵਟਾਂ, ਲੋਕਾਈ ਦੇ ਦੁਸ਼ਮਣਾਂ 'ਤੇ ਮਨੁੱਖ ਦੀ ਸੁਭਾਵਿਕ ਕੁਦਰਤੀ ਸ਼ੁੱਧ ਮਨ ਵਿੱਚ ਵਿਸ਼ਵਾਸ;

ਲੋਕਾਂ ਦੀ ਭਲਾਈ ਵਿੱਚ ਵਿਸ਼ਵਾਸ਼, ਉਹਨਾਂ ਦੇ ਸੰਘਰਸ਼ਾਂ ਦੀ ਸਫਲਤਾ ਵਿੱਚ ਆਤਮਕ ਯਕੀਨ, ਲੋਕਾਈ ਦੀਆਂ ਰਚਣਹਾਰ ਇਤਿਹਾਸਕ ਤਾਕਤਾਂ ਦੀ ਜਿੱਤ ਦਾ ਸੁਪਨਾ;

ਆਪਣੇ ਤਜ਼ਰਬਿਆਂ ਤੋਂ, ਦੂਜਿਆਂ ਦੇ ਤਜ਼ਰਬਿਆਂ ਤੋਂ, ਹਮੇਸ਼ਾ ਸਿੱਖਦੇ ਰਹਿਣ ਦੀ ਚੇਤੰਨ ਪਿਆਸ ਅਤੇ ਬੇਝਿਜਕ ਤੇ ਬਿਨ੍ਹਾਂ ਸ਼ਰਮਿੰਦਗੀ ਆਪਣੀਆਂ ਗ਼ਲਤੀਆਂ ਨੂੰ ਸਾਰਿਆਂ ਸਾਹਮਣੇ ਮੰਨਣ ਦੀ ਨਿਮਰ ਮਹਾਨਤਾ; ਦੂਜਿਆਂ ਦੀਆਂ ਗਲਤੀਆਂ ਅਤੇ ਔਗਣਾਂ ਦੇ - ਬਿਨ੍ਹਾਂ ਸ਼ਰਤ ਕਿ ਉਹ ਬਹੁਤ ਨੁਕਸਾਨਦਾਇਕ ਨਾ ਹੋਣ - ਹਮਦਰਦੀਪੂਰਨ, ਇਮਾਨਦਾਰ ਵਿਸ਼ਲੇਸ਼ਣ ਦੀ ਉਦਾਰਤਾਪੂਰਨ ਜ਼ਿੰਮੇਵਾਰੀ, ਬਹਾਦਰੀ ਤੇ ਦ੍ਰਿੜਤਾ ਨਾਲ਼ ਕਦਮ ਵਧਾਉਣ ਦੀ ਯੋਗਤਾ; ਤੇ ਵਿਅਕਤੀਗਤ ਜ਼ਿੰਦਗੀ ਦੀ ਜੱਥੇਬੰਦੀ ਆਦਿ-ਆਦਿ ਅਜਿਹੀਆਂ ਹਨ ਜਿਨ੍ਹਾਂ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ: (ਅੱਗੇ ਦਾ ਹਿੱਸਾ ਉਪਲੱਬਧ ਨਹੀਂ ਹੈ)

('ਨਵਾਂ ਖ਼ੂਨ', 1952, ਵਿੱਚ ਪ੍ਰਕਾਸ਼ਤ)

**ਅਨੁਵਾਦ**- ਪ੍ਰਿੰਸ

*ਜਦੋਂ ਤੱਕ ਲੋਕ ਆਪਣੀ ਅਜ਼ਾਦੀ ਦੀ ਵਰਤੋਂ ਕਰਨ ਦੀ ਜ਼ਹਿਮਤ ਨਹੀਂ ਕਰਦੇ, ਤਦ ਤੱਕ ਤਾਨਾਸ਼ਾਹਾਂ ਦਾ ਰਾਜ ਚਲਦਾ ਰਹੇਗਾ, ਕਿਉਂਕਿ ਤਾਨਾਸ਼ਾਹ ਸਰਗਰਮ ਅਤੇ ਜ਼ੋਸ਼ੀਲੇ ਹੁੰਦੇ ਹਨ, ਉਹ ਨੀਂਦ 'ਚ ਡੁੱਬੇ ਹੋਏ ਲੋਕਾਂ ਨੂੰ ਜ਼ਜੀਰਾਂ ਨਾਲ ਜਕੜਨ ਲਈ, ਰੱਬ, ਧਰਮ ਜਾਂ ਕਿਸੇ ਵੀ ਦੂਜੀ ਚੀਜ਼ ਦਾ ਸਹਾਰਾ ਲੈਣ ਤੋਂ ਨਹੀਂ ਹਿਚਕਣਗੇ।*

*• ਵੋਲਤੇਅਰ*

# ਰਾਜਸੀ ਸਿੱਖਿਆ

**ਸੱਜੇ-ਪੱਖੀ ਟਰੇਡ ਯੂਨੀਅਨਿਜ਼ਮ** : ਮਜ਼ਦੂਰ ਲਹਿਰ ਵਿਚ ਇਕ ਮੌਕਾਪ੍ਰਸਤ ਰੁਝਾਨ ਜੋ ਆਪਣੇ ਕਾਰਜਾਂ ਨੂੰ ਸਰਮਾਏਦਾਰੀ ਦੇ ਚੌਖਟੇ ਅੰਦਰ ਕੰਮ ਦੀਆਂ ਅਤੇ ਜੀਵਨ ਦੀਆਂ ਚੰਗੇਰੀਆਂ ਹਾਲਤਾਂ ਲਈ ਸੰਗਰਾਮ ਤੱਕ ਸੀਮਤ ਰੱਖਦਾ ਹੈ। 19ਵੀਂ ਸਦੀ ਦੇ ਅੱਧ ਵਿੱਚ ਸੱਜੇ-ਪੱਖੀ ਟਰੇਡ ਯੂਨੀਅਨਿਜ਼ਮ ਮਜ਼ਦੂਰ ਜਮਾਤ ਦੇ ਅੰਦਰ ਕਿਰਤੀ ਅਮੀਰਸ਼ਾਹੀ ਦੇ ਉਭਾਰ ਮਗਰੋਂ ਬਰਤਾਨੀਆਂ ਵਿੱਚ ਹੋਂਦ ਵਿੱਚ ਆਇਆ ਸੀ। ਇਸ ਸਦੀ ਦੇ ਸ਼ੁਰੂ ਸਮੇਂ ਇਹ ਕਈ ਹੋਰ ਯੂਰਪੀ ਦੇਸਾਂ ਵਿਚ ਅਤੇ ਅਮਰੀਕਾ ਵਿਚ ਫੈਲ ਗਿਆ। ਹੌਲੀ ਹੌਲੀ ਇਹ ਆਪਣੇ ਆਪ ਵਿਚ ਇਕ ਰੁਝਾਨ ਨਾ ਰਹਿ ਗਿਆ ਅਤੇ ਮੌਕਾਪ੍ਰਸਤ-ਸੁਧਾਰਵਾਦੀ ਰੁਝਾਨਾਂ ਵਿੱਚ ਘੁਲਮਿਲ ਗਿਆ।

**ਸਦਾਚਾਰ** : ਸਮਾਜਕ ਚੇਤਨਾ ਦਾ ਇਕ ਰੂਪ, ਸਮਾਜਕ ਅਤੇ ਪਰਿਵਾਰਕ ਜੀਵਨ ਵਿਚ ਰਵੱਈਏ ਦੇ ਮਿਆਰਾਂ ਅਤੇ ਅਸੂਲਾਂ ਦਾ ਕੁੱਲ-ਜੋੜ। ਇਹ ਲੋਕ ਰਾਇ, ਵਿਸ਼ਵਾਸ਼ਾਂ, ਰਵਾਇਤਾਂ ਅਤੇ ਆਦਤਾਂ ਉੱਤੇ ਆਧਾਰਤ ਹੁੰਦਾ ਹੈ। ਇਹ ਵਿਅਕਤੀ ਦੇ ਅਮਲਾਂ ਵਿੱਚ ਅਤੇ ਕੰਮ, ਪਰਿਵਾਰ, ਸਮੂਹ ਤੇ ਸਮਾਜ ਵੱਲ ਉਹਦੇ ਰਵੱਈਏ ਵਿੱਚ ਪਰਗਟ ਹੁੰਦਾ ਹੈ। ਵੱਖ-ਵੱਖ ਜਮਾਤਾਂ ਦਾ ਇਸ ਬਾਰੇ ਵੱਖਰਾ ਵੱਖਰਾ ਵਿਚਾਰ ਹੁੰਦਾ ਹੈ ਕਿ ਸਦਾਚਾਰਕ ਜਾਂ ਅਸਦਾਚਾਰਕ, ਚੰਗਾ ਜਾਂ ਬੁਰਾ ਕੀ ਹੈ।

**ਸਨਅਤੀਕਰਨ** : ਵੱਡੇ ਪੈਮਾਨੇ ਦੀ ਸਨਅਤ ਦਾ ਵਿਕਾਸ ਅਤੇ ਸਭ ਤੋਂ ਵੱਧ ਉਹਦੀਆਂ ਉਹਨਾਂ ਸ਼ਾਖ਼ਾਂ ਦਾ ਵਿਕਾਸ ਜੋ ਪੈਦਾਵਾਰ ਦੇ ਸਾਧਨ ਪੈਦਾ ਕਰਦੀਆਂ ਹਨ। ਸਮਾਜਵਾਦੀ ਸੱਨਅਤੀਕਰਨ ਦਾ ਮੰਤਵ ਦੇਸ ਦੀ ਆਰਥਕ ਸੁਆਧੀਨਤਾ ਪ੍ਰਾਪਤ ਕਰਨਾ ਅਤੇ ਲੋਕਾਂ ਦੀ ਖ਼ੁਸ਼ਹਾਲੀ ਦੇ ਵਾਧੇ ਵਾਸਤੇ ਤੇ ਦੇਸ ਦੀ ਰੱਖਿਅਕ ਸਮਰੱਥਾ ਪੱਕੇ ਪੈਰੀਂ ਕਰਨ ਵਾਸਤੇ ਕੌਮੀ ਆਰਥਕਤਾ ਦੀਆਂ ਹੋਰ ਸ਼ਾਖ਼ਾਂ ਨੂੰ ਨਵੇਂ ਸਿਰਿਉਂ ਲੈਸ ਕੀਤੇ ਜਾਣ ਲਈ ਆਧਾਰ ਸਥਾਪਤ ਕਰਨਾ ਹੁੰਦਾ ਹੈ। ਸਮਾਜਵਾਦੀ ਦੇਸਾਂ ਵਿੱਚ ਸਨਅਤੀਕਰਨ ਵਿੱਚ ਵਿਗਿਆਨਕ ਅਤੇ ਤਕਨਾਲੋਜੀਕਲ ਇਨਕਲਾਬ, ਜੋ 1950ਵਿਆਂ ਵਿੱਚ ਸ਼ੁਰੂ ਹੋਇਆ ਸੀ, ਅਤੇ ਸਮਾਜਵਾਦ ਦੇ ਲਾਭਾਂ ਨਾਲ ਉਹਦੀਆਂ ਪ੍ਰਾਪਤੀਆਂ ਦੀ ਇਕਮਿਕਤਾ ਵੱਲੋਂ ਸਹਾਇਤਾ ਕੀਤੀ ਜਾਂਦੀ ਹੈ। ਸਰਮਾਏਦਾਰੀ ਅਧੀਨ ਸਨਅਤੀਕਰਨ ਬੁਰਜੁਆਜ਼ੀ ਦੇ ਆਰਥਕ ਤੇ ਰਾਜਨੀਤਿਕ ਗ਼ਲਬੇ ਦੀ ਮਜ਼ਬੂਤੀ ਵੱਲ ਅਤੇ ਸਰਮਾਏਦਾਰੀ ਸਮਾਜ ਦੀਆਂ ਸਾਰੀਆਂ ਵਿਰੋਧਤਾਈਆਂ ਦੇ ਵਿਗਾੜ ਵੱਲ ਲੈ ਜਾਂਦਾ ਹੈ। ਜਿਨ੍ਹਾਂ ਵਿੱਚ ਤਕਨੀਕੀ ਪੱਖੋਂ ਤੇ ਆਰਥਕ ਪੱਖੋਂ ਵਿਕਸਤ ਦੇਸਾਂ ਅਤੇ ਘੱਟ-ਵਿਕਸਤ ਦੇਸਾਂ, ਜੋ ਵੱਡੀਆਂ ਸਾਮਰਾਜਵਾਦੀ ਤਾਕਤਾਂ ਨੂੰ ਕੱਚੇ ਮਾਲ ਦੇਣ ਵਾਲੇ ਦਬੇਲ ਇਲਾਕੇ ਬਣ ਕੇ ਰਹਿ ਜਾਂਦੇ ਹਨ, ਵਿਚਕਾਰਲੀਆਂ ਵਿਰੋਧਤਾਈਆਂ ਵੀ ਸ਼ਾਮਲ ਹਨ। ਸਨਅਤੀਕਰਨ ਨੇਪਰੇ ਚਾੜ੍ਹਨ ਵਿਚ, ਜੋ ਸੱਚੀ ਰਾਜਨੀਤਕ ਅਤੇ ਆਰਥਕ ਸੁਆਧੀਨਤਾ ਦੀ ਪ੍ਰਾਪਤੀ ਵਿੱਚ ਇਕ ਮਹੱਤਵਪੂਰਨ ਅਨਸਰ ਹੁੰਦਾ ਹੈ, ਵਿਕਾਸਸ਼ੀਲ ਦੇਸ: ਨੂੰ ਬੇਗਰਜ਼ ਮਦਦ ਸਮਾਜਵਾਦੀ ਦੇਸਾਂ ਵੱਲੋਂ ਦਿੱਤੀ ਜਾਂਦੀ ਰਹੀ ਹੈ। ਵਿਕਾਸਸ਼ੀਲ ਦੇਸਾਂ ਅਤੇ ਸੰਸਾਰ ਸਮਾਜਵਾਦੀ ਪ੍ਰਣਾਲੀ ਵਿਚਕਾਰ ਆਰਥਕ ਸੰਬੰਧਾਂ ਦਾ ਵਾਧਾ ਵਿਕਾਸਸ਼ੀਲ ਦੇਸਾਂ ਨੂੰ ਬਦੇਸੀ ਸਰਮਾਏ ਉੱਤੇ ਆਪਣੀ ਨਿਰਭਰਤਾ ਖ਼ਤਮ ਕਰਨ ਵਿਚ, ਆਪਣੀ ਦੇਸੀ ਮੰਡੀ ਫੈਲਾਉਣ ਵਿਚ, ਰਾਜਕੀ ਬੱਚਤਾਂ ਵਧਾਉਣ ਵਿਚ, ਆਪਣੇ ਹੀ ਲੋਕਾਂ ਵਿੱਚੋਂ ਹੁਨਰਮੰਦ ਅਮਲਾ ਸਿਖਾਉਣ ਵਿਚ, ਆਰਥਕ ਬਣਤਰਾਂ ਦੀ ਬਹੁਰੂਪਤਾ ਸਹਿਜੇ ਸਹਿਜੇ ਖਤਮ ਕਰਨ ਵਿੱਚ ਅਤੇ ਆਪਣੀਆਂ ਬੁਨਿਆਦੀ ਸਨਅਤਾਂ ਉਸਾਰਨ ਵਿੱਚ ਮੱਦਦ ਦਿੰਦਾ ਹੈ।

**ਸੱਭਿਆਚਾਰਕ ਇਨਕਲਾਬ** : ਆਮ ਲੋਕਾਂ ਵੱਲੋਂ ਵਿਕਸਤ, ਅਗਾਂਹਵਧੂ ਵਿਚਾਰਧਾਰਾ ਅਤੇ ਸੱਭਿਆਚਾਰ ਪ੍ਰਾਪਤ ਕੀਤੇ ਜਾਣਾ, ਬੀਤੇ ਦੇ ਸੱਭਿਆਚਾਰਕ ਵਿਰਸੇ ਨੂੰ, ਸੰਸਾਰ-ਸੱਭਿਆਚਾਰ ਦੀਆਂ ਸਾਰੀਆਂ ਦੌਲਤਾਂ ਨੂੰ ਅਲੋਚਨਾਤਮਕ ਢੰਗ ਨਾਲ਼ ਗ੍ਰਹਿਣ ਕਰਨ ਦੇ ਅਧਾਰ 'ਤੇ ਇੱਕ ਨਵੇਂ ਸੱਭਿਆਚਾਰ ਦੀ ਉਸਾਰੀ। ਸੱਭਿਆਚਾਰਕ ਇਨਕਲਾਬ ਸਮਾਜਵਾਦ ਦੀ ਉਸਾਰੀ ਦਾ ਇੱਕ ਬਣਤਰੀ ਅੰਗ ਹੁੰਦਾ ਹੈ।

ਸੱਭਿਆਚਾਰਕ ਇਨਕਲਾਬ ਦੇ ਕਾਰਜ ਅਤੇ ਰੂਪ ਕਿਸੇ ਦੇਸ ਵਿਚ ਪ੍ਰਾਪਤੀ ਕੀਤੇ ਗਏ ਸੱਭਿਆਚਾਰਕ ਵਿਕਾਸ ਦੇ ਦਰਜੇ ਉੱਤੇ ਨਿਰਭਰ ਕਰਦੇ ਹਨ। ਸੱਭਿਆਚਾਰਕ ਤੌਰ ਉੱਤੇ ਪਛੜਿਆ ਹੋਇਆ ਦੇਸ, ਜੋ ਸਮਾਜਵਾਦੀ ਤਬਦੀਲੀਆਂ ਦਾ ਰਾਹ ਫੜਦਾ ਹੈ, ਸਰਬਵਿਆਪਕ ਪੜ੍ਹਤਾ, ਵਿਗਿਆਨ ਤੇ ਸੱਭਿਆਚਾਰ ਦੀ ਤਰੱਕੀ ਅਤੇ ਸਮਾਜਵਾਦ ਦੀ ਭਾਵਨਾ ਵਿਚ ਲੋਕਾਂ ਦੀ ਵਿੱਦਿਆ ਦੀ ਪ੍ਰਾਪਤੀ ਲਈ ਜਨਤਕ ਵਿੱਦਿਆ ਦੀ ਵਿਸਥਾਰਿਤ ਪ੍ਰਣਾਲੀ ਕਾਇਮ ਕਰਦਾ ਹੈ। ਪੁਰਾਣੇ ਬੁਧੀਜੀਵੀ ਤਬਕੇ ਦਾ ਇਕ ਹਿੱਸਾ ਆਪਣੀ ਸੇਵਾ ਸਮਾਜਵਾਦੀ ਉਸਾਰੀ ਪੇਸ਼ ਕਰਦਾ ਹੈ ਅਤੇ ਮਜ਼ਦੂਰਾਂ ਤੇ ਕਿਸਾਨਾਂ ਵਿੱਚੋਂ ਇੱਕ ਨਵਾਂ ਬੁਧੀਜੀਵੀ ਤਬਕਾ ਹੋਂਦ ਵਿੱਚ ਆ ਜਾਂਦਾ ਹੈ।

**ਸਮਾਜਕ ਸ਼ਾਵਨਵਾਦ**: ਕੌਮਾਤਰੀ ਮਜ਼ਦੂਰ ਲਹਿਰ ਵਿਚ ਇਕ ਮੌਕਾਪ੍ਰਸਤ ਰੁਝਾਨ, ਜੀਹਦੇ ਮੁਦੱਈ ਬੁਰਜੂਆਜ਼ੀ ਦੀਆਂ ਸ਼ਾਵਨਵਾਦੀ ਨੀਤੀਆਂ ਦਾ ਸਮਰਥਨ ਕਰਦੇ ਹਨ। ਸਮਾਜਕ ਸ਼ਾਵਨਵਾਦ ਨੇ ਆਪਣੇ ਆਪ ਨੂੰ ਪਹਿਲੀ ਸੰਸਾਰ ਜੰਗ (1914-1918) ਦੌਰਾਨ ਅਤਿਅੰਤ ਸਪੱਸ਼ਟਤਾ ਨਾਲ ਪਰਗਟ ਕੀਤਾ ਸੀ, ਜਦੋਂ ਦੂਜੀ ਕੌਮਾਂਤਰੀ ਦੇ ਬਹੁਗਿਣਤੀ ਆਗੂਆਂ ਨੇ ਪ੍ਰੋਲੇਤਾਰੀ ਕੌਮਾਂਤਰੀਵਾਦ ਦੇ ਅਸੂਲਾਂ ਨਾਲ ਗ਼ੱਦਾਰੀ ਕੀਤੀ ਅਤੇ 'ਆਪਣੀ ਮਾਤਭੂਮੀ ਦੀ ਰਾਖੀ ਕਰਨ" ਦੇ ਬਹਾਨੇ ਆਪਣੀਆਂ ਸਰਕਾਰਾਂ ਦੀ ਸਾਮਰਾਜੀ ਨੀਤੀ ਨੂੰ ਆਪਣੀ ਹਮਾਇਤ ਦਿੱਤੀ।

ਫਲਸਫਾ

# ਆਰਥਿਕ ਨਿਯਮ ਅਤੇ ਉਹਨਾਂ ਦੀ ਵਰਤੋਂ

• ਮੌਰਿਸ ਕੌਰਨਫੋਰਥ

ਸਮਾਜਿਕ ਵਿਕਾਸ ਦੇ ਬੁਨਿਆਦੀ ਨਿਯਮ ਆਰਥਿਕ ਨਿਯਮ ਹਨ। ਇਹ ਬਾਹਰਮੁਖੀ ਨਿਯਮ ਹਨ ਜੋ ਮਨੁੱਖ ਦੀ ਇੱਛਾ ਤੋਂ ਅਜ਼ਾਦਾਨਾ ਰੂਪ 'ਚ ਕਾਰਜਸ਼ੀਲ ਹੁੰਦੇ ਹਨ, ਇਹਨਾਂ ਵਿੱਚ ਹਰ ਇੱਕ ਖਾਸ ਸਮਾਜੀ ਆਰਥਿਕ ਬਣਤਰ ਦੇ ਵਸ਼ਿਸ਼ਟ ਨਿਯਮ ਅਤੇ ਸਾਰੀਆਂ ਬਣਤਰਾਂ ਲਈ ਸਾਂਝੇ ਆਮ ਨਿਯਮ ਸ਼ਾਮਿਲ ਹਨ।

ਸਮਾਜ ਵਿੱਚ ਲੋਕ ਆਰਥਿਕ ਨਿਯਮਾਂ ਦੀ ਵਰਤੋਂ ਸਮਾਜਿਕ ਤਬਦੀਲੀਆਂ ਲਿਆਉਣ ਲਈ ਕਰਦੇ ਹਨ। (1) ਜਮਾਤੀ ਸਮਾਜ ਵਿੱਚ ਆਰਥਿਕ ਨਿਯਮਾਂ ਦੀ ਵਰਤੋਂ ਹਮੇਸ਼ਾਂ ਜਮਾਤੀ ਹਿੱਤਾਂ ਤੋਂ ਤੈਅ ਹੁੰਦੀ ਹੈ।(2) ਅਗਾਂਹਵਧੂ ਜਮਾਤ ਆਰਥਿਕ ਨਿਯਮਾਂ ਦੀ ਵਰਤੋਂ ਸਮਾਜ ਨੂੰ ਅੱਗੇ ਵੱਲ ਵਿਕਾਸ ਦੇ ਉਚੇਰੇ ਪੜਾਅ 'ਤੇ ਲਿਜਾਣ ਲਈ ਇਸਤੇਮਾਲ ਕਰਦੀ ਹੈ, ਜਦਕਿ ਪਿਛਾਖੜੀ ਜਮਾਤਾਂ ਇਸਦਾ ਟਾਕਰਾ ਕਰਦੀਆਂ ਹਨ। (3) ਜਦੋਂ ਮਜ਼ਦੂਰ ਜਮਾਤ ਸਮਾਜਵਾਦ ਲਈ ਸੰਘਰਸ਼ ਕਰਦੀ ਹੈ, ਆਰਥਿਕ ਨਿਯਮਾਂ ਦਾ ਇਸਤੇਮਾਲ ਸਿਰਫ ਇੱਕ ਜਮਾਤ ਦੇ ਹਿੱਤਾਂ ਵਿੱਚ ਨਹੀਂ ਸਗੋਂ ਸਮਾਜ ਦੀ ਬਹੁਗਿਣਤੀ ਦੇ ਹਿੱਤਾਂ ਵਿੱਚ ਕੀਤਾ ਜਾਂਦਾ ਹੈ।(4) ਜਿੱਥੇ ਬੀਤੇ ਸਮੇਂ ਵਿੱਚ ਆਰਥਿਕ ਨਿਯਮਾਂ ਦਾ ਇਸਤੇਮਾਲ, ਅਜਿਹੇ ਨਿਯਮਾਂ ਬਾਰੇ ਵਿਗਿਆਨਕ ਗਿਆਨ ਤੋਂ ਬਿਨਾਂ ਕੀਤਾ ਗਿਆ, ਸਮਾਜਵਾਦ ਲਈ ਸੰਘਰਸ਼ ਦਾ ਰਾਹ ਦਰਸਾਵਾ ਵਿਗਿਆਨਕ ਗਿਆਨ ਕਰਦਾ ਹੈ। (5) ਜਦੋਂ ਸਮਾਜਵਾਦ ਸਥਾਪਤ ਹੋ ਜਾਂਦਾ ਹੈ, ਤਦ ਪੂਰੀ ਜਾਣਕਾਰੀ ਨਾਲ਼ ਆਰਥਿਕ ਨਿਯਮਾਂ ਦੀ ਵਰਤੋਂ, ਸਮੁੱਚੇ ਸਮਾਜ ਅਤੇ ਹਰ ਵਿਅਕਤੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪੈਦਾਵਾਰ ਦੇ ਵਿਉਂਤਬੱਧ ਵਿਨਿਯਮਨ ਲਈ ਕੀਤਾ ਜਾਂਦਾ ਹੈ।

**ਆਰਥਿਕ ਨਿਯਮ ਕੀ ਹਨ ?**

ਅਸੀਂ ਜਾਣ ਚੁੱਕੇ ਹਾਂ ਕਿ ਸਮਾਜ ਵਿੱਚ ਵਿਕਾਸ ਦੇ ਬੁਨਿਆਦੀ ਨਿਯਮ ਆਰਥਿਕ ਨਿਯਮ ਹਨ। ਅੱਗੇ ਵਧਣ ਤੋਂ ਪਹਿਲਾਂ, ਇਸ ਪਾਠ ਵਿੱਚ ਅਸੀਂ ਆਰਥਿਕ ਨੇਮਾਂ ਦੀ ਪ੍ਰਕ੍ਰਿਤੀ ਅਤੇ ਸਮਾਜ ਵਿੱਚ ਮਨੁੱਖਾਂ ਦੁਆਰਾ ਵੱਖ-ਵੱਖ ਮਕਸਦਾਂ ਲਈ ਉਹਨਾਂ ਦੇ ਇਸਤੇਮਾਲ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰਾਂਗੇ।

ਸਿਆਸੀ ਆਰਥਿਕਤਾ ਉਹ ਸਹੀ ਵਿਗਿਆਨ ਹੈ ਜੋ ਆਰਥਿਕ ਵਿਕਾਸ ਦੇ ਨਿਯਮਾਂ ਦੀ ਛਾਣਬੀਨ ਕਰਦਾ ਹੈ।

ਸਤਾਲਿਨ ਨੇ ਲਿਖਿਆ ਹੈ, "ਸਿਆਸੀ ਆਰਥਿਕਤਾ ਮਨੁੱਖਾਂ ਦੇ ਪੈਦਾਵਾਰ ਦੇ ਸਬੰਧਾਂ ਦੇ ਨਿਯਮਾਂ ਦੀ ਛਾਣਬੀਨ ਕਰਦੀ ਹੈ।" ਇਸਦੇ ਖੇਤਰ ਵਿੱਚ" (ੳ) ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦੇ ਰੂਪ (ਅ) ਪੈਦਾਵਾਰ ਵਿੱਚ ਵੱਖ-ਵੱਖ ਸਮਾਜਿਕ ਸਮੂਹਾਂ ਦਾ ਸਥਾਨ ਅਤੇ ਇਹਨਾਂ ਰੂਪਾਂ ਵਿੱਚ ਨਿੱਕਲ਼ਦੇ ਉਹਨਾਂ ਦੇ ਅੰਤਰ-ਸਬੰਧ ਜਾਂ ਜਿਵੇਂ ਕਿ ਮਾਰਕਸ ਨੇ ਕਿਹਾ ਹੈ 'ਉਹਨਾਂ ਦੀਆਂ ਸਰਗਰਮੀਆਂ ਦਾ ਆਪਸੀ ਵਟਾਂਦਰਾ; (ੲ) ਉਪਜਾਂ ਦੀ ਵੰਡ ਦੇ ਰੂਪ, ਜੋ ਕਿ ਪੂਰੀ ਤਰਾਂ ਉਹਨਾਂ ਦੁਆਰਾ ਤੈਅ ਹੁੰਦੇ ਹਨ , ਸ਼ਾਮਲ ਹਨ।

ਇਸ ਤਰਾਂ ਆਰਥਿਕ ਵਿਕਾਸ ਦੇ ਨਿਯਮ ਉਹ ਨਿਯਮ ਹਨ ਜੋ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦੇ ਰੂਪਾਂ ਦੇ ਵਿਕਾਸ, ਜਮਾਤਾਂ ਅਤੇ ਜਮਾਤੀ ਸਬੰਧਾਂ ਅਤੇ ਉਪਜਾਂ ਦੀ ਵੰਡ ਦੇ ਰੂਪਾਂ ਨੂੰ ਵਿਨਿਯਮਤ ਕਰਦੇ ਹਨ।

ਆਰਥਿਕ ਨਿਯਮਾਂ 'ਤੇ ਵਿਚਾਰ ਕਰਨ ਲਈ ਸਿਰਫ ਅਰਥਚਾਰੇ ਦੇ ਹਾਸਲ ਪ੍ਰਬੰਧ 'ਚ ਕਾਰਜਸ਼ੀਲ ਨਿਯਮਾਂ 'ਤੇ ਵਿਚਾਰ ਕਰਨਾ ਹੀ ਜ਼ਰੂਰੀ ਨਹੀਂ ਹੈ, ਸਗੋਂ ਉਹਨਾਂ ਨਿਯਮਾਂ 'ਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ ਜੋ ਅਰਥਚਾਰੇ ਦੇ ਇੱਕ ਪੜਾਅ ਤੋਂ ਦੂਜੇ ਪੜਾਅ 'ਚ ਵਿਕਾਸ ਨੂੰ ਤੈਅ ਕਰਦੇ ਹਨ।ਆਰਥਿਕ ਪ੍ਰਬੰਧ ਬਦਲਦੇ ਹਨ ਅਤੇ ਇੱਕ ਦੂਸਰੇ ਲਈ ਥਾਂ ਖਾਲੀ ਕਰਦਾ ਹੈ।

ਅਰਥਚਾਰੇ ਦਾ ਹਰ ਪ੍ਰਬੰਧ, ਹਰ ਇੱਕ ਸਮਾਜਿਕ-ਆਰਥਿਕ ਬਣਤਰ, ਜੋ ਸਮਾਜੀ ਵਿਗਾਸ ਦੀ ਪ੍ਰਕ੍ਰਿਆ 'ਚ ਉੱਭਰਦੀ ਹੈ ਜਿਵੇਂ ਕਿ ਗੁਲਾਮਦਾਰੀ ਪ੍ਰਬੰਧ, ਜਗੀਰੂ ਪ੍ਰਬੰਧ, ਸਰਮਾਏਦਾਰੀ ਪ੍ਰਬੰਧ, ਸਮਾਜਵਾਦੀ ਪ੍ਰਬੰਧ ਇਹਨਾਂ ਦੇ ਆਰਥਿਕ ਵਿਕਾਸ ਦੇ ਆਪਣੇ ਵਸ਼ਿਸ਼ਟ ਨਿਯਮ ਹਨ, ਜੋ ਸਿਰਫ ਸਿਰਫ ਖਾਸ ਪ੍ਰਬੰਧ ਦੇ ਜੀਵਨ ਦੌਰਾਨ ਕਾਰਜਸ਼ੀਲ ਹੁੰਦੇ ਹਨ। ਇਹ ਨਿਯਮ ਸਮਾਜ ਦੇ ਪਦਾਰਥਕ ਜੀਵਨ ਦੀਆਂ ਬਾਹਰਮੁਖੀ ਤੌਰ 'ਤੇ ਹੋਂਦ ਰੱਖਦੀਆਂ ਹਾਲਤਾਂ ਤੋਂ ਨਿੱਕਲ਼ਦੇ ਹਨ।ਪ੍ਰੰਤੂ ਉਹ ਸਥਾਈ ਨਹੀਂ ਸਗੋਂ ਵਕਤੀ, ਚਲਾਇਮਾਨ ਹੁੰਦੇ ਹਨ।

ਅਜਿਹੇ ਆਰਥਿਕ ਨਿਯਮ ਆਰਥਿਕ ਪ੍ਰਬੰਧਾਂ ਦੀ ਸਿਰਫ ਵਿਕਾਸ ਦੇ ਹਾਸਿਲ ਪੜਾਅ ਦੌਰਾਨ ਦੀ ਕਾਰਗੁਜ਼ਾਰੀ ਨੂੰ ਵਿਨਿਯਮਿਤ ਨਹੀਂ ਕਰਦੇ, ਸਗੋਂ ਉਹਨਾਂ ਪੜਾਵਾਂ ਦੀ ਲੜੀ ਜਰੀਏ ਵਿਕਾਸ ਨੂੰ ਵੀ ਵਿਨਿਯਮਤ ਕਰਦੇ ਹਨ। ਉਦਾਹਰਣ ਵਜੋਂ ਸਰਮਾਏਦਾਰੀ, ਦਸਤਕਾਰੀ ਤੋਂ ਮਸ਼ੀਨੀ ਸੱਨਅਤ ਵੱਲ ਅਤੇ ਖੁੱਲ੍ਹੇ ਮੁਕਾਬਲੇ ਤੋਂ ਇਜਾਰੇਦਾਰੀ ਵੱਲ ਵਿਕਸਤ ਹੁੰਦੀ ਹੈ; ਇਹ ਆਰਥਿਕ ਨਿਯਮਾਂ ਦਾ ਨਤੀਜਾ ਹੈ ਅਤੇ ਆਪਣੇ ਆਪ 'ਚ ਵੀ ਸਰਮਾਏਦਾਰਾ ਆਰਥਿਕ ਵਿਕਾਸ ਦਾ ਨਿਯਮ ਹੈ। ਪਰ ਆਰਥਿਕ ਨਿਯਮ ਇੱਕ ਪ੍ਰਬੰਧ ਦੀ ਦੂਸਰੇ ਪ੍ਰਬੰਧ ਦੁਆਰਾ ਥਾਂ ਲੈਣ ਨੂੰ ਵੀ ਵਿਨਿਯਮਤ

(**ਬਾਕੀ ਪੰਨਾ 44 'ਤੇ** )

## ਸਾਹਿਤ ਤੇ ਕਲਾ                    *ਕਹਾਣੀ*

# ਬੁੱਢਾ ਚੈਂਕੋ

*• ਮੈਕਸਿਮ ਗੋਰਕੀ*

ਪਵਿੱਤਰ ਅਤੇ ਸ਼ਾਂਤ ਵਾਯੂਮੰਡਲ ਵਿੱਚ ਸੂਰਜ ਚੜ੍ਹਦਾ ਹੈ ਤੇ ਸੁਨਿਹਰੇ 'ਫਰਜ਼' ਦੇ ਫੁੱਲਾਂ ਦੀ ਮਿੱਠੀ ਮਹਿਕ ਨਾਲ ਲੱਦੀ ਹੋਈ ਹਲਕੀ ਨੀਲੀ ਧੁੰਦ ਚੱਟਾਨੀ ਟਾਪੂ ਤੋਂ ਉੱਠ ਕੇ ਅਸਮਾਨ ਵੱਲ ਤਰਦੀ ਹੋਈ ਜਾਂਦੀ ਹੈ।

ਅਸਮਾਨ ਦੇ ਪੀਲੇ ਗੁੰਬਦ ਦੇ ਥੱਲੇ ਉਣੀਂਦੇ ਪਾਣੀ ਦੀ ਕਾਲੋਂ ਦੇ ਵਿਚਕਾਰ ਖੜੋਤਾ ਇਹ ਟਾਪੂ ਸੂਰਜ ਦੇਵਤਾ ਦੀ ਪੂਜਾ-ਵੇਦੀ ਵਾਂਗ ਦਿਸਦਾ ਹੈ।

ਤਾਰੇ ਹੁਣੇ-ਹੁਣੇ ਬੁਝੇ ਹਨ, ਪਰ ਚਿੱਟਾ ਸ਼ੁੱਕਰ ਤਾਰਾ ਅਜੇ ਤਾਈਂ ਧੁੰਦ ਭਰੇ ਅਸਮਾਨ ਦੇ ਠੰਡੇ ਯੱਖ ਪਸਾਰ ਵਿੱਚ ਰੇਸ਼ੇਦਾਰ ਬੱਦਲਾਂ ਦੀ ਕੂਲੀ ਪਾਲ ਉੱਤੇ 'ਕੱਲਾ ਕਾਰਾ ਚਮਕ ਰਿਹਾ ਹੈ। ਬੱਦਲਾਂ ਉੱਤੇ ਹਲਕੀ ਕੂਲੀ ਗੁਲਾਬੀ ਭਾਹ ਪਸਰੀ ਹੋਈ ਹੈ ਤੇ ਪਹਿਲੀ ਕਿਰਨ ਦੇ ਚਾਨਣ ਵਿੱਚ ਉਹ ਨਿੰਮ੍ਹੇ-ਨਿੰਮ੍ਹੇ ਚਮਕ ਰਹੇ ਹਨ। ਸਮੁੰਦਰ ਦੀ ਠੱਲ੍ਹੀ ਹੋਈ ਛਾਤੀ ਉੱਤੇ ਉਹਨਾਂ ਦਾ ਪਰਛਾਵਾਂ ਉਸ ਸਿੱਪੀ ਵਾਂਗ ਲਗਦਾ ਹੈ ਜੋ ਨੀਲੇ ਸਮੁੰਦਰ ਦੀ ਡੂੰਘਾਣ 'ਚੋਂ ਸਤ੍ਹਾ 'ਤੇ ਆ ਗਈ ਹੋਵੇ।

ਚਾਂਦੀ ਵੰਨੀ ਤ੍ਰੇਲ ਨਾਲ ਭਰੇ ਹੋਏ ਘਾਹ ਦੇ ਤੀਲੇ ਅਤੇ ਫੁੱਲਾਂ ਦੀਆਂ ਪੱਤੀਆਂ, ਸੂਰਜ ਵਲ ਉਤਾਂਹ ਉਠਦੀਆਂ ਹਨ। ਡੰਡੀਆਂ ਦੀਆਂ ਨੋਕਾਂ 'ਤੇ ਲਟਕਣ ਵਾਲੇ ਚਮਕਦਾਰ ਤ੍ਰੇਲ-ਤੁਪਕੇ ਵੱਡੇ ਹੋ ਕੇ ਡੂੰਘੀ ਨੀਂਦ ਵਿੱਚ ਮੁੜਕੇ ਨਾਲ ਭਿੱਜ ਜਾਣ ਵਾਲੀ ਭੋਂ 'ਤੇ ਡਿੱਗ ਪੈਂਦੇ ਹਨ। ਦਿਲ ਕਰਦਾ ਹੈ ਕਿ ਤ੍ਰੇਲ ਤੁਪਕਿਆਂ ਦੀ ਕੂਲੀ ਟੱਪ ਟੱਪ ਸੁਣਦੇ ਰਹੀਏ, ਪਰ ਸੁਣਾਈ ਨਾ ਦੇਣ 'ਤੇ ਮਨ ਉਦਾਸ ਹੋ ਜਾਂਦਾ ਹੈ।

ਪੰਛੀ ਜਾਗ ਪਏ ਹਨ ਤੇ ਆਪਣੇ ਸਵੇਰ ਦੇ ਗੀਤ ਸੁਣਾਉਂਦੇ ਹੋਏ ਜ਼ੈਤੂਨ ਦੀਆਂ ਪੱਤੀਆਂ ਵਿੱਚ ਇੱਧਰ-ਉੱਧਰ ਉੱਡ ਰਹੇ ਹਨ। ਥੱਲਿਉਂ ਉਸ ਸਮੁੰਦਰ ਦੇ ਭਾਰੇ ਸਾਹ ਸੁਣਾਈ ਦਿੰਦੇ ਹਨ ਜਿਸ ਨੂੰ ਸੂਰਜ ਨੇ ਜਗਮਗਾ ਦਿੱਤਾ ਹੈ।

ਫੇਰ ਵੀ ਵਾਯੂਮੰਡਲ ਸ਼ਾਂਤ ਹੈ ਕਿਉਂਕਿ ਲੋਕ ਹਾਲੇ ਤੀਕ ਸੁੱਤੇ ਹੋਏ ਹਨ। ਉਸ਼ੇਰ ਦੀ ਤਾਜ਼ਗੀ ਵਿੱਚ ਫੁੱਲਾਂ ਅਤੇ ਘਾਹ ਦੀ ਸੁਗੰਧ ਆਵਾਜ਼ ਨਾਲੋਂ ਵਧੇਰੇ ਚੰਗੀ ਲਗਦੀ ਹੈ।

ਇੱਕ ਨਿੱਕਾ ਜਿਹਾ ਚਿੱਟਾ ਘਰ ਅੰਗੂਰ ਵੇਲਾਂ ਨਾਲ ਇੰਝ ਢੱਕਿਆ ਹੋਇਆ ਹੈ ਕਿ ਉਹ ਹਰੀਆਂ ਲਹਿਰਾਂ ਨਾਲ ਘਿਰੀ ਹੋਈ ਬੇੜੀ ਵਾਂਗ ਜਾਪਦਾ ਹੈ। ਉਸ ਦੇ ਬੂਹੇ ਵਿੱਚੋਂ ਬੁੱਢਾ ਏਤੋਰੇ ਚੇਂਕੋ ਸੂਰਜ ਨੂੰ ਜੀ ਆਇਆਂ ਕਹਿਣ ਲਈ ਬਾਹਰ ਆਉਂਦਾ ਹੈ। 'ਕੱਲਾ ਕਾਰਾ ਛੋਟਾ ਜਿਹਾ ਬੁੱਢਾ ਆਦਮੀ, ਬਾਂਦਰ ਵਾਂਗ ਲੰਮੇ-ਲੰਮੇ ਹੱਥ, ਸਾਧੂਆਂ ਵਰਗਾ ਨੰਗਾ ਸਿਰ 'ਤੇ ਚਿਹਰੇ ਤੇ ਸਮੇਂ ਨੇ ਇੰਝ ਹਲ ਵਾਹਿਆ ਹੈ ਕਿ ਉਸਦੀਆਂ ਅੱਖਾਂ ਚਿਹਰੇ ਦੀਆਂ ਅਣਗਿਣਤ ਝੁਰੜੀਆਂ ਵਿੱਚ ਪੂਰੀ ਤਰ੍ਹਾਂ ਲੁਕੀਆਂ ਹੋਈਆਂ ਜਾਪਦੀਆਂ ਹਨ।

ਆਪਣੇ ਕਾਲੇ ਵਾਲਾਂ ਭਰੇ ਹੱਥ ਨੂੰ ਸਹਿਜੇ-ਸਹਿਜੇ ਮੱਥੇ ਵੱਲ ਚੁੱਕਦਾ ਹੋਇਆ ਉਹ ਗੁਲਾਬੀ ਅਸਮਾਨ ਵੱਲ ਦੇਖਦਾ ਹੈ ਤੇ ਆਪਣੇ ਚੁਫੇਰੇ ਦੇ ਦ੍ਰਿਸ਼ ਨੂੰ ਤੱਕਦਾ ਹੈ- ਚੱਟਾਨਾਂ ਦੇ ਭੂਰੇ ਜਾਮਣੀ ਪਿਛੋਕੜ ਸਾਹਮਣੇ ਵੰਨ-ਸੁਵੰਨੀਆਂ ਫੁੱਲ-ਪੱਤੀਆਂ ਦੇ ਹਰੇ ਸੁਨਹਿਰੀ ,ਗੁਲਾਬੀ, ਪੀਲੇ ਤੇ ਸੂਹੇ ਲਾਲ ਰੰਗ ਦੀ ਸੋਹਣੀ ਸਰਗਮ ਪਸਰੀ ਹੋਈ ਹੈ। ਬੁੱਢੇ ਚੇਂਕੋ ਦੇ ਸਉਲੇ ਚਿਹਰੇ ਤੇ ਕੂਲੀ ਮੁਸਕਰਾਹਟ ਆਉਂਦੀ ਹੈ ਤੇ ਉਹ ਆਪਣਾ ਗੋਲ ਬੋਝਲ ਸਿਰ ਹਿਲਾ ਕੇ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ।

ਉਹ ਇੰਝ ਖਲੋਤਾ ਸੀ ਜਿਵੇਂ ਉਸ ਨੇ ਚੋਖਾ ਭਾਰ ਚੁੱਕਿਆ ਹੋਵੇ। ਉਸ ਦੀ ਪਿੱਠ ਕੁਝ ਨਿਵੀ ਹੋਈ ਹੈ, ਪੈਰ ਫੈਲੇ ਹੋਏ ਹਨ ਤੇ ਉਸ ਦੇ ਚੁਫੇਰੇ ਦਿਨ ਦੀ ਚਮਕ ਦਮਕ ਹੈ। ਅੰਗੂਰ ਵੇਲਾਂ ਦੀਆਂ ਹਰੀਆਂ ਪੱਤੀਆਂ ਵਧੇਰੇ ਚਮਕ ਰਹੀਆਂ ਹਨ, 'ਗੋਲਡ ਫਿੰਚ' ਪੰਛੀਆਂ ਦੀ ਚਹਿਕਾਰ ਵਧੇਰੇ ਉੱਚੀ ਸੁਣਾਈ ਦਿੰਦੀ ਹੈ, 'ਕੋਇਲ' ਅਤੇ 'ਸਪਰਜ' ਦੇ ਝੁਰਮੁਟ ਵਿੱਚ ਬਟੇਰੇ ਖੰਭ ਫੜਫੜਾਉਂਦੇ ਹਨ ਤੇ ਕਿਤੇ ਦੂਰ 'ਬਲੈਕ ਬਰਡ' ਖੁਸ਼ੀ ਭਰੀ ਸੀਟੀ ਵਜਾਉਂਦਾ ਹੈ ਜੋ ਕਿ ਨੇਪਲਸ ਵਾਸੀਆਂ ਵਾਂਗ ਬੜਾ ਹੀ ਬਾਂਕਾ ਤੇ ਨਿਸਚਿੰਤ ਸੁਭਾਅ ਦਾ ਪੰਛੀ ਹੈ।

ਬੁੱਢਾ ਚੇਂਕੋ ਆਪਣੇ ਲੰਮੇ, ਥੱਕੇ ਹਾਰੇ ਸਰੀਰ ਨੂੰ ਸਿਰ ਦੇ ਉੱਪਰ ਚੁੱਕ ਕੇ ਸਰੀਰ ਨੂੰ ਇੰਝ ਤਾਣਦਾ ਹੈ ਜਿਵੇਂ ਹੁਣ ਉੱਛਲ ਕੇ ਉਸ ਸਮੁੰਦਰ ਵਿੱਚ ਛਾਲ ਮਾਰ ਦਏਗਾ ਜੋ ਜਾਮ ਵਿੱਚ ਪਈ ਸ਼ਰਾਬ ਵਾਂਗ ਅਡੋਲ ਹੈ।

ਆਪਣੇ ਬੁੱਢੇ ਸਰੀਰ ਦੀ ਆਕੜ ਭੰਨਣ ਪਿੱਛੋਂ ਉਹ ਬੂਹੇ ਲਾਗਲੀ ਇੱਕ ਚੱਟਾਨ ਤੇ ਬੈਠ ਜਾਂਦਾ ਹੈ, ਆਪਣੀ ਜੈਕਟ ਦੀ ਜੇਬ ਵਿੱਚੋਂ ਇੱਕ ਪੋਸਟ ਕਾਰਡ ਕੱਢਦਾ ਹੈ, ਉਸ ਨੂੰ ਰਤਾ ਕੁ ਦੂਰ ਕਰਕੇ ਤੇ ਅੱਖਾਂ ਸੁੰਗੜਾ ਕੇ ਉਸ ਨੂੰ ਦੇਰ ਤਾਈਂ ਇੱਕ ਟਕ ਵੇਖਦਾ ਰਹਿੰਦਾ ਹੈ। ਉਸ ਦੇ ਬੁੱਲ੍ਹਾਂ ਵਿੱਚ ਬੇਆਵਾਜ਼ ਕੰਬਣੀ ਹੁੰਦੀ ਹੈ। ਦਾੜ੍ਹੀ ਦੇ ਨਿੱਕੇ-ਨਿੱਕੇ ਚਾਂਦੀ ਵੰਨੇ ਵਾਲਾਂ ਨਾਲ ਭਰਿਆ ਉਸ ਦਾ ਚਿਹਰਾ ਇਕ ਨਵੀਂ ਮੁਸਕਰਾਹਟ ਨਾਲ ਲਿਸ਼ਕ ਉਠਦਾ ਹੈ। ਇਹ ਅਜਿਹੀ ਮੁਸਕਰਾਹਟ ਹੈ ਜਿਸ ਵਿੱਚ ਪਿਆਰ, ਦੁੱਖ ਤੇ ਮਾਣ ਦਾ ਅਜੀਬ ਜਿਹਾ ਸੁਮੇਲ ਦਿਸਦਾ ਹੈ।

ਉਸ ਦੇ ਸਾਹਮਣੇ ਪੋਸਟ ਕਾਰਡ ਦੇ ਟੋਟੇ 'ਤੇ ਨੀਲੀ

ਸਿਆਹੀ ਨਾਲ ਬਣੀ ਇੱਕ ਫੋਟੋ ਹੈ ਜਿਸ ਵਿੱਚ ਚੌੜੇ ਮੋਢਿਆਂ ਵਾਲੇ ਦੋ ਹਸਮੁੱਖ ਮੁੰਡੇ ਕੋਲ ਕੋਲ ਬੈਠੇ ਹਨ। ਉਹਨਾਂ ਦੇ ਵਾਲ ਘੁੰਗਰਾਲੇ ਤੇ ਸਿਰ ਬੁੱਢੇ ਚੇਂਕੋ ਵਾਂਗ ਵੱਡੇ ਵੱਡੇ ਹਨ। ਕਾਰਡ ਦੇ ਬਿਲਕੁਲ ਉਪਰਲੇ ਹਿੱਸੇ 'ਤੇ ਸਾਫ ਟਾਈਪ ਵਿੱਚ ਇਹ ਅੱਖਰ ਲਿਖੇ ਹੋਏ ਹਨ:

"ਆਰਤੁਰੋ ਅਤੇ ਏਨਰਿਕੋ ਚੇਂਕ- ਆਪਣੀ ਜਮਾਤ ਦੇ ਹਿਤਾਂ ਲਈ ਲੜਣ ਵਾਲੇ ਦੋ ਸ਼ਾਨਦਾਰ ਆਗੂ। ਇਨ੍ਹਾਂ ਨੇ ਉਨ੍ਹਾਂ 25000 ਕੱਪੜਾਂ ਬੁਨਣ ਵਾਲੇ ਕਾਮਿਆਂ ਨੂੰ ਇੱਕ ਮੁੱਠ ਕੀਤਾ ਜੋ ਹਫਤੇ ਦੇ ਛੇ ਡਾਲਰ ਕਮਾਉਂਦੇ ਸਨ, ਤੇ ਇਸ ਲਈ ਉਹਨਾਂ ਨੂੰ ਜੇਲ ਭੇਜ ਦਿੱਤਾ ਗਿਆ।

"ਸਮਾਜੀ ਨਿਆਂ ਲਈ ਲੜਣ ਵਾਲੇ ਬਹਾਦਰ, ਜ਼ਿੰਦਾਬਾਦ।"

ਬੁੱਢਾ ਚੇਂਕੋ ਅਨਪੜ੍ਹ ਹੈ ਤੇ ਇਸ ਤੋਂ ਛੁੱਟ ਫੋਟੋ ਦਾ ਨਾਂ ਲਿਖਿਆ ਹੋਇਆ ਹੈ ਬਦੇਸ਼ੀ ਜ਼ਬਾਨ ਵਿੱਚ। ਪਰ ਚੇਂਕੋ ਜਾਣਦਾ ਹੈ ਕਿ ਉੱਥੇ ਕੀ ਲਿਖਿਆ ਹੋਇਆ ਹੈ। ਉਸ ਪੋਸਟ ਕਾਰਡ ਦੇ ਹਰ ਇੱਕ ਲਫ਼ਜ਼ ਤੋਂ ਉਹ ਜਾਣੂ ਹੈ। ਹਰ ਲਫ਼ਜ਼ ਉਸ ਨੂੰ ਢੋਲ ਦੀ ਆਵਾਜ਼ ਵਾਂਗ ਸੁਣਾਈ ਦਿੰਦਾ ਹੈ।

ਉਸ ਨੀਲੇ ਪੋਸਟ ਕਾਰਡ ਨੇ ਬੁੱਢੇ ਨੂੰ ਬੜੀ ਮੁਸੀਬਤ ਤੇ ਚਿੰਤਾ ਵਿੱਚ ਪਾ ਦਿੱਤਾ ਹੈ। ਦੋ ਮਹੀਨੇ ਪਹਿਲਾਂ ਉਸ ਨੂੰ ਇਹ ਪੋਸਟ ਕਾਰਡ ਮਿਲਿਆ ਸੀ ਤਾਂ ਉਸ ਦੇ ਦਿਲ ਨੇ ਉਸ ਨੂੰ ਝੱਟ ਦੱਸ ਦਿੱਤਾ ਸੀ ਕਿ ਕੁਝ ਗੜਬੜ ਹੈ, ਗਰੀਬ ਲੋਕਾਂ ਦੀਆਂ ਤਸਵੀਰਾਂ ਤਦੇ ਛਪਦੀਆਂ ਹਨ ਜਦ ਉਨ੍ਹਾਂ ਕਨੂੰਨ ਤੋੜ ਦਿੱਤਾ ਹੋਵੇ।

ਚੇਂਕੋ ਨੇ ਉਸ ਟੋਟੇ ਨੂੰ ਆਪਣੀ ਜੇਬ ਵਿੱਚ ਲੁਕਾ ਕੇ ਰੱਖਿਆ ਸੀ, ਪਰ ਉਹ ਉਸਨੂੰ ਆਪਣੇ ਦਿਲ ਤੇ ਭਾਰ ਜਿਹਾ ਪ੍ਰਤੀਤ ਹੁੰਦਾ ਸੀ ਤੇ ਉਹ ਭਾਰ ਦਿਨੋਂ ਦਿਨ ਵਧੇਰੇ ਬੋਝਲ ਹੁੰਦਾ ਗਿਆ। ਕਈ ਵਾਰ ਉਸ ਦਾ ਮਨ ਕੀਤਾ ਸੀ ਕਿ ਪਾਦਰੀ ਨੂੰ ਉਹ ਚਿੱਠੀ ਦਿਖਾ ਦੇਵੇ, ਪਰ ਲੰਮੇ ਤਜ਼ਰਬੇ ਨੇ ਉਸ ਨੂੰ ਸਿਖਾਇਆ ਸੀ ਕਿ ਲੋਕਾਂ ਦਾ ਇਹ ਕਹਿਣਾ ਸਹੀ ਹੈ: "ਪਾਦਰੀ ਰੱਬ ਨੂੰ ਆਦਮੀ ਬਾਰੇ ਸੱਚਾਈ ਭਾਵੇਂ ਦੱਸ ਦਵੇ, ਪਰ ਉਹ ਆਦਮੀ ਨੂੰ ਸੱਚਾਈ ਕਦੇ ਨਹੀਂ ਦੱਸਦਾ।"

ਉਸ ਪੋਸਟ ਕਾਰਡ ਦੀ ਰਹੱਸ ਭਰੀ ਅਹਿਮੀਅਤ ਸਮਝਾਉਣ ਲਈ ਉਸ ਨੇ ਸਭ ਤੋਂ ਪਹਿਲਾਂ ਲਾਲ ਵਾਲਾਂ ਵਾਲੇ ਇੱਕ ਚਿਤਰਕਾਰ ਨੂੰ ਕਿਹਾ। ਉਹ ਇੱਕ ਲੰਮਾ ਤੇ ਮਾੜੂਆ ਜਿਹਾ ਪ੍ਰਦੇਸੀ ਸੀ ਜੋ ਆਮ ਤੌਰ ਤੇ ਚੇਂਕੋ ਦੇ ਘਰ ਆਇਆ ਕਰਦਾ ਸੀ। ਆਪਣੇ ਈਜ਼ਲ ਨੂੰ ਇਕ ਖਾਸ ਕੋਣ ਵਿਚ ਟਿਕਾ ਕੇ ਉਸ ਉਤਲੇ ਅਧੂਰੇ ਚਿੱਤਰ ਦੀ ਚੌਰਸ ਛਾਂ ਵਿੱਚ ਸਿਰ ਰੱਖ ਕੇ ਉਸ ਕੋਲ ਸੌਂ ਜਾਇਆ ਕਰਦਾ ਸੀ।

"ਸੱਜਣਾ," ਚੇਂਕੋ ਨੇ ਉਸ ਨੂੰ ਪੁੱਛਿਆ, "ਇਹਨਾਂ ਜਵਾਨਾਂ ਨੇ ਕੀ ਕੀਤਾ ਏ?"

ਚਿਤਰਕਾਰ ਨੇ ਬੁੱਢੇ ਦੇ ਹਸਮੁੱਖ ਪੁੱਤਰਾਂ ਦੀ ਫੋਟੋ ਤੇ ਨਜ਼ਰ ਦੁੜਾਈ ਤੇ ਕਿਹਾ:

"ਜ਼ਰੂਰ ਕੋਈ ਖੁਸ਼ੀ ਦੀ ਗੱਲ ਏ।"

"ਪਰ ਇੱਥੇ ਉਨ੍ਹਾਂ ਬਾਰੇ ਲਿਖਿਆ ਕੀ ਹੋਇਐ?"

" ਇਹ ਤਾਂ ਅੰਗਰੇਜ਼ੀ 'ਚ ਲਿਖਿਆ ਹੋਇਐ। ਅੰਗਰੇਜ਼ਾਂ ਨੂੰ ਛਡ ਕੇ ਉਨ੍ਹਾਂ ਦੀ ਜ਼ਬਾਨ ਰੱਬ ਅਤੇ ਮੇਰੀ ਪਤਨੀ ਤੋਂ ਛੁੱਟ ਹੋਰ ਕੋਈ ਨਹੀਂ ਸਮਝ ਸਕਦਾ। ਹਾਂ, ਮੇਰੀ ਪਤਨੀ ਸਮਝ ਲੈਂਦੀ ਏ, ਬਸ਼ਰਤੇ ਕਿ ਇਸ ਮਾਮਲੇ ਵਿੱਚ ਉਹ ਸੱਚ ਦੱਸੇ। ਉਂਜ ਕਿਸੇ ਵੀ ਮਾਮਲੇ ਵਿੱਚ ਉਹ ਸੱਚ ਨਹੀਂ ਦਸਦੀ.....।"

ਚਿਤ੍ਰਕਾਰ ਨੀਲ ਕੰਠ ਪੰਛੀ ਵਾਂਗ ਬੋਲਦਾ ਗਿਆ! ਅਸਲ ਵਿੱਚ ਕਿਸੇ ਵੀ ਗਲ ਬਾਰੇ ਉਹ ਗੰਭੀਰਤਾ ਨਾਲ ਸੋਚ ਨਹੀਂ ਸੀ ਸਕਦਾ ਤੇ ਏਸ ਲਈ ਚੇਂਕੋ ਨਿਰਾਸ਼ ਹੋ ਕੇ ਉਥੋਂ ਚਲਾ ਗਿਆ। ਦੂਜੇ ਦਿਨ ਉਹ ਚਿਤਰਕਾਰ ਦੀ ਪਤਨੀ ਕੋਲ ਗਿਆ। ਉਹ ਬੜੀ ਮੋਟੀ ਤੀਵੀਂ ਸੀ। ਬੁੱਢਾ ਉਸ ਨੂੰ ਬਾਗ਼ ਵਿੱਚ ਮਿਲਿਆ। ਉਸ ਨੇ ਪਾਰਦਰਸ਼ੀ ਚਿੱਟੇ ਕੱਪੜੇ ਦਾ ਲਹਿਰਦਾਰ ਗਾਊਨ ਪਾਇਆ ਹੋਇਆ ਸੀ ਤੇ ਝੂਲਣ ਵਾਲੇ ਬਿਸਤਰੇ 'ਤੇ ਲੰਮੀ ਪਈ ਹੋਈ ਜਿਵੇਂ ਧੁੱਪ ਵਿੱਚ ਪੰਘਰ ਰਹੀ ਸੀ। ਉਸ ਦੀਆਂ ਨੀਲੀਆਂ ਅੱਖਾਂ ਗੁੱਸੇ ਵਿੱਚ ਅਸਮਾਨ ਵੱਲ ਤੱਕ ਰਹੀਆਂ ਸਨ।

"ਇਹਨ੍ਹਾਂ ਜਵਾਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।" ਟੁੱਟੀ ਫੁੱਟੀ ਇਤਾਲਵੀ ਬੋਲੀ ਵਿੱਚ ਉਸਨੇ ਕਿਹਾ।

ਬੁੱਢੇ ਦੀਆਂ ਲੱਤਾਂ ਇੰਝ ਕੰਬੀਆਂ ਜਿਵੇਂ ਉਸ ਟਾਪੂ ਨੂੰ ਕਿਸੇ ਨੇ ਜ਼ੋਰ ਨਾਲ ਧੱਕਾ ਮਾਰਿਆ ਹੋਵੇ। ਫੇਰ ਵੀ ਉਸ ਨੇ ਸੰਭਾਂਲ ਕੇ ਅੱਗੇ ਪੁੱਛਿਆ :

"ਇਨ੍ਹਾਂ ਨੇ ਕਿਤੇ ਚੋਰੀ ਕੀਤੀ ਏ ਜਾਂ ਕਿਸੇ ਦਾ ਖ਼ੂਨ ਕਰ ਦਿੱਤਾ ਏ?"

"ਨਹੀਂ, ਨਹੀਂ। ਗੱਲ ਸਿਰਫ ਇਹ ਵੇ ਕਿ ਇਹ ਸਮਾਜਵਾਦੀ ਹਨ।"

"ਸਮਾਜਵਾਦੀ ਕੌਣ ਹੁੰਦੇ ਨੇ?"

"ਇਹ ਰਾਜਨੀਤੀ ਏ ਬਾਬਾ।" ਉਸ ਨੇ ਡੁੱਬਦੀ ਹੋਈ ਆਵਾਜ ਵਿੱਚ ਜਵਾਬ ਦਿੱਤਾ ਤੇ ਆਪਣੀਆਂ ਅੱਖਾ ਮੀਟ ਲਈਆਂ।

ਚੇਂਕੋ ਜਾਣਦਾ ਸੀ ਕਿ ਬਦੇਸ਼ੀ ਲੋਕ ਬੜੇ ਮੂਰਖ ਹੁੰਦੇ ਹਨ, ਕਲਾਬ੍ਰੀਆ ਦੇ ਵਾਸੀਆਂ ਨਾਲੋਂ ਵੀ ਵਧੇਰੇ ਮੂਰਖ, ਪਰ ਉਹ ਆਪਣੇ ਪੁੱਤਰਾਂ ਬਾਰੇ ਸੱਚੀ ਗੱਲ ਜਾਨਣਾ ਚਾਹੁੰਦਾ ਸੀ ਤੇ ਇਸ ਲਈ ਉਹ ਉਸ ਸਜਣੀ ਕੋਲ ਉਡੀਕ ਵਿਚ ਖੜੋਤਾ ਰਿਹਾ ਕਿ ਉਹ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਨੂੰ ਮੁੜ ਖੋਲ੍ਹੇ। ਤੇ ਅਖ਼ੀਰ ਜਦ ਉਸ ਨੇ ਅੱਖਾਂ ਖੋਲੀਆਂ ਤਾਂ ਬੁੱਢੇ ਨੇ ਪੋਸਟ ਕਾਰਡ ਵਲ ਸੈਣਤ ਕਰਦੇ ਪੁੱਛਿਆ:

"ਕੀ ਇਹ ਇਮਾਨਦਾਰੀ ਏ?"

"ਮੈਨੂੰ ਨਹੀਂ ਪਤਾ," ਉਸ ਨੇ ਨਰਾਜ਼ ਹੋ ਕੇ ਕਿਹਾ। "ਇਹ ਰਾਜਨੀਤੀ ਏ, ਮੈਂ ਦੱਸਿਆ ਨਾ ਕਿ ਤੂੰ ਸਮਝ ਨਹੀਂ ਸਕਦਾ?"

"ਨਹੀਂ।" ਉਹ ਸਮਝ ਨਹੀਂ ਸੀ ਸਕਿਆ। ਰਾਜਨੀਤੀ ਕੁਝ ਅਜਿਹੀ ਚੀਜ ਸੀ ਜਿਸ ਦੀ ਵਰਤੋ ਰੋਮ ਦੇ ਮੰਤਰੀ ਤੇ ਅਮੀਰ ਲੋਕ ਗਰੀਬਾਂ ਕੋਲੋਂ ਵਧੇਰੇ ਟੈਕਸ ਲੈਣ ਲਈ ਕਰਦੇ ਸਨ। ਪਰ ਉਸ ਦੇ ਪੁੱਤਰ ਤਾਂ ਕਾਮੇ ਸਨ, ਅਮਰੀਕਾ ਵਿਚ ਰਹਿੰਦੇ ਸਨ, ਤੇ ਚੰਗੇ

ਬੰਦੇ ਸਨ। ਉਨ੍ਹਾਂ ਦਾ ਰਾਜਨੀਤੀ ਨਾਲ ਕੀ ਸੰਬੰਧ ਸੀ!

ਰਾਤ ਭਰ ਬੁੱਢਾ ਆਪਣੇ ਪੁੱਤਰਾਂ ਦੀ ਫੋਟੋ ਆਪਣੇ ਹੱਥ ਵਿੱਚ ਲਈ ਬੈਠਾ ਰਿਹਾ– ਚਾਨਣੀ ਵਿਚ ਉਹ ਬਹੁਤ ਕਾਲੇ ਜਾਪ ਰਹੇ ਸਨ। ਬੁੱਢੇ ਦੇ ਖਿਆਲ ਹੋਰ ਵੀ ਪਲਚ ਗਏ। ਉਸ ਨੇ ਸਵੇਰੇ ਪਾਦਰੀ ਕੋਲੋਂ ਪੁੱਛਣ ਦਾ ਫੈਸਲਾ ਕੀਤਾ। ਕਾਲਾ ਚੋਗਾ ਪਾਈ ਪਾਦਰੀ ਨੇ ਛੋਟਾ ਜਿਹਾ ਜਵਾਬ ਦਿੱਤਾ:

"ਸਮਾਜਵਾਦੀ ਉਹ ਲੋਕ ਹਨ ਜੋ ਰੱਬ ਦੇ ਭਾਣੇ ਨੂੰ ਨਹੀਂ ਮੰਨਦੇ। ਤੇਰੇ ਲਈ ਏਨਾ ਕਾਫੀ ਏ।"

ਤੇ ਬੁੱਢਾ ਜਦ ਜਾਣ ਲਈ ਮੁੜਿਆ ਤਾਂ ਪਾਦਰੀ ਨੇ ਵਧੇਰੇ ਸਖ਼ਤੀ ਨਾਲ ਕਿਹਾ:

"ਏਸ ਉਮਰ ਵਿੱਚ ਅਜਿਹੀਆਂ ਗੱਲਾਂ ਵਿੱਚ ਪੈਣਾ ਤੇਰੇ ਲਈ ਸ਼ਰਮ ਦੀ ਗੱਲ ਏ!"

"ਚੰਗਾ ਹੋਇਆ ਕਿ ਮੈਂ ਉਸ ਨੂੰ ਉਹ ਤਸਵੀਰ ਨਹੀਂ ਵਿਖਾਈ।" ਚੇਂਕੋ ਨੇ ਸੋਚਿਆ।

ਕੁਝ ਦਿਨ ਬੀਤ ਗਏ ਤਦ ਬੁੱਢਾ ਇਕ ਨਾਈ ਕੋਲ ਪੁੱਜਾ। ਉਹ ਇਕ ਛੈਲ ਛਬੀਲਾ ਆਦਮੀ ਸੀ ਜਿਸ ਕੋਲ ਦਿਮਾਗ ਨਹੀਂ ਸੀ ਤੇ ਉਸ ਦਾ ਸਰੀਰ ਜਵਾਨ ਖੋਤੇ ਵਾਂਗ ਹੱਟਾ ਕੱਟਾ ਸੀ। ਉਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਪੈਸਿਆਂ ਦੀ ਖਾਤਰ ਉਹਨਾਂ ਵਡੇਰੀ ਉਮਰ ਦੀਆਂ ਅਮਰੀਕਨ ਤੀਵੀਆਂ ਨਾਲ ਪਿਆਰ ਕਰਦਾ ਸੀ ਜੋ ਉਂਝ ਤਾਂ ਉੱਥੋਂ ਦਾ ਕੁਦਰਤ ਸੁਹੱਪਣ ਦੇਖਣ ਆਉਂਦੀਆਂ ਸਨ, ਪਰ ਅਸਲ ਵਿੱਚ ਉਹਨਾਂ ਦਾ ਮਨੋਰਥ ਗਰੀਬ ਮੁੰਡਿਆਂ ਨਾਲ ਪਿਆਰ ਖੇਡ ਰਚਾਉਣ ਦਾ ਹੁੰਦਾ ਸੀ।

"ਉਹ ਮੇਰੇ ਰੱਬਾ!" ਫੋਟੋ ਤੇ ਨਾਂ ਪੜਦਿਆਂ ਹੀ ਉਸ ਨੇ ਜੋਰ ਨਾਲ ਕਿਹਾ ਤੇ ਉਸ ਦੀਆਂ ਗੱਲ੍ਹਾਂ ਤੇ ਖੁਸ਼ੀ ਦੀ ਲਾਲ਼ੀ ਦੌੜ ਗਈ। "ਇਹੀ ਨੇ ਆਰਤੁਰੋ ਤੇ ਅਨਰਿਕੋ, ਮੇਰੇ ਸਾਥੀ! ਉਹ ਚਾਚਾ ਏਤਰੋ ਮੈਂ ਤੈਨੂੰ ਦਿਲੋਂ ਵਧਾਈ ਦਿੰਦਾ ਹਾਂ, ਤੈਨੂੰ ਵੀ ਤੇ ਆਪਣੇ ਆਪ ਨੂੰ ਵੀ। ਹੁਣ ਮੈਨੂੰ ਹੋਰ ਉੱਘੇ ਦੇਸ਼ ਵਾਸੀ ਮਿਲ ਗਏ। ਕੀ ਇਹ ਮਾਣ ਵਾਲੀ ਗੱਲ ਨਹੀਂ?"

"ਫਾਲਤੂ ਬਕ ਬਕ ਨਾ ਕਰ।" ਬੁੱਢੇ ਨੇ ਉਸ ਨੂੰ ਕਿਹਾ।

ਪਰ ਨਾਈ ਹੱਥ ਹਿਲਾਉਂਦਾ ਹੋਇਆ ਚੀਕਿਆ:

"ਵਾਹਵਾ!"

"ਏਥੇ ਉਨ੍ਹਾਂ ਬਾਰੇ ਕੀ ਲਿਖਿਆ ਹੋਇਐ?" ਬੁੱਢੇ ਨੇ ਪੁੱਛਿਆ।

" ਮੈ ਪੜ੍ਹ ਤਾਂ ਨਹੀਂ ਸਕਦਾ ਕਿ ਇਸ ਵਿੱਚ ਕੀ ਲਿਖਿਆ ਹੋਇਐ, ਪਰ ਏਨਾ ਜਰੂਰ ਜਾਣਦਾਂ ਹਾਂ ਕਿ ਇਹ ਗੱਲ ਸੱਚੀ ਏ। ਗਰੀਬਾਂ ਬਾਰੇ ਜੇ ਸਚਾਈ ਤੋਂ ਕੰਮ ਲਿਆ ਜਾਵੇ ਤਾਂ ਉਹਨਾਂ ਨੂੰ ਵੱਡੇ ਬਹਾਦਰ ਮੰਨਣਾ ਪਏਗਾ!"

"ਕਿਰਪਾ ਕਰਕੇ ਆਪਣੀ ਜੀਭ ਨੂੰ ਰਤਾ ਲਗਾਮ ਦੇ ਕੇ ਰਖ।"

ਕਹਿਕੇ ਚੇਂਕੋ ਉੱਥੋਂ ਤੁਰ ਪਿਆ। ਪੱਥਰਾਂ ਤੇ ਉਸ ਦੀ ਲੱਕੜ ਦੀ ਜੁੱਤੀ ਦੀ ਖਟ ਖਟ ਆਵਾਜ਼ ਹੁੰਦੀ ਰਹੀ।

ਹੁਣ ਉਹ ਇਕ ਰੂਸੀ ਸਜਣ ਕੋਲ ਗਿਆ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਨਰਮ ਦਿੱਲ ਤੇ ਇਮਾਨਦਾਰ ਆਦਮੀ ਹੈ। ਅੰਦਰ ਜਾ ਕੇ ਚੇਂਕੋ ਉਸ ਦੇ ਮੰਜੇ ਕੋਲ ਬੈਠ ਗਿਆ। ਉਹ ਸੱਜਣ ਜ਼ਿੰਦਗੀ ਦੇ ਅੰਤਲੇ ਦਿਨ ਗਿਣ ਰਿਹਾ ਸੀ। ਚੇਂਕੋ ਨੇ ਉਸ ਨੂੰ ਪੁੱਛਿਆ:

"ਏਥੇ ਇਨ੍ਹਾਂ ਦੋਹਾਂ ਬਾਰੇ ਕੀ ਲਿਖਿਆ ਹੋਇਐ?"

ਬੀਮਾਰੀ ਕਰਕੇ ਫਿੱਕੀਆਂ ਪੈ ਗਈਆਂ ਤੇ ਉਦਾਸ ਅੱਖਾਂ ਨੂੰ ਸੁੰਗੜਾ ਕੇ ਰੂਸੀ ਸੱਜਣ ਨੇ ਕਮਜ਼ੋਰ ਆਵਾਜ਼ ਵਿੱਚ ਪੋਸਟ ਕਾਰਡ ਤੇ ਲਿਖਿਆ ਹੋਇਆ ਪੜ੍ਹਿਆ ਤੇ ਉਸ ਦੇ ਚਹਿਰੇ ਤੇ ਨਿੱਘੀ ਮੁਸਕਰਾਹਟ ਚਮਕ ਉੱਠੀ।

ਬੁੱਢੇ ਨੇ ਰੂਸੀ ਨੂੰ ਕਿਹਾ, "ਤੁਸੀਂ ਵੇਖ ਹੀ ਰਹੇ ਹੋ ਮੈਂ ਬਹੁਤ ਬੁੱਢਾ ਹੋ ਚੁੱਕਾ ਹਾਂ ਤੇ ਛੇਤੀ ਹੀ ਮੈਨੂੰ ਆਪਣੇ ਰਚਨਹਾਰੇ ਕੋਲ ਜਾਣਾ ਪੈਣੇ। ਜਦ ਮਦੋਨਾ ਮੈਨੂੰ ਪੁੱਛੇਗੀ ਕਿ ਮੈਂ ਆਪਣੇ ਪੁੱਤਰਾਂ ਬਾਰੇ ਕੀ ਕੀਤਾ ਏ ਤਾਂ ਮੈਨੂੰ ਸਾਰੀ ਗੱਲ ਦੱਸਣੀ ਪੈਣੀ ਏ। ਇਹ ਨੇ ਮੇਰੇ ਪੁੱਤਰ ਪਰ ਮੈਨੂੰ ਪਤਾ ਨਹੀਂ ਇਨ੍ਹਾਂ ਨੇ ਕੀ ਕੀਤਾ ਹੈ ਤੇ ਇਹ ਕਿਉਂ ਜੇਲ੍ਹ ਵਿੱਚ ਹਨ?"

"ਤੂੰ ਮਦੋਨਾ ਨੂੰ ਕਹਿ ਦਈਂ," ਰੂਸੀ ਸੱਜਣ ਨੇ ਉਸ ਨੂੰ ਗੰਭੀਰਤਾ ਨਾਲ ਸਲਾਹ ਦਿੱਤੀ, "ਤੇਰੇ ਪੁੱਤਰਾਂ ਨੇ ਖੁਦ ਮਦੋਨਾ ਦੇ ਪੁੱਤਰ ਦੀ ਇਕ ਮੁੱਖ ਆਗਿਆ ਨੂੰ ਸਹੀ ਤੌਰ ਤੇ ਸਮਝਿਆ ਹੈ– ਉਨ੍ਹਾਂ ਨੇ ਸੱਚੇ ਦਿਲ ਨਾਲ ਆਪਣੇ ਲੋਕਾਂ ਨੂੰ ਪਿਆਰ ਕੀਤਾ ਹੈ....."

ਬੁੱਢੇ ਨੇ ਰੂਸੀ ਸੱਜਣ ਦੀ ਗੱਲ ਤੇ ਭਰੋਸਾ ਕੀਤਾ ਕਿਉਂਕਿ ਝੂਠ ਕਦੇ ਸੌਖੀ ਤੇ ਸਾਦੀ ਜਬਾਨ ਵਿੱਚ ਨਹੀਂ ਬੋਲਿਆ ਜਾ ਸਕਦਾ। ਝੂਠ ਲਈ ਜਰੂਰੀ ਨੇ ਮਿੱਠੇ ਲਫਜ਼ ਤੇ ਸੁਹਣੇ ਮੁਹਾਵਰੇ। ਬੁੱਢੇ ਨੇ ਉਸ ਬਿਮਾਰ ਦੇ ਛੋਟੇ ਜਿਹੇ ਨਰਮ ਹੱਥ ਨਾਲ ਹੱਥ ਮਿਲਾਇਆ। ਉਹ ਹੱਥ ਮਿਹਨਤ ਤੋਂ ਜਾਣੂ ਨਹੀਂ ਸੀ।

"ਤਾਂ ਉਨ੍ਹਾਂ ਦਾ ਜੇਲ੍ਹ ਵਿੱਚ ਰਹਿਣਾ ਕੋਈ ਬਦਨਾਮੀ ਦੀ ਗੱਲ ਨਹੀਂ ਏਨੀ।"

"ਨਹੀਂ," ਰੂਸੀ ਨੇ ਕਿਹਾ, ਤੂੰ ਜਾਣਦੈਂ ਕਿ ਅਮੀਰ ਲੋਕਾਂ ਨੂੰ ਉਦੋਂ ਜੇਲ ਭੇਜਿਆ ਜਾਂਦੈ ਜਦੋਂ ਉਹ ਬਹੁਤ ਜਿਆਦਾ ਪਾਪ ਕਰਦੇ ਹਨ ਤੇ ਜਦ ਉਨ੍ਹਾਂ ਨੂੰ ਲੁਕਾ ਕੇ ਰੱਖਣਾ ਔਖਾ ਹੋ ਜਾਂਦੈ। ਪਰ ਗਰੀਬਾਂ ਨੂੰ ਉਦੋਂ ਜੇਲ ਜਾਣਾ ਪੈਂਦਾ ਜਦੋਂ ਉਹ ਥੋੜੀ ਜਿੰਨੀ ਚੰਗਿਆਈ ਕਰਨ ਦਾ ਜਤਨ ਕਰਦੇ ਹਨ। ਮੈਂ ਕਹਾਂਗਾ ਕਿ ਤੂੰ ਬੜੇ ਭਾਗਾਂ ਵਾਲਾ ਪਿਤਾ ਏਂ!"

ਰੂਸੀ ਸੱਜਣ ਚੇਂਕੋ ਨਾਲ ਦੇਰ ਤਾਈਂ ਗੱਲਾਂ ਕਰਦਾ ਰਿਹਾ। ਆਪਣੀ ਕਮਜੋਰ ਆਵਾਜ਼ ਵਿੱਚ ਉਸਨੇ ਦੱਸਿਆ ਗਰੀਬੀ ਅਤੇ ਅਗਿਆਨ ਨੂੰ ਤੇ ਇਨ੍ਹਾ ਸਦਕਾ ਪੈਦਾ ਹੋਣ ਵਾਲੀਆਂ ਬੁਰੀਆਂ ਤੇ ਘਿਨਾਉਣੀਆਂ ਗੱਲਾਂ ਨੂੰ ਮਿਟਾਉਣ ਲਈ ਇਮਾਨਦਾਰ ਲੋਕ ਇਸ ਦੁਨੀਆ ਵਿਚ ਕੀ ਕੁਝ ਕਰ ਰਹੇ ਹਨ.......

ਅਸਮਾਨ ਵਿਚ ਸੂਰਜ ਕਿਸੇ ਅੱਗ ਦੇ ਫੁੱਲ ਵਾਂਗ ਚਮਕ ਰਿਹਾ ਹੈ। ਭੂਰੀਆਂ ਚੱਟਾਨਾਂ ਉੱਤੇ ਉਹ ਕਿਰਨਾਂ ਦੀ ਸੁਨਹਿਰੀ ਧੂੜ ਧੂੜਦਾ ਹੈ ਤੇ ਪੱਥਰ ਦੀ ਹਰ ਦਰਾਰ ਵਿੱਚੋਂ ਜਿੰਦਗੀ ਉਤਾਵਲ ਨਾਲ ਸੂਰਜ ਵੱਲ ਆਪਣਾ ਸਿਰ ਚੁੱਕਦੀ ਹੈ– ਹਰਾ ਘਾਹ ਤੇ ਅਸਮਾਨ

ਵਰਗੇ ਨੀਲੇ ਫੁੱਲ। ਸੂਰਜ ਦੇ ਚਾਨਣ ਦੇ ਸੁਨਹਿਰੇ ਚੰਗਿਆੜੇ ਚਮਕ ਉਠਦੇ ਹਨ ਤੇ ਵੱਡੇ ਵੱਡੇ ਤ੍ਰੇਲ ਤੁਪਕਿਆਂ ਵਿਚ ਬੁਝ ਜਾਂਦੇ ਹਨ।

ਬੁਢੇ ਨੂੰ ਉਸ ਵੇਲੇ ਆਪਣੇ ਪੁਤਰਾਂ ਦੀ ਯਾਦ ਆਉਂਦੀ ਹੈ ਜਦ ਉਹ ਹਰ ਜਿਉਂਦੀ ਸ਼ੈਅ ਨੂੰ ਸੂਰਜ ਦੇ ਜਿੰਦਗੀ ਦੇਣ ਵਾਲੇ ਚਾਨਣ ਨੂੰ ਪੀਂਦਿਆਂ ਤੱਕਦਾ ਹੈ ਤੇ ਆਪਣੇ ਆਲ੍ਹਣੇ ਬਨਾਉਣ ਵਿੱਚ ਰੁੱਝੇ ਹੋਏ ਪੰਛੀਆਂ ਦਾ ਗੀਤ ਸੁਣਦਾ ਹੈ। ਉਸ ਦੇ ਉਹ ਪੁੱਤਰ ਸਮੁੰਦਰ ਦੇ ਉਸ ਪਾਰ ਇੱਕ ਵੱਡੇ ਸ਼ਹਿਰ ਵਿੱਚ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਹਨ। ਬੁੱਢੇ ਦੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਜੇਲ ਦੀ ਜਿੰਦਗੀ ਉਨ੍ਹਾਂ ਦੀ ਸਿਹਤ ਲਈ ਕਿੰਨੀ ਮਾੜੀ ਹੈ! ਵਿਚਾਰੇ ਮੁੰਡੇ......

ਪਰ ਫੇਰ ਉਹ ਸੋਚਦਾ ਹੈ ਕਿ ਆਪਣੇ ਪਿਉ ਵਾਂਗ ਇਮਾਨਦਾਰ ਹੋਣ ਲਈ ਹੀ ਉਹ ਜੇਲ੍ਹ ਵਿੱਚ ਬੰਦ ਹਨ। ਉਸ ਦਾ ਕਾਂਸੀ ਰੰਗਾ ਚਿਹਰਾ ਇਕ ਸੰਤੋਖ ਤੇ ਮਾਣ ਭਰੀ ਮੁਸਕਰਾਹਟ ਨਾਲ ਢਿੱਲਾ ਪੈ ਜਾਂਦਾ ਹੈ।

"ਧਰਤੀ ਅਮੀਰ ਹੈ, ਆਦਮੀ ਗਰੀਬ ਹਨ; ਸੂਰਜ ਨਰਮ ਦਿਲ ਹੈ, ਆਦਮੀ ਨਿਰਦਈ ਹੈ। ਜਿੰਦਗੀ ਭਰ ਮੈਂ ਇਹ ਸੋਚਦਾ ਰਿਹਾ ਤੇ ਭਾਵੇਂ ਇਸ ਬਾਰੇ ਮੈਂ ਆਪਣੇ ਪੁੱਤਰਾਂ ਨੂੰ ਕੁਝ ਵੀ ਦੱਸਿਆ ਨਹੀਂ, ਤਾਂ ਵੀ ਉਹ ਆਪਣੇ ਪਿਉ ਦੇ ਖਿਆਲਾਂ ਨੂੰ ਸਮਝ ਗਏ। ਹਰ ਹਫਤੇ ਲਈ ਛੇ ਡਾਲਰ, ਭਾਵ ਚਾਲੀ ਲੀਰਾ! ਉਹੋ! ਪਰ ਉਨ੍ਹਾਂ ਸੋਚਿਆ ਕਿ ਇਹ ਬਹੁਤ ਘੱਟ ਹੈ। ਤੇ ਉਨ੍ਹਾਂ ਵਰਗੇ ਹੋਰ ਪੰਝੀ ਹਜਾਰ ਲੋਕਾਂ ਨੇ ਵੀ ਇਹੀ ਸੋਚਿਆ-ਚੰਗੀ ਤਰ੍ਹਾਂ ਜਿੰਦਗੀ ਬਿਤਾਉਣ ਦੀ ਚਾਹ ਕਰਨ ਵਾਲੇ ਲਈ ਇਹ ਬਹੁਤ ਘੱਟ ਹੈ........

ਬੁੱਢੇ ਨੂੰ ਯਕੀਨ ਹੋ ਚੁੱਕਾ ਹੈ ਕਿ ਉਸ ਦੇ ਦਿਲ ਵਿੱਚ ਜੋ ਖਿਆਲ ਲੁਕੇ ਹੋਏ ਸਨ, ਇਹੀ ਉਸਦੇ ਪੁੱਤਰਾਂ ਵਿੱਚ ਖਿੜ ਪਏ ਹਨ ਤੇ ਏਸ ਲਈ ਉਹ ਬੜਾ ਮਾਣ ਮਹਿਸੂਸ ਕਰਦਾ ਹੈ। ਪਰ ਇਹ ਜਾਣ ਕੇ ਕਿ ਆਦਮੀ ਆਪਣੀਆਂ ਹੀ ਬਣਾਈਆਂ ਪਰੀ ਕਹਾਣੀਆਂ ਵਿੱਚ ਕਿੱਥੋਂ ਤੱਕ ਯਕੀਨ ਕਰਦਾ ਹੈ, ਉਹ ਆਪਣੇ ਖਿਆਲਾਂ ਨੂੰ ਪ੍ਰਗਟ ਨਹੀਂ ਕਰਦਾ।

ਫੇਰ ਵੀ ਉਸ ਦਾ ਵੱਡਾ ਸਾਰਾ ਬਿਰਧ ਦਿਲ ਕਦੇ ਕਦੇ ਆਪਣੇ ਪੁੱਤਰਾਂ ਦੇ ਭਵਿੱਖ ਦੇ ਖਿਆਲਾਂ ਨਾਲ ਉੱਛਲ ਪੈਂਦਾ ਹੈ ਤੇ ਤਦ ਬੁੱਢਾ ਚੇਂਕੋ ਆਪਣੀ ਥੱਕੀ ਹੋਈ ਕਮਰ ਸਿੱਧੀ ਕਰਦਾ ਹੈ, ਡੂੰਘਾ ਸਾਹ ਭਰਦਾ ਹੈ ਤੇ ਆਪਣੀ ਢਹਿੰਦੀ ਹੋਈ ਸੱਤਿਆ ਨੂੰ ਸੰਭਾਲਦਾ ਹੋਇਆ, ਸਮੁੰਦਰ ਵੱਲ ਮੁੜ ਕੇ ਉਸ ਪਾਸੇ ਵੱਲ ਉੱਚੀ ਸਾਰੀ ਆਵਾਜ ਦਿੰਦਾ ਹੈ, ਜਿੱਧਰ ਉਸ ਦੇ ਪੁੱਤਰ ਜੇਲ੍ਹ ਵਿੱਚ ਬੰਦ ਹਨ:

"ਧੀਰਜ ਰੱਖੋ!"

ਸਮੁੰਦਰ ਦੇ ਡੂੰਘੇ ਪਾਣੀਆਂ ਤੋਂ ਉੱਪਰ ਉੱਠਦਾ ਹੋਇਆ ਸੂਰਜ ਹੱਸਦਾ ਹੈ ਤੇ ਉਤਾਂਹ ਵੱਲ ਅੰਗੂਰ ਬਾਗਾਂ ਵਿਚ ਕੰਮ ਕਰਨ ਵਾਲੇ ਲੋਕ ਬੁੱਢੇ ਦੀ ਆਵਾਜ ਨੂੰ ਗੁੰਜਾਉਂਦੇ ਹਨ:

"ੳ—ੳ—!"

♦ ♦ ♦ ♦ ♦

(ਪੰਨਾ 40 ਦਾ ਬਾਕੀ ਹਿੱਸਾ )

# ਆਰਥਿਕ ਨਿਯਮ ਅਤੇ ਉਹਨਾਂ ਦੀ ਵਰਤੋਂ

ਕਰਦੇ ਹਨ। ਇਸ ਲਈ ਜੇਕਰ ਅਸੀਂ ਯੂਰੋਪ 'ਚ ਪਿਛਲੇ ਦੋ ਹਜ਼ਾਰ ਸਾਲਾਂ ਦੇ ਆਰਥਿਕ ਵਿਕਾਸ 'ਤੇ ਵਿਚਾਰ ਕਰੀਏ ਤਾਂ ਅਸੀਂ ਗੁਲਾਮਦਾਰੀ, ਜਗੀਰਦਾਰੀ ਅਤੇ ਸਰਮਾਏਦਾਰਾ ਅਰਥਚਾਰੇ ਤੋਂ ਸਮਾਜਵਾਦ ਵੱਲ ਵਿਕਾਸ ਦੇਖਦੇ ਹਾਂ ਅਤੇ ਇਹ ਸਾਰਾ ਵਿਕਾਸ ਆਰਥਿਕ ਨਿਯਮਾਂ ਦੁਆਰਾ ਵਿਨਿਯਮਤ ਹੁੰਦਾ ਹੈ।

ਬਹੁਤ ਆਮ ਅਤੇ ਬਹੁਤ ਬੁਨਿਆਦੀ ਆਰਥਿਕ ਨਿਯਮ ਹਨ ਜੋ ਸਮਾਜ ਦੀ ਸਮੁੱਚੀ ਵਿਗਾਸ ਪ੍ਰਕ੍ਰਿਆ ਦੌਰਾਨ ਕਾਰਜਸ਼ੀਲ ਰਹਿੰਦੇ ਹਨ। ਇਹ ਖੁਦ ਨੂੰ ਸਾਰੇ ਪੜਾਵਾਂ ਦੌਰਾਨ ਸਥਾਪਿਤ ਕਰਦੇ ਹਨ ਅਤੇ ਇੱਕ ਪੜਾਅ ਤੋਂ ਅਗਲੇ ਪੜਾਅ ਵੱਲ ਤਬਦੀਲੀ ਨੂੰ ਵਿਨਿਯਮਤ ਕਰਦੇ ਹਨ।

ਅਜਿਹਾ ਹੀ ਨਿਯਮ ਹੈ ਕਿ ਪੈਦਾਵਾਰ ਦੇ ਸਬੰਧਾਂ ਨੂੰ ਲਾਜ਼ਮੀ ਹੀ ਪੈਦਾਵਾਰੀ ਤਾਕਤਾਂ ਦੇ ਅਨੁਸਾਰੀ ਹੋਣਾ ਚਾਹੀਦਾ ਹੈ। ਇਹ ਨਿਯਮ ਹਮੇਸ਼ਾ ਖੁਦ ਨੂੰ ਇਸ ਨਤੀਜੇ ਨਾਲ ਕਿ ਕੋਈ ਵੀ ਆਰਥਿਕ ਪ੍ਰਬੰਧ ਜੋ ਨਵੀਆਂ ਪੈਦਾਵਾਰੀ ਤਾਕਤਾਂ ਦੇ ਖਾਸੇ ਦੇ ਅਨੁਸਾਰੀ ਨਹੀਂ ਰਹਿੰਦਾ, ਲੁਪਤਸ਼ੀਲ ਹੋ ਜਾਂਦਾ ਹੈ ਅਤੇ ਸੰਕਟ 'ਚ ਫਸ ਜਾਂਦਾ ਹੈ ਅਤੇ ਸਮੇਂ ਨਾਲ਼ ਇਸ ਦੀ ਥਾਂ ਨਵਾਂ ਪ੍ਰਬੰਧ ਲੈ ਲੈਂਦਾ ਹੈ ਜੋ ਪੈਦਾਵਾਰੀ ਤਾਕਤਾਂ ਦੇ ਖਾਸੇ ਦੇ ਅਨੁਸਾਰੀ ਹੁੰਦਾ ਹੈ, ਸਥਾਪਤ ਕਰਦਾ ਹੈ।

ਨਤੀਜਤਨ ਵੱਖ-ਵੱਖ ਸਮਾਜੀ-ਆਰਥਿਕ ਬਣਤਰਾਂ "ਇੱਕ ਦੂਸਰੀ ਤੋਂ ਆਪੋ-ਆਪਣੇ ਵਸ਼ਿਸ਼ਟ ਆਰਥਿਕ ਨਿਯਮਾਂ ਕਾਰਨ ਵੰਡੀਆਂ ਹੁੰਦੀਆਂ ਹਨ ਪਰ ਸਾਰੀਆਂ ਬਣਤਰਾਂ ਲਈ ਸਾਂਝੇ ਆਰਥਿਕ ਨਿਯਮਾਂ ਦੁਆਰਾ ਇੱਕ ਦੂਜੀ ਨਾਲ਼ ਜੁੜੀਆਂ ਵੀ ਹੁੰਦੀਆਂ ਹਨ।"

ਸਮਾਜਿਕ ਵਿਕਾਸ ਦੀ ਵਿਗਿਆਨਕ ਸਮਝ ਵਾਸਤੇ। ਜ਼ਰੂਰੀ ਹੈ ਕਿ ਅਸੀਂ ਹਾਸਲ ਸਮਾਜੀ-ਆਰਥਿਕ ਬਣਤਰ, ਜਿਵੇਂ ਕਿ ਸਰਮਾਏਦਾਰੀ ਦੇ ਵਸ਼ਿਸ਼ਟ ਨਿਯਮਾਂ ਨੂੰ ਸਮਝੀਏ, ਜੋ ਕਿ ਅੰਤਮ ਵਿਸ਼ਲੇਸ਼ਣ ਵਿੱਚ ਇੱਕ ਖਾਸ ਦੌਰ 'ਚ ਸਮਾਜਿਕ ਵਿਕਾਸ ਦੀਆਂ ਖਾਸੀਅਤਾਂ ਦੀ ਵਿਆਖਿਆ ਕਰਦੇ ਹਨ ਅਤੇ ਅਸੀਂ ਸਮਾਜ ਦੀ ਸਮੁੱਚੀ ਆਰਥਿਕ ਵਿਕਾਸ ਪ੍ਰਕ੍ਰਿਆ ਦੇ ਆਮ ਨਿਯਮਾਂ ਨੂੰ ਸਮਝੀਏ, ਜੋ ਕਿ ਅੰਤਮ ਵਿਸ਼ਲੇਸ਼ਣ ਵਿੱਚ ਨਾ ਸਿਰਫ ਸਮਾਜਿਕ ਵਿਕਾਸ ਦੇ ਹਰ ਖਾਸ ਦੌਰ ਦੇ ਕੁੱਲ ਲੱਛਣਾਂ ਦੀ ਵਿਆਖਿਆ ਕਰਦੇ ਹਨ ਸਗੋਂ ਇੱਕ ਸਮਾਜ ਆਰਥਿਕ ਬਣਤਰ ਤੋਂ ਦੂਜੀ ਵੱਲ ਤਬਦੀਲੀ ਦੀ ਵੀ ਵਿਆਖਿਆ ਕਰਦੇ ਹਨ।●

ਕਵਿਤਾ

# ਮਾਂ-ਬੋਲੀ

*• ਰਸੂਲ ਹਮਜ਼ਾਤੋਵ*



ਸੁਪਨੇ ਬੜੀ ਵਚਿੱਤਰ ਦੁਨੀਆਂ ਹੁੰਦੇ ਨੇ।
ਅੱਜ ਸੁਪਨੇ ਵਿੱਚ ਦੇਖਾਂ — ਮੈਂ ਮਰਿਆ ਹੋਇਆ।
ਸਿਖ਼ਰ ਦੁਪਹਿਰੇ ਦਾਗ਼ਿਸਤਾਨ ਦੀ ਵਾਦੀ ਵਿੱਚ
ਸੀਨੇ ਗੋਲ਼ੀ ਖਾਧੀ, ਮੈਂ ਨਿਰਜਿੰਦ ਪਿਆ।

ਕੋਲ਼ੋਂ ਦੀ ਰੌਲ਼ਾ ਪਾਉਂਦੀ ਇੱਕ ਨਦੀ ਵਹੇ।
ਅੱਜ ਕਿਸੇ ਨੂੰ ਚੇਤਾ, ਨਾ ਹੀ ਲੋੜ ਮੇਰੀ।
ਜਿਸ ਧਰਤੀ ਤੋਂ ਜੰਮਿਆ, ਅੱਜ ਉਡੀਕ ਰਿਹਾਂ,
ਕਦ ਬਣ ਜਾਵਾਂ ਮੈਂ ਉਸੇ ਦੀ ਇੱਕ ਢੇਰੀ।

ਮੈਂ ਅੰਤਮ ਸਾਹਾਂ 'ਤੇ, ਕਿਸੇ ਨੂੰ ਪਤਾ ਨਹੀਂ,
ਨਾ ਕੋਈ ਅੱਜ ਵਿਦਾ ਕਹਿਣ ਹੀ ਆਏਗਾ।
ਸਿਰਫ਼ ਕਿਤੇ ਅਸਮਾਨੀ ਚੀਲ੍ਹਾਂ ਚੀਕਦੀਆਂ,
ਹਿਰਨੀਆਂ ਨੂੰ ਬੇਵਸ ਕਿਤੇ ਹਾਉਂਕਾ ਆਏਗਾ।

ਨਾ ਕੋਈ ਮੇਰੀ ਮੜ੍ਹੀ 'ਤੇ ਆ ਕੇ ਰੋਏਗਾ,
(ਕਿ) ਤੁਰ ਗਿਆ ਮੈਂ, ਜਦ ਸੀ ਜੀਵਨ ਦੀ ਸਿਖ਼ਰ ਦੁਪਹਿਰ,
ਨਾ ਮਾਂ, ਨਾ ਕੋਈ ਬੋਲੀ, ਨਾ ਕੋਈ ਚੰਨਮੁਖੀ।
ਨਾ ਕੋਈ ਹੋਰ, ਤੇ ਨਾ ਹੀ ਕੋਈ ਵੀ ਨੌਹਾਗਰ।

ਮੈਂ ਇੰਝ ਪਿਆ ਨਿਸੱਤਾ ਸਾਂ ਦਮ ਤੋੜ ਰਿਹਾ,
ਅਚਨਚੇਤ ਮੇਰੇ ਕੰਨੀਂ ਕੋਈ 'ਵਾਜ ਪਈ।
ਦੋ ਬੰਦੇ ਨੇੜੇ ਸਨ ਆ ਰਹੇ; ਉਹਨਾਂ ਵਿੱਚ
ਮੇਰੀ ਮਾਂ-ਬੋਲੀ ਵਿੱਚ ਚਰਚਾ ਚੱਲ ਰਹੀ।

ਸਿਖ਼ਰ ਦੁਪਹਿਰੇ ਦਾਗ਼ਿਸਤਾਨ ਦੀ ਵਾਦੀ ਵਿੱਚ,
ਮੈਂ ਦਮ ਤੋੜਾਂ, ਪਰ ਉਹ ਗੱਲੀਂ ਮਸਤ ਵੈਲੀ
ਕਿਸੇ ਹਸਨ ਦੀ ਖ਼ਚਰ-ਵਿੱਦਿਆ ਦੀਆਂ, ਜਾਂ ਕੋਈ
ਚਾਰ-ਸੌ-ਵੀਹੀ ਦੀਆਂ ਜੋ ਕੀਤੀ ਸੀ ਕਿਸੇ ਅਲੀ।

ਅਧਮੋਇਆ, ਮੈਂ ਮਾਂ-ਬੋਲੀ ਦੀ ਧੁਨੀ ਸੁਣੀ,
ਜਾਨ ਪਈ; ਤੇ ਇਸ ਚਾਨਣ ਦੀ ਘੜੀ ਆਈ,
ਕਿ ਮੇਰੇ ਦੁੱਖਾਂ ਦਾ ਦਾਰੂ ਮਾਂ-ਬੋਲੀ,
ਨਾ ਕੋਈ ਵੈਦ ਹਕੀਮ, ਨਾ ਕੋਈ ਜਾਦੂਗਰੀ।

ਇਕਨਾਂ ਦਾ ਦੁੱਖ ਹਰਨ ਪਰਾਈਆਂ ਬੋਲੀਆਂ ਵੀ,
ਪਰ ਮੈਂ ਉਹਨਾਂ ਵਿੱਚ ਨਹੀਂ ਕੁੱਝ ਗਾ ਸਕਦਾ।
ਕੂਚ-ਤਿਆਰੀ ਅੱਜ ਕਰਾਂ ਜੇ ਮੈਂ ਜਾਣਾਂ,
ਕੱਲ ਨੂੰ ਕਾਲ ਮੇਰੀ ਬੋਲੀ ਖਾ ਸਕਦਾ।

ਉਸ ਲਈ ਮੇਰੇ ਦਿਲ ਵਿੱਚ ਸਦਾ ਹੀ ਕਸਕ ਰਹੇ,
ਜੋ ਕਹਿੰਦੇ ਨੇ ਗ਼ਰੀਬ ਇਸਨੂੰ ਕਹਿਣ ਦਿਉ।
ਬੇਸ਼ੱਕ ਮਹਾਂਸਭਾ ਦੇ ਮੰਚ ਤੋਂ ਨਾ ਗੂੰਜੇ,
ਮੇਰੀ ਮਾਂ-ਬੋਲੀ ਮੇਰੇ ਲਈ ਰਹਿਣ ਦਿਉ।

ਕੀ ਮਹਿਮੂਦ ਨੂੰ ਸਮਝਣ ਲਈ ਮੇਰੇ ਵਾਰਿਸ,
ਉਸਦੇ ਉਲੱਥੇ ਹੀ ਸੱਚਮੁਚ ਪੜ੍ਹਨ ਪੜ੍ਹਾਉਣਗੇ ?
ਕੀ ਸਚਮੁੱਚ ਮੈਂ ਹਾਂ ਉਸ ਅੰਤਮ ਟੋਲੀ 'ਚੋਂ
ਜੋ ਅਵਾਰ ਬੋਲੀ ਵਿੱਚ ਲਿਖਣਗੇ ਗਾਉਣਗੇ ?

ਮੈਨੂੰ ਪਿਆਰਾ ਜੀਵਨ ਤੇ ਦੁਨੀਆਂ ਸਾਰੀ,
ਇਸਦੀ ਹਰ ਨੁੱਕਰ ਤੋਂ ਮੈਂ ਘੋਲੀ ਵਾਰੀ:
ਸੋਵੀਅਤਾਂ ਦੀ ਭੂਮੀ ਪਰ ਸਭ ਤੋਂ ਪਿਆਰੀ,
ਜਿਸਨੂੰ ਮਾਂ-ਬੋਲੀ ਵਿੱਚ ਗਾਵਾਂ ਉਮਰ ਸਾਰੀ।

ਸਖਾਲੀਨ ਤੋਂ ਬਾਲਟਿਕ ਤੱਕ — ਫੁੱਲਾਂ ਲੱਦੀ
ਤੇ ਸਵਤੰਤਰ ਪਿਆਰੀ ਇਸ ਸਭ ਧਰਤੀ ਤੋਂ,
ਮੈਂ ਤਨ, ਮਨ, ਧਨ ਸਭ ਵਾਰਾਂ, ਜੇ ਲੋੜ ਪਵੇ:
ਕਬਰ ਬਣੇ ਪਰ ਮੇਰੀ ਦੂਰ ਨਾ ਆਉਲ ਤੋਂ।

ਤਾਂ ਕਿ ਆਊਲ ਦੇ ਨੇੜੇ ਮੇਰੀ ਕਬਰ ਉੱਤੇ
ਕਦੀ ਕਦੀ ਫਿਰ ਲੱਗੇ ਸਭਾ ਅਵਾਰਾਂ ਦੀ,
(ਜੋ) ਮਾਂ-ਬੋਲੀ ਵਿੱਚ ਯਾਦ ਕਰਨ ਹਮਵਤਨ ਰਸੂਲ—
ਤਸਾਦਾ ਦੇ ਹਮਜ਼ਾਤ ਦਾ ਜੋ ਬੇਟਾ ਸੀ।

* ਆਊਲ — ਦਾਗਿਸਤਾਨ ਦੇ ਪਹਾੜੀ ਇਲਾਕੇ ਦੇ ਨਿੱਕੇ-ਨਿੱਕੇ ਪਿੰਡਾਂ ਨੂੰ ਆਊਲ ਕਿਹਾ ਜਾਂਦਾ ਹੈ।

**ਸਰਗਰਮੀਆਂ**

# ਪੂਨੇ ਫਿਲਮ ਐਂਡ ਟੈਲੀਵਿਜ਼ਨ ਇੰਸੀਚਿਊਟ ਦੇ ਵਿਦਿਆਰਥੀਆਂ ਦੀ ਗ੍ਰਿਫਤਾਰੀ ਖਿਲਾਫ 'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ)' ਵੱਲੋਂ ਰੋਸ ਮੁਜ਼ਾਹਰੇ

ਪੂਨੇ ਦੀ ਫਿਲਮ ਐਂਡ ਟੈਲੀਵਿਜ਼ਨ ਇੰਸੀਚਿਊਟ ਵਿੱਚ ਜੂਨ ਵਿੱਚ ਗਜੇਂਦਰ ਚੌਹਾਨ ਨੂੰ ਚੇਅਰਮੈਨ ਬਣਾਏ ਜਾਣ ਮਗਰੋਂ ਉੱਥੋਂ ਦੇ ਵਿਦਿਆਰਥੀ ਉਸਨੂੰ ਹਟਾਏ ਜਾਣ ਲਈ ਲੰਮੇ ਅਰਸੇ ਤੋਂ ਸੰਘਰਸ਼ ਕਰ ਰਹੇ ਹਨ। ਗਜੇਂਦਰ ਚੌਹਾਨ ਦਾ ਹਿੰਦੂ ਕੱਟੜਪੰਥੀ ਜਥੇਬੰਦੀ ਰਾਸ਼ਟਰੀ ਸਵੈਸੇਵਕ ਸੰਘ ਨਾਲ਼ ਜੁੜੇ ਹੋਣ ਕਾਰਨ ਵਿਰੋਧ ਕੀਤਾ ਜਾ ਰਿਹਾ ਹੈ। ਕੇਂਦਰ ਵਿੱਚ ਭਾਜਪਾ ਦੀ ਸਰਕਾਰ ਆਉਣ ਤੋਂ ਬਾਅਦ ਸਿੱਖਿਆ, ਇਤਿਹਾਸ ਨਾਲ਼ ਜੁੜੀਆਂ ਸੰਸਥਾਵਾਂ ਦੇ ਜੋ ਭਗਵੇਂਕਰਨ ਦੀ ਮੁਹਿੰਮ ਚੱਲੀ ਹੈ, ਗਜੇਂਦਰ ਚੌਹਾਨ ਨੂੰ ਮੁਖੀ ਬਣਾਏ ਜਾਣਾ ਇਸੇ ਦਾ ਹੀ ਇੱਕ ਹਿੱਸਾ ਹੈ। ਗਜੇਂਦਰ ਚੌਹਾਨ ਤੋਂ ਬਾਅਦ ਬਣੀ ਕਮੇਟੀ ਵਿੱਚ 4 ਹੋਰ ਨੁਮਾਇੰਦੇ ਰਾਸਟਰੀ ਸਵੈਸੇਵਕ ਸੰਘ ਨਾਲ਼ ਜੁੜੇ ਸ਼ਾਮਲ ਕੀਤੇ ਗਏ ਹਨ। ਇਸਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ਼ ਹਨ ਤੇ ਸਰਕਾਰ ਉਹਨਾਂ ਦੀ ਕੋਈ ਮੰਗ ਮੰਨਣ ਦੀ ਥਾਂ ਲਗਾਤਾਰ ਦਬਾਅ ਤੇ ਜ਼ਬਰ ਰਾਹੀਂ ਉਹਨਾਂ ਦੇ ਸੰਘਰਸ਼ ਨੂੰ ਕੁਚਲਣਾ ਚਾਹੁੰਦੀ ਹੈ। ਇਸ ਦਿਸ਼ਾ ਵਿੱਚ ਸਰਕਾਰ ਵੱਲੋਂ ਪਹਿਲਾਂ ਵੀ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਬੀਤੀ 18 ਅਗਸਤ ਦੀ ਰਾਤ ਹੋਸਟਲ ਵਿੱਚ ਸ਼ਾਂਤਮਈ ਧਰਨੇ 'ਤੇ ਬੈਠੇ ਵਿਦਿਆਰਥੀਆਂ ਉੱਤੇ ਪੁਲਿਸ ਨੇ ਰਾਤ ਨੂੰ ਕਰੀਬ 1 ਵਜੇ ਛਾਪਾ ਮਾਰ ਕੇ 15 ਤੋਂ ਵੱਧ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਹਨਾਂ ਉੱਤੇ ਕਈ ਤਰ੍ਹਾਂ ਦੇ ਝੂਠੇ ਮੁਕੱਦਮੇ ਦਰਜ ਕਰ ਦਿੱਤੇ। ਇਹਨਾਂ ਵਿੱਚੋਂ 5 ਵਿਦਿਆਰਥੀਆਂ ਉੱਤੇ ਕਾਫੀ ਗੰਭੀਰ ਦੋਸ਼ ਲਾਏ ਗਏ ਹਨ। ਸਰਕਾਰ ਦੀ ਇਸ ਕਾਰਵਾਈ ਖਿਲਾਫ਼ ਤੇ ਵਿਦਿਆਰਥੀਆਂ ਦੀ ਹਮਾਇਤ ਵਿੱਚ ਦੇਸ਼ ਵਿੱਚ ਥਾਂ-ਥਾਂ 'ਤੇ ਵਿਦਿਆਰਥੀਆਂ ਨੇ ਮੁਜਾਹਰੇ ਕੀਤੇ।

ਪੰਜਾਬ ਵਿੱਚ ਵੀ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਨੇ ਇਹਨਾਂ ਵਿਦਿਆਰਥੀਆਂ ਦੀਆਂ ਮੰਗਾਂ ਤੇ ਸੰਘਰਸ਼ ਨਾਲ਼ ਹਮਾਇਤ ਪ੍ਰਗਟਾਉਂਦੇ ਹੋਏ ਇਸ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਤੇ ਇਸ ਖਿਲਾਫ਼ ਵੱਖ-ਵੱਖ ਥਾਵਾਂ 'ਤੇ ਰੋਸ ਮੁਜਾਹਰੇ ਕੀਤੇ। 19 ਅਗਸਤ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲ਼ੋਂ ਡੈਮੋਕ੍ਰੈਟਿਕ ਸਟੂਡੈਂਟ ਆਰਗੇਨਾਈਜੇਸ਼ਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਨਾਲ਼ ਸਾਂਝੇ ਤੌਰ 'ਤੇ ਰੋਸ ਮੁਜਾਹਾਰਾ ਕੀਤਾ ਗਿਆ।

20 ਅਗਸਤ ਨੂੰ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲੋਂ ਸਰਕਾਰੀ ਆਈ.ਟੀ.ਆਈ. ਵਿਖੇ ਵੀ ਪੂਨੇ ਫਿਲਮ ਐਂਡ ਟੈਲੀਵਿਜ਼ਨ ਇੰਸੀਚਿਊਟ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਮੁਜਾਹਾਰਾ ਕੀਤਾ ਗਿਆ। ਇਸੇ ਦਿਨ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੇ ਸੱਦੇ 'ਤੇ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ਵਿਖੇ ਵਿਦਿਆਰਥੀਆਂ, ਕਲਾਕਾਰਾਂ ਤੇ ਬੁੱਧੀਜੀਵੀਆਂ ਨਾਲ਼ ਰਲ਼ ਕੇ ਰੋਸ ਮੁਜਾਹਰਾ ਕੀਤਾ ਗਿਆ। ਇਸ ਮੁਜਾਹਰੇ ਵਿੱਚ ਵਿਦਿਆਰਥੀ ਜਥੇਬੰਦੀਆਂ ਵੱਲੋਂ ਐਸ.ਐਫ.ਐਸ., ਪੀ.ਏ.ਐਫ. ਨੇ ਸ਼ਿਰਕਤ ਕੀਤੀ ਤੇ ਇਸਦੇ ਨਾਲ ਹੀ ਚੰਡੀਗੜ੍ਹ ਅਤੇ ਪਟਿਆਲੇ ਦੇ ਫਿਲਮ ਅਤੇ ਥੀਏਟਰ ਨਾਲ ਜੁੜੇ ਕਲਾਕਾਰ, ਬੁੱਧੀਜੀਵੀ ਅਤੇ ਯੂਨੀਵਰਸਿਟੀ ਦੇ ਹੋਰ ਵਿਦਿਆਰਥੀ ਵੀ ਸ਼ਾਮਿਲ ਹੋਏ।

ਇਸ ਮੌਕੇ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਪੂਰੇ ਮਸਲੇ, ਗੈਰ-ਕਨੂੰਨੀ ਗ੍ਰਿਫ਼ਤਾਰੀਆਂ ਤੇ ਭਾਜਪਾ ਦੀਆਂ ਸਿੱਖਿਆ ਦੇ ਭਗਵੇਂਕਰਨ ਦੀਆਂ ਨੀਤੀਆਂ ਉੱਤੇ ਚਾਨਣਾ ਪਾਇਆ। ਉਹਨਾਂ ਸੱਜੇ-ਪੱਖੀ ਪਿਛਾਖੜੀ ਤਾਕਤਾਂ ਵੱਲੋਂ ਦੇਸ਼ ਦੀਆਂ ਉੱਚ ਵਿਦਿਅਕ ਸੰਸਥਾਵਾਂ ਦੇ ਮਾਹੌਲ ਨੂੰ ਖਰਾਬ ਕਰਨ ਅਤੇ ਗੈਰ ਜਮਹੂਰੀ ਤਰੀਕਿਆਂ ਰਾਹੀਂ ਇਹਨਾਂ ਸੰਸਥਾਵਾਂ ਵਿਚ ਸਿਆਸੀ ਪਕੜ ਨੂੰ ਮਜ਼ਬੂਤ ਬਣਾਉਣ ਦੇ ਮਕਸਦ ਨਾਲ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਦੀ ਜੋਰਦਾਰ ਨਿੰਦਾ ਕੀਤੀ ਅਤੇ ਨਾਲ ਹੀ ਮੰਗ ਕੀਤੀ ਕਿ ਐਫ.ਟੀ.ਆਈ.ਆਈ. ਦੇ ਵਿਦਿਆਰਥੀਆਂ ਉੱਪਰ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਵਾਪਸ ਲਿਆ ਜਾਵੇ ਅਤੇ ਐਫ.ਟੀ.ਆਈ.ਆਈ. ਤੇ ਅਜਿਹੀਆਂ ਹੋਰ ਉੱਚ ਸਿੱਖਿਆ ਸੰਸਥਾਵਾਂ ਵਿਚ ਸਿਆਸੀ ਦਬਾਅ ਹੇਠ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ 'ਤੇ ਰੋਕ ਲਗਾਈ ਜਾਵੇ। ਉਹਨਾਂ ਨੇ ਇਹ ਵੀ ਕਿਹਾ ਕਿ ਦੇਸ਼ ਪੱਧਰ 'ਤੇ ਜੋ ਸਿੱਖਿਆ ਦੇ ਭਗਵੇਂਕਰਨ ਦੀ ਮੁਹਿੰਮ ਚੱਲ ਰਹੀ ਹੈ ਉਹ ਬੰਦ ਹੋਣੀ ਚਾਹੀਦੀ ਹੈ।

• ਪੱਤਰ ਪ੍ਰੇਰਕ

# ਲੁਧਿਆਣੇ ਵਿਖੇ ਮਜ਼ਦੂਰ ਪੰਚਾਇਤ ਹੋਈ

ਲੁਧਿਆਣੇ ਦੇ ਪੁੱਡਾ ਮੈਦਾਨ ਵਿੱਚ ਲੰਘੀ 16 ਅਗਸਤ ਨੂੰ ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਵੱਲੋਂ ਮਜ਼ਦੂਰ ਪੰਚਾਇਤ ਦਾ ਆਯੋਜਨ ਕੀਤਾ ਗਿਆ। ਪੰਚਾਇਤ ਵਿੱਚ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੀ ਕਾਰਜ਼ਕਾਰੀ ਕਮੇਟੀ ਵੱਲੋਂ ਪੇਸ਼ ਇੱਕ ਮੰਗ ਪੱਤਰ ਉੱਤੇ ਵਿਚਾਰ ਚਰਚਾ ਕੀਤੀ ਗਈ। ਮੰਗ ਪੱਤਰ ਨੂੰ ਅੰਤਮ ਰੂਪ ਦਿੱਤਾ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਇਹ ਮੰਗ ਪੱਤਰ ਟੈਕਸਟਾਈਲ ਅਤੇ ਹੌਜ਼ਰੀ ਮਾਲਕਾਂ ਨੂੰ ਸੌਂਪਿਆ ਜਾਵੇ। ਇਸ ਮੰਗ ਪੱਤਰ ਵਿੱਚ 25 ਫੀਸਦੀ ਤਨਖਾਹ ਵਾਧੇ, ਈ.ਐਸ.ਆਈ., ਪੀ.ਐਫ., ਪਹਿਚਾਣ ਪੱਤਰ, ਹਾਜ਼ਰੀ, ਬੋਨਸ, ਛੁੱਟੀਆਂ, ਹਾਦਸਿਆਂ ਅਤੇ ਬਿਮਾਰੀਆਂ ਤੋਂ ਸੁਰੱਖਿਆ ਦੇ ਪ੍ਰਬੰਧ ਆਦਿ ਸਾਰੇ ਕਿਰਤ ਕਨੂੰਨ ਲਾਗੂ ਕਰਨ, ਕਾਰਖਾਨਿਆਂ ਵਿੱਚ ਮਜ਼ਦੂਰਾਂ ਨਾਲ਼ ਮਾਲਕਾਂ ਵੱਲੋਂ ਹੋਣ ਵਾਲ਼ੀ ਕੁੱਟਮਾਰ, ਗਾਲ਼ੀ-ਗਲੋਚ, ਬਦਸਲੂਕੀ ਬੰਦ ਕਰਨ, ਆਦਿ ਮੰਗਾਂ ਰੱਖੀਆਂ ਗਈਆਂ ਹਨ। ਮਜ਼ਦੂਰ ਪੰਚਾਇਤ ਨੇ ਐਲ਼ਾਨ ਕੀਤਾ ਕਿ ਇਹ ਮੰਗਾਂ ਪੂਰੀਆਂ ਕਰਾਉਣ ਲਈ ਘੋਲ਼ ਤੇਜ਼ ਕੀਤਾ ਜਾਵੇਗਾ।

ਮਜ਼ਦੂਰ ਪੰਚਾਇਤ ਦੌਰਾਨ ਮਜ਼ਦੂਰਾਂ ਨੇ ਕਾਰਖਾਨਿਆਂ ਵਿੱਚ ਮਜ਼ਦੂਰਾਂ ਦੀ ਹੁੰਦੀ ਬਰਬਰ ਲੁੱਟ-ਖਸੁੱਟ ਬਾਰੇ ਖੁੱਲ੍ਹ ਕੇ ਗੱਲ ਕੀਤੀ। ਕਾਰਖਾਨਿਆਂ ਵਿੱਚ ਮਜ਼ਦੂਰਾਂ ਨੂੰ 12-14 ਘੰਟੇ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਏਨੀ ਮਿਹਨਤ ਤੋਂ ਬਾਅਦ ਵੀ ਉਹਨਾਂ ਨੂੰ ਬਹੁਤ ਘੱਟ ਉਜ਼ਰਤਾਂ ਮਿਲਦੀਆਂ ਹਨ ਤੇ ਉਹ ਬਦਤਰ ਜਿੰਦਗੀ ਜਿਉਣ 'ਤੇ ਮਜ਼ਬੂਰ ਹਨ। ਚੰਗੇ ਭੋਜਨ, ਰਿਹਾਇਸ਼, ਕੱਪੜਾ, ਦਵਾ-ਇਲਾਜ, ਸਿੱਖਿਆ, ਮਨੋਰੰਜਨ, ਅਰਾਮ ਆਦਿ ਬੁਨਿਆਦੀ ਜ਼ਰੂਰਤਾਂ ਵੀ ਉਹ ਪੂਰੀਆਂ ਨਹੀਂ ਕਰ ਪਾਉਂਦੇ। ਮਾਲਕਾਂ ਦੀਆਂ ਪੰਜੇ ਉਂਗਲਾਂ ਘੀ 'ਚ ਹਨ। ਮਜ਼ਦੂਰਾਂ ਦੀ ਮਿਹਨਤ ਦੀ ਲੁੱਟ ਕਰਕੇ ਬੇਹਿਸਾਬ ਮੁਨਾਫ਼ਾ ਕਮਾਉਣ ਵਾਲ਼ੇ ਮਾਲਕ ਐਸ਼, ਸੁੱਖ-ਸਹੂਲਤ ਦੀ ਜਿੰਦਗੀ ਜਿਉਂਦੇ ਹਨ। ਕਾਰਖਾਨਿਆਂ ਵਿੱਚ ਕਿਰਤ ਕਨੂੰਨ ਲਾਗੂ ਨਹੀਂ ਹੁੰਦੇ। ਨਾ ਘੱਟੋ-ਘੱਟ ਤਨਖਾਹ ਲਾਗੂ ਹੁੰਦੀ ਹੈ, ਨਾ ਅੱਠ ਘੰਟੇ ਕੰਮ ਦਿਹਾੜੀ ਦਾ ਕਨੂੰਨ। ਈ.ਐਸ.ਆਈ., ਪੀ.ਐਫ., ਫੰਡ, ਬੋਨਸ, ਛੁੱਟੀਆਂ, ਹਾਦਸਿਆਂ ਅਤੇ ਬਿਮਾਰੀਆਂ ਤੋਂ ਸੁਰੱਖਿਆ ਦੇ ਪ੍ਰਬੰਧ, ਹਾਜ਼ਰੀ, ਪਹਿਚਾਣ ਪੱਤਰ ਆਦਿ ਨਾਲ਼ ਸਬੰਧਤ ਕਨੂੰਨਾਂ ਨੂੰ ਮਾਲਕਾਂ ਨੇ ਭੁਲਾ ਦਿੱਤਾ ਹੈ। ਕਿਰਤ ਵਿਭਾਗ ਦੀ ਹੋਂਦ ਸਿਰਫ਼ ਦਿਖਾਵੇ ਲਈ ਹੈ। ਸਾਰਾ ਸਰਕਾਰੀ ਢਾਂਚਾ ਹੀ ਅਸਲ ਵਿੱਚ ਮਾਲਕਾਂ ਨਾਲ਼ ਮਿਲਕੇ ਚਲਦਾ ਹੈ ਅਤੇ ਮਜ਼ਦੂਰਾਂ ਦੀ ਲੁੱਟ-ਖਸੁੱਟ ਵਿੱਚ ਸ਼ਾਮਲ ਹੈ। ਮਜ਼ਦੂਰ ਮਾਲਕਾਂ ਅਤੇ ਸਰਕਾਰ ਦੇ ਭ੍ਰਿਸ਼ਟਾਚਾਰ ਕਰਕੇ ਬਦਹਾਲ਼ ਜਿੰਦਗੀ ਜੀ ਰਹੇ ਹਨ।

ਮਜ਼ਦੂਰ ਪੰਚਾਇਤ ਦੌਰਾਨ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਅਹੁਦੇਦਾਰਾਂ ਸਮੇਤ ਅਨੇਕਾਂ ਮਜ਼ਦੂਰਾਂ ਨੇ ਗੱਲ ਰੱਖੀ। ਵੱਖ-ਵੱਖ ਮਜ਼ਦੂਰ ਸਾਥੀਆਂ ਨੇ ਇਨਕਲਾਬੀ ਗੀਤ ਵੀ ਪੇਸ਼ ਕੀਤੇ।

# ਪੱਖੋਵਾਲ ਵਿਖੇ 'ਭਾਰਤ ਦੀ ਅਜ਼ਾਦੀ ਦਾ ਸੰਘਰਸ਼' ਵਿਸ਼ੇ 'ਤੇ ਵਿਚਾਰ ਗੋਸ਼ਟੀ

ਪਿੰਡ ਪੱਖੋਵਾਲ ਵਿਖੇ 'ਸਮਾਜ ਵਿਗਿਆਨ ਦਾ ਸਕੂਲ'(ਨੌ.ਭਾ.ਸ) ਵਲੋਂ 'ਭਾਰਤ ਦੀ ਅਜ਼ਾਦੀ ਦਾ ਸੰਘਰਸ਼' ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਜਿੱਸ ਵਿੱਚ ਇਲਾਕ ਦੇ ਨੌਜਵਾਨ ਵਿਦਿਆਰਥੀਆਂ ਅਤੇ ਸੂਝਵਾਨ ਲੋਕਾਂ ਨੇ ਭਰਵੀਂ ਗਿਣਤੀ ਵਿੱਚ ਹਿੱਸਾ ਲਿਆ। ਗੋਸ਼ਟੀ ਵਿੱਚ ਮੁੱਖ ਬੁਲਾਰੇ ਵਜੋਂ ਬੋਲਦੇ ਹੋਏ ਸਾਥੀ ਸੁਖਵਿੰਦਰ ਨੇ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਦੇ ਵੱਖ-ਵੱਖ ਪੱਖਾਂ 'ਤੇ ਗੱਲ ਰੱਖਦੇ ਹੋਏ ਕਿਹਾ ਕਿ ਬਰਤਾਨਵੀ ਬਸਤੀਵਾਦੀ ਗੁਲਾਮੀ ਤੋਂ ਅਜ਼ਾਦੀ ਦੀ ਲਹਿਰ ਵਿੱਚ ਭਾਰਤ ਵਿੱਚ ਵੱਖੋ-ਵੱਖਰੀਆਂ ਧਾਰਾਵਾਂ ਸਨ। ਇਹਨਾਂ ਵਿੱਚੋਂ ਇੱਕ ਧਾਰਾ ਗਾਂਧੀ-ਕਾਂਗਰਸ ਦੀ ਅਗਵਾਈ ਵਾਲ਼ੀ ਸੀ ਜੋ ਭਾਰਤ ਦੇ ਸਰਮਾਏਦਾਰਾਂ, ਧਨਾਢਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਸੀ। ਦੂਜੀ ਧਾਰਾ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਹਿੰਦੁਸਤਾਨ ਸੋਸ਼ਲਿਸਟ ਰਿਪਲਿਕਨ ਐਸੋਸ਼ੀਏਨ ਤੇ ਫਿਰ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲ਼ੀ ਸੀ ਜੋ ਉਸ ਵੇਲੇ ਦੇਸ਼ ਦੇ ਆਮ ਕਿਰਤੀ ਲੋਕਾਂ ਦੇ ਅਜ਼ਾਦੀ ਲਈ ਜੂਝ ਰਹੀ ਸੀ। ਅਜ਼ਾਦੀ ਦੇ ਇਸ ਸੰਘਰਸ਼ ਦੀ ਵਾਗਡੋਰ ਕਾਂਗਰਸ ਦੇ ਹੱਥ ਵਿੱਚ ਆ ਗਈ ਜਿਸ ਨਾਲ਼ ਭਾਰਤ ਦੀ ਅਜ਼ਾਦੀ ਭਾਰਤ ਦੇ ਸਰਮਾਏਦਾਰਾਂ, ਅਮੀਰਾਂ ਦੀ ਅਜ਼ਾਦੀ ਬਣ ਕੇ ਰਹਿ ਗਈ ਤੇ ਬਹੁਗਿਣਤੀ ਕਿਰਤੀ ਅਬਾਦੀ ਦੀ ਹਾਲਤ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ। ਇਸ ਲਈ 15 ਅਗਸਤ 1947 ਦੀ ਅਜ਼ਾਦੀ ਦੇਸ਼ ਦੇ ਹਾਕਮਾਂ ਵੱਲੋਂ ਕਿਰਤੀ ਲੋਕਾਂ ਨੂੰ ਲੁੱਟਣ ਤੇ ਕੁੱਟਣ ਦੀ ਅਜ਼ਾਦੀ ਹੈ। ਇਹ ਅਜ਼ਾਦੀ ਦੇ ਨਾਮ 'ਤੇ ਬਹੁਗਿਣਤੀ ਅਬਾਦੀ ਨਾਲ਼ ਹੋਇਆ ਧੋਖਾ ਹੈ।

ਇਸ ਮਗਰੋਂ ਉਹਨਾਂ ਨੇ 1947 ਤੋਂ ਲੈ ਕੇ ਅੱਜ ਤੱਕ ਦੇ ਹਾਲਤਾਂ ਦਾ ਜਿਕਰ ਕਰਦਿਆਂ ਕਿਹਾ ਕਿ ਇਹਨਾਂ 68 ਸਾਲਾਂ ਵਿੱਚ ਦੇਸ਼ ਦੀ ਕਿਰਤੀ ਅਬਾਦੀ ਦੀ ਹਾਲਤ ਦਿਨੋ-ਦਿਨ ਨਿੱਘਰੀ ਹੈ ਤੇ ਦੂਜੇ ਪਾਸੇ ਸਰਮਾਏਦਾਰ ਜਮਾਤ ਦੀ ਦੌਲਤ ਵਿੱਚ ਅਥਾਹ ਵਾਧਾ ਹੋਇਆ ਹੈ। ਮੌਜੂਦਾ ਹਾਲਤਾਂ ਨੂੰ ਦੇਖਦੇ ਹੋਏ ਅੱਜ ਮੁੜ ਤੋਂ ਭਗਤ ਸਿੰਘ ਹੋਰਾਂ ਦੀ ਵਿਰਾਸਤ ਨੂੰ ਮੁੜ-ਸੁਰਜੀਤ ਕਰਕੇ ਇੱਕ ਨਵੇਂ ਇਨਕਲਾਬ ਦੀ ਮਸ਼ਾਲ ਜਗਾਉਣ ਦੀ ਲੋੜ ਹੈ। ਅਜਿਹਾ ਇਨਕਲਾਬ ਜੋ ਭਗਤ ਸਿੰਘ ਦੇ ਸ਼ਬਦਾਂ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਕੇ ਕਿਰਤੀ ਲੋਕਾਂ ਦਾ ਸਵਰਾਜ ਲਿਆਵੇਗਾ।

ਇਸ ਵਿੱਚ ਹਾਜ਼ਰ ਸ੍ਰੋਤਿਆਂ ਨੇ ਵੀ ਆਪਣੇ ਵਿਚਾਰ ਰੱਖੇ ਤੇ ਸਵਾਲ-ਜਵਾਬ ਦਾ ਦੌਰ ਵੀ ਚੱਲਿਆ। ਇਸ ਵਿਚਾਰ-ਗੋਸ਼ਟੀ ਵਿੱਚ 100 ਦੇ ਕਰੀਬ ਨੌਜਵਾਨਾਂ, ਵਿਦਿਆਰਥੀਆਂ ਤੇ ਆਮ ਨਾਗਰਿਕਾਂ ਨੇ ਸ਼ਮੂਲੀਅਤ ਕੀਤੀ।

• ਪੱਤਰ ਪ੍ਰੇਰਕ


## ਅਨੁਰਾਗ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ

| | |
|---|---|
| 1. ਬਾਜ਼ ਦਾ ਗੀਤ – ਮੈਕਸਿਮ ਗੋਰਕੀ | 10 ਰੁ: |
| 2. ਬੱਸ ਇੱਕ ਯਾਦ – ਲਿਓਨਿਦ ਆਂਦਰੇਯੇਵ | 10 ਰੁ: |
| 3. ਦਾਦਾ ਅਰਖ਼ੀਪ ਤੇ ਲਿਓਨਕਾ – ਗੋਰਕੀ | 20 ਰੁ: |
| 4. ਦਾਨਕੋ ਦਾ ਬਲ਼ਦਾ ਹੋਇਆ ਦਿਲ – ਗੋਰਕੀ | 10 ਰੁ: |
| 5. ਘਰ ਦੀ ਲਲਕ – ਨਿਕੋਲਾਈ ਤੇਲੇਸ਼ੋਵ | 10 ਰੁ: |
| 6. ਗੁੱਲੀ-ਡੰਡਾ – ਪ੍ਰੇਮਚੰਦ | 10 ਰੁ: |
| 7. ਹਾਰ ਦੀ ਜਿੱਤ – ਸ਼ੁਦਰਸ਼ਨ | 10 ਰੁ: |
| 8. ਹਰਾਮੀ – ਮਿਖ਼ਾਇਲ ਸ਼ੋਲੋਖ਼ੋਵ | 20 ਰੁ: |
| 9. ਕਾਬੁਲੀਵਾਲ਼ਾ – ਰਵਿੰਦਰਨਾਥ ਟੈਗੋਰ | 10 ਰੁ: |
| 10. ਮੁਸੀਬਤ ਦਾ ਸਾਥੀ – ਸੇਰੇਗਈ ਮਿਖਾਲਕੋਵ | 10 ਰੁ: |
| 11. ਪੋਸਟਮਾਸਟਰ – ਰਵਿੰਦਰਨਾਥ ਟੈਗੋਰ | 10 ਰੁ: |
| 12. ਰਾਮਲੀਲਾ – ਪ੍ਰੇਮਚੰਦ | 10 ਰੁ: |
| 13. ਸੋਮਾਗਾ ਕਿਵੇਂ ਫੜਿਆ ਗਿਆ – ਗੋਰਕੀ | 10 ਰੁ: |
| 14. ਤੁਰਦਾ-ਫਿਰਦਾ ਟੋਪ – ਐੱਨ. ਨੋਸੋਵ | 10 ਰੁ: |
| 15. ਬੇਜਿਨ ਚਰਾਗਾਹ – ਇਵਾਨ ਤੁਰਗੇਨੇਵ | 20 ਰੁ: |
| 16. ਉਲਟਾ ਰੁੱਖ – ਕ੍ਰਿਸ਼ਨਚੰਦਰ | 35 ਰੁ: |
| 17. ਵੱਡੇ ਭਾਈ ਸਾਹਬ – ਪ੍ਰੇਮਚੰਦ | 10 ਰੁ: |
| 18. ਇੱਕ ਛੋਟੇ ਮੁੰਡੇ ਅਤੇ ਕੁੜੀ ਦੀ ਕਹਾਣੀ ਜਿਹੜੇ ਬਰਫ਼ੀਲੀ ਠੰਡ 'ਚ ਕਾਂਬੇ ਨਾਲ਼ ਮਰੇ ਨਹੀਂ – ਗੋਰਕੀ | 10 ਰੁ: |
| 19. ਇਵਾਨ (ਵਲਾਦੀਮੀਰ ਬਗਾਮੋਲੋਵ) | 35 ਰੁ: |
| 20. ਵਾਂਕਾ (ਐਂਤੋਨ ਚੇਖ਼ਵ) | 10 ਰੁ: |
| 21. ਕਿਸਮਤ ਆਪੋ-ਆਪਣੀ (ਜੈਨੇਂਦਰ) | 20 ਰੁ: |
| 22. ਕੋਹੇਕਾਫ਼ ਦਾ ਕੈਦੀ (ਲਿਓ ਤਾਲਸਤਾਏ) | 30 ਰੁ: |
| 23. ਸਦਾਨੰਦ ਦੀ ਛੋਟੀ ਦੁਨੀਆਂ (ਸੱਤਿਆਜੀਤ ਰਾਏ) | 10 ਰੁ: |
| 24. ਅਜੀਬੋ-ਗਰੀਬ ਕਿੱਸੇ (ਹੋਲਗਰ ਪੁੱਕ) | 20 ਰੁ: |
| 25. ਦੋ ਹਿੰਮਤੀ ਕਹਾਣੀਆਂ (ਹੋਲਗਰ ਪੁੱਕ) | 15 ਰੁ: |
| 26. ਨਵੇਂ ਜ਼ਮਾਨੇ ਦੀਆਂ ਪਰੀ-ਕਥਾਵਾਂ (ਹੋਲਗਰ ਪੁੱਕ) | 20 ਰੁ: |
| 27. ਅਸੀਂ ਸੂਰਜ ਨੂੰ ਵੇਖ ਸਕਦੇ ਹਾਂ (ਮਿਕੋਲ ਗਿਲ) | 10 ਰੁ: |
| 28. ਗੁਫਾ ਮਾਨਵਾਂ ਦੀਆਂ ਕਹਾਣੀਆਂ (ਮੈਰੀ ਮਾਰਸ) | 20 ਰੁ: |
| 29. ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ (ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ) | 15 ਰੁ: |
| 30. ਛੱਤ 'ਤੇ ਫਸ ਗਿਆ ਬਿੱਲਾ ਅਤੇ ਤਿੰਨ ਕਹਾਣੀਆਂ (ਵਿਤਾਉਤੇ ਜਿਲਿੰਸਕਾਈਤੇ) | 20 ਰੁ: |
| 31. ਬਹਾਦਰ (ਅਮਰਕਾਂਤ) | 10 ਰੁ: |
| 32 ਹਿਰਨੋਟਾ (ਦਮਿਤਰੀ ਮਾਮਿਨ ਸਿਬੇਰਿਆਕ) | 10 ਰੁ: |

## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕਿਤਾਬਾਂ

| | |
|---|---|
| 1. ਮੇਰਾ ਬਚਪਨ (ਮੈਕਸਿਮ ਗੋਰਕੀ) | 80 ਰੁ |
| 2. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ) | 70 ਰੁ |
| 3. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ) | 100 ਰ |
| 4. ਪ੍ਰੇਮ, ਪ੍ਰੰਪਰਾ ਅਤੇ ਵਿਦਰੋਹ (ਕਾਤਿਆਈਨੀ) | 20 ਰੁ |
| 5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬ੍ਰੈਖ਼ਤ) | 15 ਰੁ |
| 6. ਆਈਜੇਂਸਤਾਈਨ ਦਾ ਫਿਲਮ ਸਿਧਾਂਤ | 15 ਰ |
| 7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10 ਰੁ |
| 8. ਪਹਿਲਾ ਅਧਿਆਪਕ (ਚੰਗੇਜ਼ ਆਇਤਮਾਤੋਵ) | 20 ਰੁ |
| 9. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ) | 30 ਰੁ |
| 10. ਭਾਂਜ (ਅਲੈਗਜ਼ਾਂਦਰ ਫ਼ਦੇਯੇਵ) | 100 ਰੁ |
| 11. ਫੌਲਾਦੀ ਹੜ੍ਹ (ਅਲੈਗਜ਼ਾਂਦਰ ਸਰਾਫ਼ੀਮੋਵਿਚ) | 100 ਰੁ |
| 12. ਇਕਤਾਲ਼ੀਵਾਂ (ਬੋਰਿਸ ਲਵਰੇਨਿਓਵ) | 30 ਰੁ |
| 12. ਮਾਂ (ਮੈਕਸਿਮ ਗੋਰਕੀ) | 150 ਰੁ |
| 14. ਪੀਲ਼ੇ ਦੈਂਤ ਦਾ ਸ਼ਹਿਰ (ਮੈਕਸਿਮ ਗੋਰਕੀ) | 80 ਰੁ |
| 15. ਸਾਹਿਤ ਬਾਰੇ (ਮੈਕਸਿਮ ਗੋਰਕੀ) | 200 ਰੁ |
| 16. ਅਸਲੀ ਇਨਸਾਨ ਦੀ ਕਹਾਣੀ –ਬੋਰਿਸ ਪੋਲੇਵਈ | 200 ਰੁ |
| 17. ਅੱਠੇ ਪਹਿਰ (ਦੂਸਰੀ ਸੰਸਾਰ ਜੰਗ ਦੀਆਂ ਸੋਵੀਅਤ ਕਹਾਣੀਆਂ) | 125 ਰੁ |
| 18. ਬਘਿਆੜਾਂ ਦੇ ਵੱਸ | 100 ਰੁ |
| 19. ਮੀਤ੍ਰਿਆ ਕੋਕੋਰ | 100 ਰੁ |
| 20. ਫਾਂਸੀ ਦੇ ਤਖ਼ਤੇ ਤੋਂ | 40 ਰੁ. |

## ਦਸਤਕ ਪ੍ਰਕਾਸ਼ਨ ਵੱਲੋਂ ਨਵੀ ਛਪੀ ਪੁਸਤਕ




**ਸਭ ਤੋਂ ਖ਼ਤਰਨਾਕ...**

**(ਪਾਸ਼ ਦੀ ਸੰਪੂਰਨ ਉਪਲਬਧ ਸ਼ਾਇਰੀ)**


ਇਸ ਪੁਸਤਕ ਵਿੱਚ ਪਾਸ਼ ਦੀਆਂ ਪਹਿਲਾਂ ਛਪੀਆਂ ਕਵਿਤਾਵਾਂ ਸਮੇਤ ਉਸਦੀਆਂ ਅਣਛਪੀਆਂ ਕਵਿਤਾਵਾਂ, ਡਾਇਰੀਆਂ, ਚਿੱਠੀਆਂ, ਵਰਕਿਆਂ, ਯਾਦਾਂ ਤੇ ਹੋਰ ਸੋਮਿਆਂ ਵਿੱਚ ਛਪੀਆਂ ਕਵਿਤਾਵਾਂ ਨੂੰ ਪਹਿਲੀ ਵਾਰ ਇੱਕੋ ਜਿਲਦ ਵਿੱਚ ਛਾਪਿਆ ਗਿਆ ਹੈ।

**ਕੁੱਲ ਪੰਨੇ : 384 (ਸਜਿਲਦ)**

**ਕੀਮਤ - 200 ਰੁਪਏ**

**ਕਿਤਾਬਾਂ ਮੰਗਵਾਉਣ ਲਈ ਸੰਪਰਕ ਕਰੋ — ਜਨਚੇਤਨਾ (ਲੁਧਿਆਣਾ) 98155-87807**

# ਪਾਸ਼ ਦੇ ਜਨਮ ਦਿਵਸ ਮੌਕੇ



ਜਨਮ : 9 ਸਤੰਬਰ, 1950

ਸ਼ਹਾਦਤ : 23 ਮਾਰਚ, 1931

ਮੈਂ ਸਲਾਮ ਕਰਦਾ ਹਾਂ
ਆਦਮੀ ਦੇ
ਮਿਹਨਤ ਵਿੱਚ ਲੱਗੇ ਰਹਿਣ ਨੂੰ
ਮੈਂ ਸਲਾਮ ਕਰਦਾ ਹਾਂ
ਆਉਣ ਵਾਲ਼ੇ ਖੁਸ਼ਗਵਾਰ ਮੌਸਮਾਂ ਨੂੰ
ਮੁਸੀਬਤਾਂ ਨਾਲ਼ ਪਾਲ਼ੇ ਗਏ ਪਿਆਰ
ਜਦ ਸਫ਼ਲ ਹੋਣਗੇ
ਬੀਤੇ ਵੇਲ਼ਿਆਂ ਦਾ ਲਹੂ
ਜ਼ਿੰਦਗੀ ਦੀ ਧਰਤ ਤੋਂ ਚੁੱਕ ਕੇ
ਮੱਥਿਆਂ 'ਤੇ ਲਾਇਆ ਜਾਵੇਗਾ

ਫੇਸਬੁੱਕ 'ਤੇ ਸਾਡੇ ਨਾਲ਼ ਜੁੜੋ - https://www.facebook.com/lalkaar.mag

# ਜਨਚੇਤਨਾ

• ਇੱਕ ਸੱਭਿਆਚਾਰਕ ਮੁਹਿੰਮ • ਇੱਕ ਵਿਚਾਰਕ ਪ੍ਰੋਜੈਕਟ
• ਬਦਲਵੇਂ ਮੀਡੀਆ ਦਾ ਇੱਕ ਮਾਡਲ

## ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

*ਕਿਤਾਬਾਂ ਨਹੀਂ*
*ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ*
*ਕਿਤਾਬਾਂ ਨਹੀਂ*
*ਅਸੀਂ ਅਸਲੀ ਇਨਸਾਨ ਦੀ ਤਰਾਂ*
*ਜੀਣ ਦਾ ਸੰਕਲਪ ਲੈ ਕੇ ਆਏ ਹਾਂ।*
*ਅਸੀਂ ਹਾਂ ਉਮੀਦਾਂ ਦੇ ਹਰਕਾਰੇ,*
*ਅਸੀਂ ਹਾਂ ਵਿਚਾਰਾਂ ਦੇ ਡਾਕੀਏ।*

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

### ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) — 30 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) — 10 ਰੁ
3. ਭਗਤ ਸਿੰਘ ਨੇ ਕਿਹਾ... — 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) — 15 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫ਼ੈਸਰ ਬਿਪਨ ਚੰਦਰਾ) — 10 ਰੁ
6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — 10 ਰੁ
7. ਸ਼ਹੀਦ ਚੰਦਰ ਸ਼ੇਖਰ ਅਜ਼ਾਦ (ਭਗਵਾਨ ਦਾਸ ਮਹੌਰ) — 10 ਰੁ
8. ਗਦਰੀ ਸੂਰਬੀਰ (ਰਣਧੀਰ ਸਿੰਘ) — 10 ਰੁ
9. ਸ਼ਹੀਦ ਸੁਖਦੇਵ — 20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ — 05 ਰੁ
11. ਨੌਜਵਾਨਾਂ ਨਾਲ਼ ਦੋ ਗੱਲਾਂ — 10 ਰੁ

### ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ — 10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ — 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ — 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ — 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ — 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ — 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) — 15 ਰੁ
8. ਜੰਗਲਨਾਮਾ-ਇੱਕ ਰਾਜਨੀਤਿਕ ਪੜਚੋਲ (ਸੁਖਵਿੰਦਰ) — 10 ਰੁ
9. 'ਲਾਲ ਪਰਚਮ' ਅਤੇ 'ਪ੍ਰਤੀਬੱਧ' ਦਰਮਿਆਨ ਘਰਾਂ ਦੇ ਸਵਾਲ 'ਤੇ ਬਹਿਸ — 50 ਰੁ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ — 10 ਰੁ
11. ਸਮਾਜਵਾਦ ਦੀਆਂ ਸਮੱਸਿਆਵਾਂ,ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ — 20 ਰੁ
12. ਕਿਉਂ ਮਾਓਵਾਦ ? — 10 ਰੁ
13. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ — 20 ਰੁ
14. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ — 10 ਰੁ
15. ਚੋਰ, ਭ੍ਰਸ਼ਟ, ਅੱਯਾਸ਼ ਨੇਤਾਸ਼ਾਹੀ — 05 ਰ
16. ਬੋਲਦੇ ਅੰਕੜੇ ਚੀਕਦੀਆਂ ਸੱਚਾਈਆਂ — 05 ਰੁ
17. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) — 60 ਰੁ
18. ਫਾਸੀਵਾਦ ਕੀ ਹੈ ਅਤੇ ਇਸ ਨਾਲ਼ ਕਿਵੇਂ ਲੜੀਏ ? — 15 ਰੁ
18. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) — 20 ਰੁ
20. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇ. ਹਬੀਬ) — 10 ਰੁ
21. ਆਈਨਸਟੀਨ ਦੇ ਸਮਾਜਿਕ ਸਰੋਕਾਰ — 10 ਰੁ
22. ਡਾ. ਅੰਬੇਡਕਰ ਜੀਵਨ ਅਤੇ ਵਿਚਾਰ — 10 ਰੁ
23. ਭਾਰਤ ਵਿੱਚ ਗਿਆਨ ਪ੍ਰਸਾਰ ਦੀ ਲੋੜ ਕਿਉ ? (ਸੁਖਵਿੰਦਰ) — 15 ਰੁ
24. ਵਧਦੀ-ਅਬਾਦੀ ਬਨਾਮ ਗਰੀਬੀ-ਬੇਰੁਜ਼ਗਾਰੀ — 15 ਰੁ
25. ਯੁੱਗ ਕਿਵੇਂ ਬਦਲਦੇ ਹਨ ? (ਡਾ. ਅਮ੍ਰਿਤ) — 10 ਰੁ
26. ਸੋਧਵਾਦ ਬਾਰੇ — 05 ਰੁ

**ਕਿਤਾਬਾਂ ਮੰਗਵਾਉਣ ਲਈ ਪਤਾ :** ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ, ਰਾਏਕੋਟ, ਜਿਲ੍ਹਾ-ਲੁਧਿਆਣਾ, 141109,
ਜਨਚੇਤਨਾ, ਦੁਕਾਨ ਨੰ.8, ਪੰਜਾਬੀ ਭਵਨ ਲੁਧਿਆਣਾ
ਫੋਨ : 98155-87807, ਈਮੇਲ : janchetnapb@gmail.com